SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 23
September 13, 2023

Postal Address
Desh Doaba
5101 Doe Hollow Pl., Antelope, CA-95843


www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਤੀਜੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਜੀ ਦੇ ਜੋਤੀ-ਜੋਤ ਦਿਵਸ ਨੂੰ ਸਮਰਪਿਤ ਵਿਸ਼ੇਸ਼ ਲੇਖ ਅੰਦਰ ਦੇਖੋ।



ਸਿੱਖ ਕੌਮ ਦੇ ਮਹਾਨ ਵਿਦਵਾਨ, ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦੀ ਬਰਸੀ ਤੇ ਵਿਸ਼ੇਸ਼ ਡਾ. ਇੰਦਰਜੀਤ ਸਿੰਘ ਗੋਗੋਆਣੀ ਦੇ ਵਿਸ਼ੇਸ਼ ਲੇਖ ਅੰਦਰ ਦੇਖੋ।

### ਜੀ-20 ਦਾ ਸਭ ਤੋਂ ਵੱਡਾ ਫੈਸਲਾ

## ਕੀ ਹੈ ਭਾਰਤ-ਮੱਧ ਪੂਰਬ-ਯੂਰਪ, ਅਮਰੀਕਾ ਆਰਥਿਕ ਕੋਰੀਡੋਰ

**ਨਵੀ ਦਿੱਲੀ (ਬਿਊਰੋ)**– ਨਵੇਂ ਆਰਥਿਕ ਗਲਿਆਰੇ, ਜਿਸ ਨੂੰ ਬਹੁਤ ਸਾਰੇ ਚੀਨ ਦੇ ਬੈਲਟ ਐਂਡ ਰੋਡ ਇਨੀਸ਼ੀਏਟਿਵ ਦੇ ਬਦਲ ਵਜੋਂ ਦੇਖਦੇ ਹਨ, ਦਾ ਐਲਾਨ ਭਾਰਤ, ਸੰਯੁਕਤ ਰਾਜ, ਸਾਊਦੀ ਅਰਬ, ਯੂਰਪੀਅਨ ਯੂਨੀਅਨ ਅਤੇ ਚਾਰ ਹੋਰ ਦੇਸ਼ਾਂ ਦੇ ਨੇਤਾਵਾਂ ਦੁਆਰਾ 9 ਸਤੰਬਰ ਨੂੰ ਜੀ-20 ਸਿਖਰ ਸੰਮੇਲਨ ਦੇ ਮੌਕੇ ਸਾਂਝੇ ਤੌਰ 'ਤੇ ਕੀਤਾ ਗਿਆ ਸੀ। ਇਸ IMEC ਪ੍ਰਾਜੈਕਟ ਦੇ ਜ਼ਰੀਏ, ਮੈਂਬਰ ਦੇਸ਼ ਏਸ਼ੀਆ, ਅਰਬ ਦੀ ਖਾੜੀ ਅਤੇ ਯੂਰਪ ਵਿਚਕਾਰ ਆਰਥਿਕ ਵਿਕਾਸ ਸਥਾਪਤ ਕਰਨ ਦੀ ਉਮੀਦ ਕਰ ਰਹੇ ਹਨ। ਇੱਥੇ ਭਾਰਤ, ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ, ਜਾਰਡਨ, ਇਜ਼ਰਾਈਲ ਅਤੇ ਯੂਰਪ ਦੇ ਵਿਚਕਾਰ ਭਰੋਸੇਯੋਗ ਅਤੇ ਲਾਗਤ-ਪ੍ਰਭਾਵਸ਼ਾਲੀ ਸੀਮਾ-ਪਾਰ ਸਮੁੰਦਰੀ ਜਹਾਜ਼ ਤੋਂ ਰੇਲ ਆਵਾਜਾਈ ਪ੍ਰਦਾਨ ਕਰੇਗਾ। ਮੱਧ ਪੂਰਬ ਅਤੇ ਯੂਰਪ ਦੋਵੇਂ ਭਾਰਤ ਲਈ ਪ੍ਰਮੁੱਖ ਬਾਜ਼ਾਰ ਹਨ ਜੋ ਵਿਸ਼ਵ ਪੱਧਰ 'ਤੇ ਇਸਦੀ ਮੁਕਾਬਲੇਬਾਜ਼ੀ ਨੂੰ ਬਹੁਤ ਵਧਾਏਗਾ।




ਭਾਰਤ, ਸਾਊਦੀ ਅਰਬ, ਯੂਰਪੀਅਨ ਯੂਨੀਅਨ, ਸੰਯੁਕਤ ਅਰਬ ਅਮੀਰਾਤ, ਫਰਾਂਸ, ਜਰਮਨੀ, ਇਟਲੀ ਅਤੇ ਸੰਯੁਕਤ ਰਾਜ ਇਸ ਦੇ ਮੈਂਬਰ ਹਨ। (ਬਾਕੀ ਸਫਾ 4 'ਤੇ)

# ਲੀਬੀਆ 'ਚ ਭਿਆਨਕ ਹੜ੍ਹਾਂ ਨੇ ਮਚਾਈ ਤਬਾਹੀ

## ਤਬਾਹੀ ਅਜਿਹੀ ਕਿ ਲੋਕਾਂ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਮਿਲਿਆ

**ਤ੍ਰਿਪੋਲੀ (ਬਿਊਰੋ)**– ਲੀਬੀਆ ਵਿੱਚ ਸੁਨਾਮੀ ਵਰਗੇ ਹੜ੍ਹਾਂ ਨੇ ਤਬਾਹੀ ਮਚਾ ਦਿੱਤੀ ਹੈ ਅਤੇ ਬਚਾਅ ਟੀਮਾਂ ਇਨ੍ਹਾਂ ਹੜ੍ਹਾਂ 'ਚ ਵਹਿ ਜਾਣ ਵਾਲ਼ਿਆਂ ਦੀਆਂ ਲਾਸ਼ਾਂ ਨੂੰ ਕੱਢਣ ਲਈ ਜੂਝ ਰਹੀਆਂ ਹਨ। ਹੜ੍ਹਾਂ ਨਾਲ਼ ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਸ਼ਹਿਰ ਡੇਰਨਾ ਦੀ ਐਂਬੂਲੈਂਸ ਅਥਾਰਟੀ ਮੁਤਾਬਕ ਹੁਣ ਤੱਕ ਇਨ੍ਹਾਂ ਹੜ੍ਹਾਂ ਵਿੱਚ 5000 ਲੋਕ ਜਾਨਾਂ ਗਵਾ ਚੁੱਕੇ ਹਨ। ਪਾਣੀ ਇੰਨੀ ਤੇਜ਼ੀ ਨਾਲ ਆਇਆ ਕਿ ਡੇਰਨਾ ਵਿੱਚ ਦੋ ਬੰਨ੍ਹ ਅਤੇ ਚਾਰ ਪੁਲ਼ ਤਬਾਹ ਹੋ ਚੁੱਕੇ ਹਨ। ਐਤਵਾਰ ਨੂੰ ਆਏ ਡੇਨੀਅਲ ਤੂਫ਼ਾਨ ਕਾਰਨ ਸ਼ਹਿਰ ਦਾ ਬਹੁਤਾ ਹਿੱਸਾ ਪਾਣੀ ਵਿੱਚ ਡੁੱਬਿਆ ਹੋਇਆ ਹੈ। ਬਚਾਅ ਕਾਰਜਾਂ ਵਿੱਚ ਲੱਗੀ ਰੈੱਡ ਕਰੈਸੈਂਟ ਮੁਤਾਬਕ ਲਗਭਗ 10,000 ਲੋਕਾਂ ਦਾ ਕੋਈ ਥਹੁ-ਪਤਾ ਨਹੀਂ ਹੈ। ਮੌਤਾਂ ਦੀ ਗਿਣਤੀ ਵਧਣ ਦਾ ਵੀ ਪੂਰਾ ਖ਼ਦਸ਼ਾ ਹੈ। ਹਾਲਾਂਕਿ ਇਸ ਬਿਪਤਾ ਦੀ ਘੜੀ ਵਿੱਚ ਲੀਬੀਆ ਨੂੰ ਮਿਸਰ ਸਮੇਤ ਹੋਰ ਦੇਸ਼ਾਂ ਤੋਂ ਵੀ ਵਿਦੇਸ਼ੀ ਮਦਦ ਵੀ ਮਿਲਣੀ ਸ਼ੁਰੂ ਹੋ ਗਈ ਹੈ। ਜਦਕਿ ਦੋ ਵਿਰੋਧੀ ਸਰਕਾਰਾਂ ਦਰਮਿਆਨ ਜਾਰੀ ਸੰਘਰਸ਼ ਕਾਰਨ ਬਚਾਅ ਕਾਰਜਾਂ ਵਿੱਚ ਦਿੱਕਤ ਵੀ ਆ ਰਹੀ ਹੈ। ਅਮਰੀਕਾ, ਜਰਮਨੀ, ਇਰਾਨ, ਇਟਲੀ, ਕਤਰ, ਅਤੇ ਤੁਰਕੀ ਉਨ੍ਹਾਂ ਦੇਸ਼ਾਂ ਵਿੱਚੋਂ ਹਨ, ਜਿਨ੍ਹਾਂ ਨੇ ਜਾਂ ਤਾਂ ਕਿਹਾ ਹੈ ਕਿ ਉਹ ਮਦਦ ਭੇਜਣ ਲਈ ਤਿਆਰ ਹਨ ਜਾਂ ਭੇਜ ਚੁੱਕੇ ਹਨ। ਸ਼ਹਿਰ ਦੀਆਂ ਗ਼ਲੀਆਂ-ਸੜਕਾਂ ਵਿੱਚ ਵਗਦੇ ਹੜ੍ਹਾਂ ਦੇ ਪਾਣੀ ਵਿੱਚ ਕਾਰਾਂ-ਗੱਡੀਆਂ ਰਬੜ ਦੇ ਖਿਡੌਣਿਆਂ ਵਾਂਗ ਵਹਿ ਰਹੀਆਂ ਹਨ।



ਦਿਲ ਦਹਿਲਾ ਦੇਣ ਵਾਲ਼ੀਆਂ ਕਹਾਣੀਆਂ ਹਨ ਕਿ ਲੋਕ ਸਮੁੰਦਰ ਵਿੱਚ ਰੁੜ ਗਏ ਜਦਕਿ ਕੁਝ ਆਪਣੀ ਜਾਨ ਬਚਾਉਣ ਲਈ ਬਨੇਰਿਆਂ ਨੂੰ ਚਿੰਬੜ ਗਏ। ਹਿਸ਼ਮ ਚਿਕੀਓਤ ਜੋ ਕਿ ਲੀਬੀਆ ਦੀ ਈਸਟਰਨ-ਬੇਸਡ ਸਰਕਾਰ ਨਾਲ ਵਾਬਸਤਾ ਹਨ, ਨੇ ਕਿਹਾ, "ਜੋ ਦੇਖਿਆ ਮੈਂ ਉਸ ਤੋਂ ਹੈਰਾਨ ਹਾਂ, ਇਹ ਸੁਨਾਮੀ ਵਰਗਾ ਸੀ।" ਉਨ੍ਹਾਂ ਨੇ ਦੱਸਿਆ ਕਿ ਦੱਖਣੀ ਡੇਰਨਾ ਵਿੱਚ ਇੱਕ ਬੰਨ੍ਹ ਦੇ ਟੁੱਟ ਜਾਣ ਕਾਰਨ ਸ਼ਹਿਰ ਦਾ ਵੱਡਾ ਹਿੱਸਾ ਉਸ ਵਿੱਚ ਰੁੜ੍ਹ ਗਿਆ। ਉਨ੍ਹਾਂ ਕਿਹਾ, "ਇੱਕ ਬਹੁਤ ਵੱਡੀ ਅਬਾਦੀ ਤਬਾਹ ਹੋ ਗਈ ਹੈ। ਬਹੁਤ ਵੱਡੀ ਗਿਣਤੀ ਵਿੱਚ ਪੀੜਤ ਹਨ, ਜਿਨ੍ਹਾਂ ਦੀ ਗਿਣਤੀ ਹਰ ਘੰਟੇ ਵਧ ਰਹੀ ਹੈ।" ਇੱਕ ਵਿਅਕਤੀ ਨੇ ਦੱਸਿਆ ਕਿ ਸ਼ਹਿਰ ਦੀਆਂ ਕਈ ਮੁੱਖ ਸੜਕਾਂ ਦਾ "ਬਹੁਤ ਜ਼ਿਆਦਾ ਨੁਕਸਾਨ ਹੋਣ ਕਾਰਨ" ਬਚਾਅ ਕਰਮੀਆਂ ਲਈ ਡੇਰਨਾ ਤੱਕ ਪਹੁੰਚਣਾ ਬਹੁਤ ਮੁਸ਼ਕਲ ਸੀ। ਹੜ੍ਹਾਂ ਦੀ ਇੰਨੀ ਭਿਆਨਕ ਮਾਰ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਇੱਕ ਜਾਂਚ ਬਿਠਾ ਦਿੱਤੀ ਗਈ ਹੈ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਸੋਹੰ ਹਰਿ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸਤੰਬਰ-ਅਕਤੂਬਰ 2023 ਦੇ ਸਮਾਗਮ





**17 ਸਤੰਬਰ 2023, ਦਿਨ ਐਤਵਾਰ-**
ਲੰਗਰ ਦੀ ਸੇਵਾ ਲਈ ਤਾਰੀਖ ਖਾਲੀ ਹੈ।
(ਕੋਈ ਵੀ ਪਰਿਵਾਰ ਸੇਵਾ ਲੈ ਸਕਦਾ ਹੈ)

**24 ਸਤੰਬਰ 2023, ਦਿਨ ਐਤਵਾਰ-**
ਲੰਗਰ ਦੀ ਸੇਵਾ ਲਈ ਤਾਰੀਖ ਖਾਲੀ ਹੈ ਜੀ
(ਕੋਈ ਵੀ ਪਰਿਵਾਰ ਸੇਵਾ ਲੈ ਸਕਦਾ ਹੈ)

**1 ਅਕਤੂਬਰ 2023, ਦਿਨ ਐਤਵਾਰ-** ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਸੇਵਾ, ਸੱਤਿਆ ਦਾਸ ਜੀ ਦੇ ਪਰਿਵਾਰ ਵੱਲੋਂ, ਪਰਿਵਾਰ ਦੀ ਚੜ੍ਹਦੀ ਕਲਾ ਦੇ ਸਬੰਧ ਵਿਚ ਹੈ ਜੀ।

**6 ਅਕਤੂਬਰ 2023, ਦਿਨ ਸ਼ੁੱਕਰਵਾਰ-** ਧੰਨ ਧੰਨ ਰਾਜਾ ਨਾਭ ਸਾਹਿਬ ਜੀ ਦੀ 83ਵੀਂ ਬਰਸੀ ਸਬੰਧ ਵਿਚ- ਜ਼ੈਲਾ ਜੱਗੀ ਤੇ ਸੁੱਚਾ ਸਿੰਘ ਰਾਏਪੁਰ, ਪਰਿਵਾਰਾਂ ਵੱਲੋਂ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ।

**7 ਅਕਤੂਬਰ 2023, ਦਿਨ ਸ਼ਨਿਚਰਵਾਰ-** ਸ਼ਾਮ ਨੂੰ ਦੀਵਾਨ ਸਜਣਗੇ, ਜਿਸ ਵਿਚ ਗੁਰੂ ਘਰ ਦਾ ਜਥਾ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਅਤੇ ਉਹਨਾਂ ਦਾ ਜਥਾ ਕਥਾ, ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ, ਉਪਰੰਤ ਪੰਥਕ ਢਾਡੀ ਜਥਾ ਸੁਖਵਿੰਦਰ ਸਿੰਘ ਅਨਮੋਲ ਜੀ ਦਾ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਜੀ ਤੇ ਅਗਲੇ ਦਿਨ-

**8 ਅਕਤੂਬਰ 2023, ਦਿਨ ਐਤਵਾਰ-** ਸਵੇਰੇ 10 ਵਜੇ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਭਾਈ ਬਲਵਿੰਦਰ ਸਿੰਘ ਜੀ ਦਾ ਜਥਾ ਕਥਾ ਅਤੇ ਕੀਰਤਨ ਦੁਆਰਾ ਅਤੇ ਪੰਥਕ ਢਾਡੀ ਜਥਾ ਸੁਖਵਿੰਦਰ ਸਿੰਘ ਅਨਮੋਲ ਜੀ ਅਤੇ ਉਹਨਾਂ ਦਾ ਜਥਾ ਢਾਡੀ ਵਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਤਿੰਨੋ ਦਿਨ ਲੰਗਰ ਅਤੁੱਟ ਵਰਤੇਗਾ ਜੀ।

**15 ਅਕਤੂਬਰ 2023, ਦਿਨ ਐਤਵਾਰ-** ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਬਲਿਹਾਰ ਸਿੰਘ ਜੀ, ਗਰਚਾ ਸਮੂਹ ਪਰਿਵਾਰ ਵੱਲੋਂ ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਤੇ ਪਰਿਵਾਰ ਦੀ ਚੜ੍ਹਦੀ ਕਲਾ ਦੇ ਸਬੰਧ ਵਿਚ ਹੈ ਜੀ। ਭਾਈ ਬਲਵਿੰਦਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।

## ਸ੍ਰੀ ਗੁਰੂ ਰਵਿਦਾਸ ਟੈਂਪਲ (ਪਿਟਸਬਰਗ)
## ਸਮੂਹ ਪ੍ਰਬੰਧਕ ਕਮੇਟੀ ਅਤੇ ਭਾਈ ਬਲਵਿੰਦਰ ਸਿੰਘ ਜੀ 925-439-2355

**Sangat Sewadars** www.sriguruavidasstemple.com

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

### ਕੋਨਾਰਕ ਤੋਂ ਨਾਲੰਦਾ

# ਜੀ-20 ਸਿਖਰ ਸੰਮੇਲਨ ਵਿੱਚ ਭਾਰਤ ਦੀ ਭਵਨ ਨਿਰਮਾਣ ਕਲਾ ਨਾਲ ਜੁੜੀ ਵਿਰਾਸਤ ਦਿੱਸੀ

**ਨਵੀਂ ਦਿੱਲੀ-** ਜੀ-20 ਸਿਖਰ ਵਾਰਤਾ ਦੇ ਵੈਨਿਊ 'ਭਾਰਤ ਮੰਡਪਮ' ਵਿੱਚ ਉੜੀਸਾ ਦੇ 13ਵੀਂ ਸਦੀ ਦੇ ਕੋਨਾਰਕ ਮੰਦਿਰ ਤੋਂ ਲੈ ਕੇ ਬਿਹਾਰ ਦੀ ਪ੍ਰਾਚੀਨ ਨਾਲੰਦਾ ਯੂਨੀਵਰਸਿਟੀ ਤੱਕ ਭਾਰਤ ਦੀ ਅਮੀਰ ਭਵਨ ਨਿਰਮਾਣ ਕਲਾ ਦੀ ਵਿਰਾਸਤ 'ਤੇ ਰੌਸ਼ਨੀ ਪਾਈ ਗਈ। ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿੱਚਰਵਾਰ ਰਾਤ ਨੂੰ ਜੀ-20 ਸਮੂਹ ਵਿੱਚ ਸ਼ਾਮਲ ਮੈਂਬਰ ਮੁਲਕਾਂ ਦੇ ਆਗੂਆਂ ਤੇ ਹੋਰਨਾਂ ਮਹਿਮਾਨਾਂ ਦਾ ਸ਼ਨਿੱਚਰਵਾਰ ਰਾਤ ਨੂੰ ਭਾਰਤ ਮੰਡਪਮ ਵਿੱਚ ਰੱਖੇ ਰਾਤਰੀ ਭੋਜ ਲਈ ਸਵਾਗਤ ਕੀਤਾ। ਇਸ ਮੌਕੇ ਪਿਛੋਕੜ ਵਿਚ ਪੁਰਾਤਨ ਨਾਲੰਦਾ ਯੂਨੀਵਰਸਿਟੀ, ਜਿਸ ਨੂੰ ਯੂਨੈਸਕੋ ਨੇ ਵਿਸ਼ਵ ਵਿਰਾਸਤੀ ਸਾਈਟ ਐਲਾਨਿਆ ਹੋਇਆ ਹੈ, ਦੀ ਰਿਪਲਿਕਾ ਮੌਜੂਦ ਸੀ। ਨਾਲੰਦਾ ਵਿਸ਼ਵ ਦੀਆਂ ਸਭ ਤੋਂ ਪੁਰਾਣੀਆਂ ਯੂਨੀਵਰਸਿਟੀਆਂ 'ਚੋਂ ਇਕ ਹੈ। ਸ੍ਰੀ ਮੋਦੀ ਨੇ ਮਹਿਮਾਨਾਂ ਵਿੱਚ ਸ਼ਾਮਲ ਯੂਕੇ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਸਣੇ ਹੋਰਨਾਂ ਨੂੰ ਇਸ ਯੂਨੀਵਰਸਿਟੀ ਦੀ ਅਹਿਮੀਅਤ ਬਾਰੇ ਵੀ ਦੱਸਿਆ। ਸ਼ਾਮ ਦੀ ਰਿਸੈਪਸ਼ਨ ਲਈ ਜੇਕਰ ਨਾਲੰਦਾ ਨੂੰ ਪਿਛੋਕੜ ਵਿੱਚ ਰੱਖਿਆ ਗਿਆ ਸੀ ਤਾਂ ਸਵੇਰ ਦੇ ਸਮਾਗਮ ਵਿਚ ਉੜੀਸਾ ਦੇ ਕੋਨਾਰਕ ਵਿਚ ਸੂਰਿਆ ਮੰਦਰ ਦੀ ਸੁੰਦਰ ਤਸਵੀਰ ਨੂੰ ਦਰਸਾਇਆ ਗਿਆ ਸੀ। ਕੋਨਾਰਕ ਦਾ ਸੂਰਿਆ ਮੰਦਰ 13ਵੀਂ ਸਦੀ ਵਿੱਚ ਬਣਾਇਆ ਗਿਆ ਸੀ ਤੇ ਇਹ ਮੰਦਰ ਵੀ ਯੂਨੈਸਕੋ ਦੀ ਵਿਸ਼ਵ ਵਿਰਾਸਤੀ ਸੂਚੀ ਵਿੱਚ ਸ਼ਾਮਲ ਹੈ।







**ਮੁਰਮੂ ਤੇ ਮੋਦੀ ਵੱਲੋਂ ਰਾਤਰੀ ਭੋਜ 'ਚ ਜੀ20 ਦੇ ਆਗੂਆਂ ਦਾ ਸਵਾਗਤ**

ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਇੱਥੇ ਸੰਮੇਲਨ ਵਾਲੀ ਥਾਂ 'ਤੇ ਭਾਰਤ ਮੰਡਪਮ ਵਿੱਚ ਸ਼ਾਨਦਾਰ ਰਾਤਰੀ ਭੋਜ 'ਚ ਜੀ20 ਦੇ ਆਗੂਆਂ ਤੇ ਡੈਲੀਗੇਟਾਂ ਦਾ ਸਵਾਗਤ ਕੀਤਾ। ਰਾਤਰੀ ਭੋਜ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਇਕ ਮੰਚ 'ਤੇ ਮਹਿਮਾਨਾਂ ਦਾ ਸਵਾਗਤ ਕੀਤਾ, ਜਿਸ ਦੇ ਪਿਛੋਕੜ ਵਿੱਚ ਬਿਹਾਰ ਦੀ ਨਾਲੰਦਾ ਯੂਨੀਵਰਸਿਟੀ ਦੇ ਪੁਰਾਤਨ ਅੰਸ਼ ਅਤੇ ਭਾਰਤ ਦੀ ਪ੍ਰਧਾਨਗੀ ਵਿੱਚ ਜੀ20 ਦੇ ਥੀਮ 'ਵਾਸੂਧੈਵ ਕੁਟੁੰਬਕਮ - ਇਕ ਧਰਤੀ, ਇਕ ਪਰਿਵਾਰ, ਇਕ ਭਵਿੱਖ' ਨੂੰ ਦਰਸਾਇਆ ਗਿਆ ਸੀ।

ਨਾਲੰਦਾ ਯੂਨੀਵਰਸਿਟੀ ਦੇ ਪੁਰਾਤਨ ਅੰਸ਼ ਯੂਨੈਸਕੋ ਦੀ ਵਿਸ਼ਵ ਧਰੋਹਰ ਦੀ ਸੂਚੀ ਵਿੱਚ ਸ਼ਾਮਲ ਹਨ। ਇਹ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਯੂਨੀਵਰਸਿਟੀਆਂ 'ਚੋਂ ਇਕ ਸੀ। ਰਾਸ਼ਟਰਪਤੀ ਮੁਰਮੂ ਭਾਰਤ ਮੰਡਪਮ ਵਿੱਚ ਜੀ20 ਆਗੂਆਂ, ਕੌਮਾਂਤਰੀ ਡੈਲੀਗੇਟਾਂ ਅਤੇ ਹੋਰ ਸ਼ਖ਼ਸੀਅਤਾਂ ਲਈ ਰਸਮੀ ਰਾਤਰੀ ਭੋਜ ਦੀ ਮੇਜ਼ਬਾਨੀ ਕਰ ਰਹੇ ਸਨ। ਨਵੇਂ ਬਣੇ ਕੌਮਾਂਤਰੀ ਸੰਮੇਲਨ ਤੇ ਪ੍ਰਦਰਸ਼ਨੀ ਕੇਂਦਰ ਅਤੇ ਇਸ ਤੋਂ ਬਾਅਦ ਹਰੇ-ਭਰੇ ਲਾਅਨ ਰਾਤ ਵਿੱਚ ਰੰਗੀਨ ਰੋਸ਼ਨੀ ਨਾਲ ਰੁਸਨਾਉਂਦੇ ਨਜ਼ਰ ਆਏ ਅਤੇ ਇਸ ਦੇ ਫੁਹਾਰਿਆਂ ਤੇ ਅਤਿ-ਆਧੁਨਿਕ ਇਮਾਰਤ ਦੇ ਸਾਹਮਣੇ ਰੱਖੀ 'ਨਟਰਾਜ' ਦੀ ਮੂਰਤੀ ਨੇ ਰਾਤਰੀ ਭੋਜ ਵਾਲੀ ਜਗ੍ਹਾ ਨੂੰ ਹੋਰ ਵੀ ਸੁੰਦਰ ਬਣਾ ਦਿੱਤਾ। ਪਹਿਲਾਂ ਪਹੁੰਚਣ ਵਾਲਿਆਂ ਵਿੱਚ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨੀਓ ਗੁਟੇਰੇਜ਼, ਭਾਰਤੀ ਰਵਾਇਤੀ ਪੁਸ਼ਾਕ ਸਲਵਾਰ-ਕੁੜਤਾ ਪਹਿਨੇ ਹੋਏ ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਦੀ ਪ੍ਰਬੰਧ ਨਿਰਦੇਸ਼ਕ ਤੇ ਚੇਅਰਮੈਨ ਕ੍ਰਿਸਟਲੀਨਾ ਜੌਰਜੀਵਾ, ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ ਅਤੇ ਉਨ੍ਹਾਂ ਦੀ ਪਤਨੀ ਰਿਤੂ ਬੰਗਾ ਤੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਪ੍ਰਗਤੀ ਮੈਦਾਨ ਵਿੱਚ ਸ਼ਾਮਲ ਸਨ। ਜੀ20 ਸੰਮੇਲਨ ਸ਼ਨਿਚਰਵਾਰ ਨੂੰ ਭਾਰਤ ਮੰਡਪਮ ਵਿੱਚ ਸ਼ੁਰੂ ਹੋਇਆ ਅਤੇ ਇਹ ਐਤਵਾਰ ਨੂੰ ਸਮਾਪਤ ਹੋਵੇਗਾ।ਇਸ ਦੌਰਾਨ ਰਾਸ਼ਟਰਪਤੀ ਮੁਰਮੂ ਅਤੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਮੰਚ 'ਤੇ ਇਕ-ਦੂਜੇ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਦੌਰਾਨ ਮਹਿਮਾਨਾਂ ਨੂੰ ਵਿਭਿੰਨ ਰਸੋਈ ਪਰੰਪਰਾ ਦਰਸਾਉਂਦੇ ਵੱਖ-ਵੱਖ ਤਰ੍ਹਾਂ ਦੇ ਪਕਵਾਨ ਵਰਤਾਏ ਗਏ।

ਰਾਸ਼ਟਰ ਮੁਖੀਆਂ ਦੀਆਂ ਪਤਨੀਆਂ ਨੂੰ ਦੁਪਹਿਰ ਦਾ ਭੋਜਨ ਪਰੋਸਿਆ: ਜੀ-20 ਸਿਖਰ ਸੰਮੇਲਨ 'ਚ ਸ਼ਾਮਲ ਹੋਏ ਵੱਖ ਵੱਖ ਦੇਸ਼ਾਂ ਦੇ ਆਗੂਆਂ ਦੀਆਂ ਪਤਨੀਆਂ ਤੇ ਪ੍ਰਥਮ ਮਹਿਲਾਵਾਂ ਨੂੰ ਅੱਜ ਇਥੇ ਜੈਪੁਰ ਹਾਊਸ ਵਿੱਚ ਦੁਪਹਿਰ ਦਾ ਭੋਜਨ ਪਰੋਸਿਆ ਗਿਆ। ਭੋਜਨ ਦੀਆਂ ਕਈ ਵੰਨਗੀਆਂ ਮੋਟੇ ਅਨਾਜ (ਜਵਾਰ, ਬਾਜਰਾ) ਨਾਲ ਤਿਆਰ ਕੀਤੀਆਂ ਗਈਆਂ ਸਨ। ਸੂਤਰਾਂ ਅਨੁਸਾਰ ਭੋਜਨ ਉਪਰੰਤ ਉਨ੍ਹਾਂ ਨੂੰ ਰਾਸ਼ਟਰੀ ਆਧੁਨਿਕ ਕਲਾ ਮਿਊਜ਼ੀਅਮ (ਐੱਨਜੀਐੱਮਏ) ਵਿੱਚ ਲਗਾਈ ਗਈ ਕਲਾਕ੍ਰਿਤਾਂ ਦੀ ਪ੍ਰਦਰਸ਼ਨੀ ਵੀ ਦਿਖਾਈ ਗਈ। ਇਹ ਪ੍ਰਦਰਸ਼ਨੀ ਵਿਸ਼ੇਸ਼ ਤੌਰ 'ਤੇ ਇਨ੍ਹਾਂ ਅਹਿਮ ਮਹਿਮਾਨਾਂ ਲਈ ਲਗਾਈ ਗਈ ਸੀ।

**ਨਵੀਂ ਦਿੱਲੀ ਐਲਾਨਨਾਮਾ ਸਰਬਸੰਮਤੀ ਨਾਲ ਪ੍ਰਵਾਨ**

* ਯੂਕਰੇਨ ਜੰਗ ਸਣੇ ਪੇਸ਼ ਸਾਰੇ ਮਤਿਆਂ ਨੂੰ ਦਿੱਤੀ ਪ੍ਰਵਾਨਗੀ
* ਸਾਰੇ ਦੇਸ਼ਾਂ ਨੂੰ ਖੇਤਰੀ ਅਖੰਡਤਾ ਤੇ ਪ੍ਰਭੂਸੱਤਾ ਦੇ ਸਿਧਾਂਤ ਕਾਇਮ ਰੱਖਣ ਦਾ ਸੱਦਾ
* ਪੈਰਿਸ ਜਲਵਾਯੂ ਸਮਝੌਤੇ ਦੇ ਟੀਚਿਆਂ ਲਈ 5.9 ਖਰਬ ਡਾਲਰ ਦੀ ਲੋੜ
* ਧਾਰਮਿਕ ਨਫ਼ਰਤ ਵਾਲੀਆਂ ਕਾਰਵਾਈਆਂ ਦੀ ਨਿਖੇਧੀ
* ਅਫਰੀਕੀ ਯੂਨੀਅਨ ਨੂੰ ਜੀ-20 ਸਮੂਹ ਦਾ ਸਥਾਈ ਮੈਂਬਰ ਬਣਾਇਆ

ਜੀ-20 ਸਿਖਰ ਸੰਮੇਲਨ 'ਚ ਭਾਰਤ ਨੂੰ ਅੱਜ ਇੱਕ ਵੱਡੀ ਕੂਟਨੀਤਕ ਕਾਮਯਾਬੀ ਹਾਸਲ ਹੋਈ ਜਦੋਂ ਰੂਸ-ਯੂਕਰੇਨ ਜੰਗ 'ਤੇ ਵਖਰੇਵਿਆਂ ਦੇ ਬਾਵਜੂਦ ਇਸ ਪ੍ਰਭਾਵਸ਼ਾਲੀ ਸਮੂਹ ਦੇ ਮੈਂਬਰ ਮੁਲਕਾਂ ਨੇ ਐਲਾਨਨਾਮੇ (ਨਵੀਂ ਦਿੱਲੀ ਲੀਡਰਜ਼ ਸਮਿਟ ਡੈਕਲੇਰੇਸ਼ਨ) ਨੂੰ ਸਰਬ ਸਹਿਮਤੀ ਨਾਲ ਪ੍ਰਵਾਨ ਕਰ ਲਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਐਲਾਨ ਵੀ ਕੀਤਾ ਕਿ ਅਫਰੀਕਨ ਯੂਨੀਅਨ ਨੂੰ ਜੀ-20 ਦਾ ਸਥਾਈ ਮੈਂਬਰ ਬਣਾ ਲਿਆ ਗਿਆ ਹੈ। ਇਹ ਕਹਿੰਦਿਆਂ ਕਿ 'ਅੱਜ ਦਾ ਯੁੱਗ ਜੰਗ ਦਾ ਨਹੀਂ ਹੋਣਾ ਚਾਹੀਦਾ' ਭਾਰਤ ਦੀ ਅਗਵਾਈ ਹੇਠ ਨਵੀਂ ਦਿੱਲੀ ਜੀ-20 ਸਿਖਰ ਸੰਮੇਲਨ ਦੇ ਆਗੂਆਂ ਨੇ ਸਾਰੇ ਰਾਜਾਂ ਨੂੰ ਖੇਤਰੀ ਅਖੰਡਤਾ ਤੇ ਪ੍ਰਭੂਸੱਤਾ ਸਮੇਤ ਕੌਮਾਂਤਰੀ ਕਾਨੂੰਨ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਦਾ ਸੱਦਾ ਦਿੱਤਾ ਅਤੇ ਯੂਕਰੇਨ 'ਚ ਸਥਾਈ ਸ਼ਾਂਤੀ ਦੀ ਵਕਾਲਤ ਕੀਤੀ। ਇਸ 37 ਸਫ਼ਿਆਂ ਦੇ ਐਲਾਨਨਾਮੇ 'ਤੇ ਸਹਿਮਤੀ ਬਣਨ ਦਾ ਐਲਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਹੈ। ਇਸ ਐਲਾਨਨਾਮੇ 'ਚ ਯੂਕਰੇਨ ਜੰਗ ਤੋਂ ਇਲਾਵਾ ਅਤਿਵਾਦ ਤੇ ਮਨੀ ਲਾਂਡਰਿੰਗ ਖ਼ਿਲਾਫ਼ ਜੰਗ, ਆਰਥਿਕਤਾ ਤੇ ਵਾਤਾਵਰਣ, ਆਲਮੀ ਵਿਕਾਸ, ਬਹੁਪਰਤੀ ਵਿਕਾਸ ਬੈਂਕਾਂ, ਸਰਹੱਦ ਪਾਰੋਂ ਹੋਣ ਵਾਲੀਆਂ ਅਦਾਇਗੀਆਂ, ਸਿੱਖਿਆ, ਖੇਤੀਬਾੜੀ, ਧਰਮ ਅਤੇ ਭ੍ਰਿਸ਼ਟਾਚਾਰ ਸਬੰਧੀ ਮਤੇ ਸ਼ਾਮਲ ਕੀਤੇ ਗਏ ਸਨ ਜਿਨ੍ਹਾਂ ਨੂੰ ਜੀ-20 ਸਮੂਹ ਦੇ ਸਾਰੇ ਮੈਂਬਰ ਮੁਲਕਾਂ ਨੇ ਸਵੀਕਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਐਲਾਨ ਕੀਤਾ ਕਿ ਮੈਂਬਰ ਮੁਲਕਾਂ ਵਿਚਾਲੇ ਸਹਿਮਤੀ ਨਾਲ ਜੀ-20 ਨੇ ਐਲਾਨਨਾਮਾ (ਨਵੀਂ ਦਿੱਲੀ ਲੀਡਰਜ਼ ਸਮਿਟ ਡੈਕਲੇਰੇਸ਼ਨ) ਨੂੰ ਅਪਣਾ ਲਿਆ ਗਿਆ ਹੈ। ਯੂਕਰੇਨ ਸੰਘਰਸ਼ 'ਤੇ ਵਧਦੇ ਤਣਾਅ ਅਤੇ ਵੱਖ ਵੱਖ ਵਿਚਾਰਾਂ ਵਿਚਾਲੇ ਭਾਰਤ ਦੀ ਜੀ-20 ਪ੍ਰਧਾਨਗੀ ਹੇਠ ਇਹ ਅਹਿਮ ਕਾਮਯਾਬੀ ਹੈ। ਐਲਾਨਨਾਮੇ 'ਤੇ ਸਰਬ-ਸਹਿਮਤੀ ਅਤੇ ਉਸ ਮਗਰੋਂ ਇਸ ਨੂੰ ਅਪਣਾਉਣ ਦਾ ਐਲਾਨ ਭਾਰਤ ਵੱਲੋਂ ਯੂਕਰੇਨ ਜੰਗ ਦਾ ਜ਼ਿਕਰ ਕਰਨ ਲਈ ਜੀ-20 ਮੁਲਕਾਂ ਨੂੰ ਇੱਕ ਨਵਾਂ ਪਾਠ ਵੰਡਣ ਤੋਂ ਕੁਝ ਘੰਟੇ ਬਾਅਦ ਹੋਇਆ। ਪ੍ਰਧਾਨ ਮੰਤਰੀ ਮੋਦੀ ਨੇ ਸਿਖਰ ਸੰਮੇਲਨ ਦੇ ਆਗੂਆਂ ਨੂੰ ਕਿਹਾ, 'ਹੁਣੇ ਹੁਣੇ ਚੰਗੀ ਖ਼ਬਰ ਮਿਲੀ ਹੈ ਕਿ ਸਾਡੀ ਟੀਮ ਦੀ ਸਖਤ ਮਿਹਨਤ ਤੇ ਤੁਹਾਡੇ ਸਹਿਯੋਗ ਨਾਲ ਨਵੀਂ ਦਿੱਲੀ ਜੀ-20 ਲੀਡਰਜ਼ ਸਮਿਟ ਡੈਕਲੇਰੇਸ਼ਨ 'ਤੇ ਆਮ ਸਹਿਮਤੀ ਬਣ ਗਈ ਹੈ।' ਪ੍ਰਧਾਨ ਮੰਤਰੀ ਨੇ ਕਿਹਾ, 'ਮੈਂ ਐਲਾਨ ਕਰਦਾ ਹਾਂ ਕਿ ਇਸ ਐਲਾਨਨਾਮੇ ਨੂੰ ਪ੍ਰਵਾਨ ਕਰ ਲਿਆ ਗਿਆ ਹੈ।' ਮੋਦੀ ਨੇ ਕਿਹਾ, 'ਇਸ ਮੌਕੇ ਮੈਂ ਆਪਣੇ ਮੰਤਰੀਆਂ, ਸ਼ੇਰਪਾ ਅਤੇ ਸਾਰੇ ਅਧਿਕਾਰੀਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਆਪਣੀ ਸਖਤ ਮਿਹਨਤ ਨਾਲ ਇਸ ਨੂੰ ਸੰਭਵ ਬਣਾਇਆ।'

ਇਸ ਤੋਂ ਪਹਿਲਾਂ ਜੀ-20 ਦੇਸ਼ਾਂ ਦੇ 'ਨਵੀਂ ਦਿੱਲੀ ਡੈਕਲੇਰੇਸ਼ਨ ਆਫ ਜੀ-20' ਵਿੱਚ ਅੱਜ ਕਿਹਾ ਗਿਆ ਕਿ ਅੱਜ ਦਾ ਯੁੱਗ ਯੁੱਧ ਦਾ ਯੁੱਗ ਨਹੀਂ ਹੈ ਅਤੇ ਇਸ ਦੇ ਮੱਦੇਨਜ਼ਰ ਐਲਾਨਨਾਮੇ 'ਚ ਸਾਰੇ ਦੇਸ਼ਾਂ ਨੂੰ ਖੇਤਰੀ ਅਖੰਡਤਾ ਅਤੇ ਪ੍ਰਭੂਸੱਤਾ ਸਮੇਤ ਕੌਮਾਂਤਰੀ ਕਾਨੂੰਨ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਦਾ ਸੱਦਾ ਦਿੱਤਾ ਗਿਆ ਹੈ। ਇਸ ਵਿੱਚ ਕਿਹਾ ਗਿਆ ਕਿ ਸੰਘਰਸ਼ਾਂ ਦੇ ਸ਼ਾਂਤੀਪੂਰਨ ਹੱਲ ਦੇ ਨਾਲ-ਨਾਲ ਕੂਟਨੀਤੀ ਅਤੇ ਸੰਵਾਦ ਵੀ ਜ਼ਰੂਰੀ ਹੈ। ਇਸ ਦੌਰਾਨ ਯੂਕਰੇਨ ਵਿੱਚ ਜੰਗ ਸਬੰਧੀ ਬਾਲੀ 'ਚ ਹੋਈ ਚਰਚਾ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਤੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਪਾਸ ਕੀਤੇ ਗਏ ਮਤਿਆਂ ਨੂੰ ਦੁਹਰਾਇਆ ਗਿਆ। ਇਸ ਵਿੱਚ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸਾਰੇ ਦੇਸ਼ਾਂ ਨੂੰ ਸੰਯੁਕਤ ਰਾਸ਼ਟਰ ਚਾਰਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸੰਯੁਕਤ ਰਾਸ਼ਟਰ ਦੇ ਚਾਰਟਰ ਅਨੁਸਾਰ ਸਾਰੇ ਦੇਸ਼ਾਂ ਨੂੰ ਕਿਸੇ ਵੀ ਦੇਸ਼ ਦੀ ਖੇਤਰੀ ਅਖੰਡਤਾ ਅਤੇ ਪ੍ਰਭੂਸੱਤਾ ਜਾਂ ਰਾਜਨੀਤਿਕ ਸੁਤੰਤਰਤਾ ਖ਼ਿਲਾਫ਼ ਚਿਤਾਵਨੀ ਜਾਂ ਤਾਕਤ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ 'ਚ ਕਿਹਾ ਗਿਆ, ''ਪਰਮਾਣੂ ਹਥਿਆਰਾਂ ਦੀ ਵਰਤੋਂ ਜਾਂ ਵਰਤੋਂ ਦੀ ਧਮਕੀ ਸਵੀਕਾਰ ਕਰਨ ਯੋਗ ਨਹੀਂ ਹੈ।''

**ਪ੍ਰਧਾਨਗੀ ਬ੍ਰਾਜ਼ੀਲ ਦੇ ਪ੍ਰਧਾਨ ਮੰਤਰੀ ਨੂੰ ਸੌਂਪੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ-20 ਦੀ ਪ੍ਰਧਾਨਗੀ ਅਧਿਕਾਰਤ ਤੌਰ 'ਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਇਜ਼ ਇਨਾਸੀਓ ਲੂਲਾ ਡਾ ਸਿਲਵਾ ਨੂੰ ਸੌਂਪ ਦਿੱਤੀ ਹੈ। ਸ੍ਰੀ ਮੋਦੀ ਨੇ ਰਸਮੀ ਹਥੌੜਾ ਡੀ ਸਿਲਵਾ ਦੇ ਹੱਥ ਫੜਾ ਕੇ ਇਸ ਅਧਿਕਾਰਤ ਰਸਮ ਨੂੰ ਪੂਰਾ ਕੀਤਾ। ਜੀ20 ਨੇ ਭਾਰਤ ਦੀ ਪ੍ਰਧਾਨਗੀ ਵਿੱਚ ਕਿਹਾ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਉਨ੍ਹਾਂ ਦੀਆਂ ਕੌਮੀ ਜਲਵਾਯੂ ਯੋਜਨਾਵਾਂ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ 2030 ਤੋਂ ਪਹਿਲਾਂ 5.9 ਖਰਬ ਅਮਰੀਕੀ ਡਾਲਰਾਂ ਦੀ ਲੋੜ ਪਵੇਗੀ, ਤਾਂ ਜੋ ਆਲਮੀ ਤਪਸ਼ ਨੂੰ 2 ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਿਆ ਜਾ ਸਕੇ, ਖ਼ਾਸ ਕਰ ਕੇ 1.5 ਡਿਗਰੀ ਸੈਲਸੀਅਸ ਤੱਕ। ਸਮੂਹ ਨੇ ਕਿਹਾ ਕਿ 2050 ਤੱਕ ਜ਼ਹਿਰੀਲੀਆਂ ਗੈਸਾਂ ਦੀ ਨਿਕਾਸੀ ਸਿਫਰ ਕਰਨ ਦਾ ਟੀਚਾ ਹਾਸਲ ਕਰਨ ਲਈ ਵਿਕਾਸਸ਼ੀਲ ਦੇਸ਼ਾਂ ਨੂੰ 2030 ਤੱਕ ਸਾਫ ਊਰਜਾ ਤਕਨਾਲੋਜੀ ਲਈ ਸਾਲਾਨਾ ਤਕਰੀਬਨ 4 ਖਰਬ ਅਮਰੀਕੀ ਡਾਲਰਾਂ ਦੀ ਜ਼ਰੂਰਤ ਹੋਵੇਗੀ। ਜੀ20 ਨੇ ਵਿਕਸਤ ਦੇਸ਼ਾਂ ਨੂੰ 2019 ਦੇ ਮੁਕਾਬਲੇ 2025 ਤੱਕ ਉਨ੍ਹਾਂ ਦੇ ਸਮੂਹਿਕ ਅਨੁਕੂਲਨ ਵਿੱਤ ਪ੍ਰਬੰਧ ਸਬੰਧੀ ਵਚਨਬੱਧਤਾ ਪੂਰੀ ਕਰਨ ਦੀ ਅਪੀਲ ਵੀ ਕੀਤੀ।

ਜੀ20 ਸਮੂਹ ਵੱਲੋਂ ਵਿਅਕਤੀਆਂ, ਧਾਰਮਿਕ ਚਿੰਨ੍ਹਾਂ ਤੇ ਪਵਿੱਤਰ ਗ੍ਰੰਥਾਂ ਖ਼ਿਲਾਫ਼ ਧਾਰਮਿਕ ਨਫ਼ਰਤ ਵਾਲੀਆਂ ਕਾਰਵਾਈਆਂ ਦੀ ਸਖਤ ਨਿਖੇਧੀ ਕੀਤੀ ਗਈ। ਉਨ੍ਹਾਂ ਧਾਰਮਿਕ ਆਜ਼ਾਦੀ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਸ਼ਾਂਤਮਈ ਇਕੱਠ ਕਰਨ ਦਾ ਅਧਿਕਾਰ ਦੇਣ 'ਤੇ ਜ਼ੋਰ ਦਿੱਤਾ। ਜੀ20 ਨੇ ਆਪਣੇ ਸਾਂਝੇ ਐਲਾਨਨਾਮੇ ਵਿੱਚ ਕਿਹਾ ਗਿਆ ਹੈ, ''ਇਸ ਸਬੰਧ ਵਿੱਚ ਅਸੀਂ ਵਿਅਕਤੀਆਂ ਅਤੇ ਧਾਰਮਿਕ ਚਿੰਨ੍ਹਾਂ ਤੇ ਪਵਿੱਤਰ ਗ੍ਰੰਥਾਂ ਸਣੇ ਘਰੇਲੂ ਕਾਨੂੰਨੀ ਢਾਂਚੇ ਦੇ ਪੱਖਪਾਤ ਤੋਂ ਬਿਨਾਂ ਇਕ ਪ੍ਰਤੀਕਾਤਮਕ ਸੁਭਾਅ ਖ਼ਿਲਾਫ਼ ਧਾਰਮਿਕ ਨਫ਼ਰਤ ਦੀਆਂ ਸਾਰੀਆਂ ਗਤੀਵਿਧੀਆਂ ਦੀ ਸਖਤ ਨਿਖੇਧੀ ਕਰਦੇ ਹਾਂ।''

ਜੀ20 ਆਗੂਆਂ ਨੇ ਕਿਹਾ ਕਿ ਵਸਤਾਂ ਦੇ ਵਧਦੇ ਭਾਅ ਮਹਿੰਗਾਈ ਵਧਾ ਰਹੇ ਹਨ। ਉਨ੍ਹਾਂ ਕਿਹਾ ਕਿ ਜੀ20 ਦੇਸ਼ ਖੇਤੀ, ਅਨਾਜ ਤੇ ਖਾਦਾਂ ਦੇ ਖੁੱਲ੍ਹੇ, ਨਿਰਪੱਖ ਤੇ ਅਨੁਮਾਨਯੋਗ ਤੇ ਨੇਮਾਂ 'ਤੇ ਆਧਾਰਤ ਵਪਾਰ ਦੀ ਸਹੂਲਤ ਮੁਹੱਈਆ ਕਰਵਾਉਣ ਅਤੇ ਵਿਸ਼ਵ ਵਪਾਰ ਸੰਸਥਾ ਦੇ ਨੇਮਾਂ ਮੁਤਾਬਕ ਦਰਾਮਦ 'ਤੇ ਪਾਬੰਦੀ ਨਾ ਲਾਉਣ ਲਈ ਵਚਨਬੱਧ ਹਨ। ਇੱਥੇ ਅੱਜ ਨਵੀਂ ਦਿੱਲੀ ਦੇ ਐਲਾਨਨਾਮੇ ਨੂੰ ਅਪਣਾਉਂਦੇ ਹੋਏ ਮੈਂਬਰ ਦੇਸ਼ ਅਨਾਜ ਸੁਰੱਖਿਆ ਦੀਆਂ ਚੁਣੌਤੀਆਂ ਨਾਲ ਨਿਪਟਣ ਲਈ ਵਿਕਾਸਸ਼ੀਲ ਦੇਸ਼ਾਂ ਦੀਆਂ ਕੋਸ਼ਿਸ਼ਾਂ ਤੇ ਸਮਰੱਥਾਵਾਂ ਨੂੰ ਸਮਰਥਨ ਦੇਣ ਲਈ ਵੀ ਵਚਨਬੱਧ ਹਨ। ਜੀ20 ਦੇਸ਼ ਕਿਫਾਇਤ, ਸੁਰੱਖਿਅਤ, ਪੌਸ਼ਟਿਕ ਤੇ ਸਿਹਤਮੰਦ ਖੁਰਾਕ ਤੱਕ ਪਹੁੰਚ ਯਕੀਨੀ ਬਣਾਉਣ ਅਤੇ ਢੁਕਵੇਂ ਭੋਜਨ ਦੇ ਅਧਿਕਾਰ ਦੀ ਪ੍ਰਗਤੀਸ਼ੀਲ ਪ੍ਰਾਪਤੀ ਨੂੰ ਉਤਸ਼ਾਹਿਤ ਕਰਨ ਲਈ ਮਿਲ ਕੇ ਕੰਮ ਕਰਨ ਵਾਸਤੇ ਵੀ ਵਚਨਬੱਧ ਹਨ।

**ਮੋਦੀ 'ਭਾਰਤ' ਦੇ ਨੁਮਾਇੰਦੇ ਵਜੋਂ ਨਜ਼ਰ ਆਏ**

ਨਵੀਂ ਦਿੱਲੀ 'ਚ ਹੋਏ ਜੀ-20 ਸਿਖਰ ਸੰਮੇਲਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਛਾਣ 'ਭਾਰਤ' ਦੀ ਨੁਮਾਇੰਦਗੀ ਕਰਨ ਵਾਲੇ ਆਗੂ ਵਜੋਂ ਪੇਸ਼ ਕੀਤੀ ਗਈ। ਮੋਦੀ ਨੇ ਜਦੋਂ ਸਿਖਰ ਸੰਮੇਲਨ ਨੂੰ ਸੰਬੋਧਨ ਕੀਤਾ ਤਾਂ ਉਸ ਸਮੇਂ ਉਨ੍ਹਾਂ ਸਾਹਮਣੇ ਰੱਖੀ ਨਾਮ ਵਾਲੀ ਪੱਟੀ 'ਤੇ 'ਭਾਰਤ' ਲਿਖਿਆ ਹੋਇਆ ਸੀ। ਜ਼ਿਕਰਯੋਗ ਹੈ ਕਿ ਮੁਲਕ ਦੇ ਨਾਮ ਨੂੰ ਲੈ ਕੇ ਪਿਛਲੇ ਕੁਝ ਦਿਨਾਂ ਤੋਂ ਸਿਆਸਤ ਭਖੀ ਹੋਈ ਹੈ।

**ਬਾਇਡਨ ਵੱਲੋਂ ਵਿਸ਼ਵ ਬੈਂਕ ਦੀ ਸਮਰੱਥਾ ਵਧਾਉਣ 'ਤੇ ਜ਼ੋਰ**

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਹੇਠਲੇ ਤੇ ਮੱਧ ਵਰਗ ਆਮਦਨ ਵਾਲੇ ਦੇਸ਼ਾਂ ਨੂੰ ਵਿੱਤੀ ਸਮਰਥਨ ਦੇਣ ਲਈ ਵਿਸ਼ਵ ਬੈਂਕ ਦੀ ਸਮਰਥਾ ਨੂੰ ਵਧਾਉਣ 'ਤੇ ਜ਼ੋਰ ਦਿੱਤਾ ਹੈ ਅਤੇ ਇਸ ਸਬੰਧ 'ਚ ਜੀ-20 ਦੇਸ਼ਾਂ ਨੂੰ ਇਕਮਤ ਹੋਣ ਲਈ ਕਿਹਾ ਹੈ। ਵ੍ਹਾਈਟ ਹਾਊਸ ਵੱਲੋਂ ਅੱਜ ਜਾਰੀ ਬਿਆਨ ਅਨੁਸਾਰ ਬਾਇਡਨ ਨੇ ਸਮੂਹਿਕ ਰੂਪ ਵਿੱਚ ਵੱਧ ਗੁੰਜਾਇਸ਼ ਅਤੇ ਰਿਆਇਤੀ ਵਿੱਤ ਜੁਟਾਉਣ ਲਈ ਜੀ-20 ਦੇਸ਼ਾਂ ਨੂੰ ਇਕਜੁੱਟ ਹੋਣ ਦਾ ਸੁਨੇਹਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਜੀ20 ਮੀਟਿੰਗ 'ਚ ਸ਼ਾਮਲ ਹੋਣ ਲਈ ਜੋਅ ਬਾਇਡਨ ਨਵੀਂ ਦਿੱਲੀ ਵਿੱਚ ਹਨ। ਵ੍ਹਾਈਟ ਹਾਊਸ ਵੱਲੋਂ ਜਾਰੀ ਬਿਆਨ ਅਨੁਸਾਰ, ''ਅਸੀ ਆਪਣੇ ਸਾਂਝੇ ਯੋਗਦਾਨ ਰਾਹੀਂ ਆਈਬੀਆਰਡੀ (ਇੰਟਰਨੈਸ਼ਨਲ ਬੈਂਕ ਫਾਰ ਰੀਕੰਸਟਰਕਸ਼ਨ ਐਂਡ ਡਿਵੈਲਪਮੈਂਟ) ਨੂੰ ਵਿਸ਼ਵ ਬੈਂਕ ਦੀ ਸਾਲਾਨਾ ਗੈਰ-ਰਿਆਇਤੀ ਕਰਜ਼ਾ ਰਾਸ਼ੀ ਦੇ ਤਿੰਨ ਗੁਣਾ ਬਰਾਬਰ ਇਕਮੁਸ਼ਤ ਸਮਰਥਨ ਦੇਣ ਅਤੇ ਆਈਡੀਏ ਦੀ ਕਰਜ਼ਾ ਸਮਰਥਾ ਨੂੰ ਦੁੱਗਣਾ ਕਰਨ ਦਾ ਟੀਚਾ ਰੱਖ ਰਹੇ ਹਾਂ।'' ਬਿਆਨ 'ਚ ਕਿਹਾ ਗਿਆ ਹੈ ਕਿ ਇਹ ਪਹਿਲਕਦਮੀ ਵਿਸ਼ਵ ਬੈਂਕ ਨੂੰ ਮਜ਼ਬੂਤ ਸੰਸਥਾ ਬਣਾਏਗੀ ਤਾਂ ਕਿ ਵਿਸ਼ਵ ਪੱਧਰ ਦੀਆਂ ਚੁਣੌਤੀਆਂ ਨਾਲ ਨਿਪਟਣ ਅਤੇ ਗਰੀਬ ਦੇਸ਼ਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਾਧਨ ਮੁਹੱਈਆ ਕਰਵਾਏ ਜਾ ਸਕਣ।

**ਚੀਨ ਨੇ ਜੀ-20 ਮੈਂਬਰਾਂ ਨੂੰ ਏਕੇ ਤੇ ਸਹਿਯੋਗ ਦਾ ਦਿੱਤਾ ਸੱਦਾ**

ਚੀਨ ਦੇ ਪ੍ਰਧਾਨ ਮੰਤਰੀ ਲੀ ਕਿਆਂਗ ਨੇ ਜੀ-20 ਮੁਲਕਾਂ ਵਿਚਕਾਰ ਇਕਜੁੱਟਤਾ ਦੀ ਲੋੜ 'ਤੇ ਜ਼ੋਰ ਦਿੰਦਿਆਂ ਆਰਥਿਕ ਵਿਸ਼ਵੀਕਰਨ ਲਈ ਹਮਾਇਤ, ਸਹਿਯੋਗ ਅਤੇ ਰਲ ਕੇ ਅੱਗੇ ਵਧਣ ਦਾ ਸੱਦਾ ਦਿੱਤਾ ਹੈ। ਜੀ-20 ਸਿਖਰ ਸੰਮੇਲਨ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਥਾਂ 'ਤੇ ਹਿੱਸਾ ਲੈ ਰਹੇ ਲੀ ਨੇ ਸੰਮੇਲਨ ਦੇ ਪਹਿਲੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਪ੍ਰਭਾਵਸ਼ਾਲੀ ਗਰੁੱਪ ਨੂੰ ਵੰਡੀਆਂ ਦੀ ਥਾਂ ਇਕਜੁੱਟਤਾ, ਟਕਰਾਅ ਦੀ ਬਜਾਏ ਸਹਿਯੋਗ ਅਤੇ ਵੱਖਰੇਵੇਂ ਦੀ ਥਾਂ ਰਲ ਕੇ ਅੱਗੇ ਵਧਣ ਦੀ ਲੋੜ ਹੈ। ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸਿਨਹੂਆ ਮੁਤਾਬਕ ਲੀ ਨੇ ਜੀ-20 ਮੁਲਕਾਂ ਨੂੰ ਅਪੀਲ ਕੀਤੀ ਕਿ ਉਹ ਉਦਯੋਗਿਕ ਅਤੇ ਸਪਲਾਈ ਚੇਨਾਂ ਦੀ ਸਥਿਰਤਾ ਨੂੰ ਰਲ ਕੇ ਬਹਾਲ ਕਰਨ ਲਈ ਕੰਮ ਕਰਨ। ਉਨ੍ਹਾਂ ਕਿਹਾ ਕਿ ਜੀ-20 ਮੈਂਬਰਾਂ ਨੂੰ ਏਕਤਾ ਤੇ ਸਹਿਯੋਗ ਦੀ ਮੂਲ ਖਾਹਿਸ਼ ਉੱਤੇ ਕਾਇਮ ਰਹਿਣਾ ਚਾਹੀਦਾ ਹੈ ਅਤੇ ਸ਼ਾਂਤੀ ਤੇ ਵਿਕਾਸ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਹਰਿਆਲੀ ਨੂੰ ਉਤਸ਼ਾਹਿਤ ਕਰਨ ਵੱਲ ਵੀ ਧਿਆਨ ਦੀ ਲੋੜ ਜਤਾਈ। ਉਨ੍ਹਾਂ ਰਾਸ਼ਟਰਪਤੀ ਸ਼ੀ ਜਿਨਪਿੰਗ ਦੀਆਂ ਪਹਿਲਕਦਮੀਆਂ ਆਲਮੀ ਵਿਕਾਸ, ਆਲਮੀ ਸੁਰੱਖਿਆ ਅਤੇ ਆਲਮੀ ਸੱਭਿਅਤਾ ਮੁਹਿੰਮਾਂ ਦਾ ਜ਼ਿਕਰ ਕਰਦਿਆਂ ਮੁਲਕਾਂ ਵਿਚਕਾਰ ਨੇੜਲੇ ਸਬੰਧਾਂ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ। ਲੀ ਨੇ ਸਾਰੇ ਮੁਲਕਾਂ ਨੂੰ ਮੱਤਭੇਦ ਭੁਲਾ ਕੇ ਇਕ-ਦੂਜੇ ਦਾ ਸਤਿਕਾਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਵੱਡੇ ਸੰਕਟਾਂ ਅਤੇ ਸਾਂਝੀਆਂ ਚੁਣੌਤੀਆਂ ਦਾ ਕੋਈ ਵੀ ਇਕੱਲਿਆਂ ਸਾਹਮਣਾ ਨਹੀਂ ਕਰ ਸਕਦਾ ਹੈ। ਪ੍ਰਧਾਨ ਮੰਤਰੀ ਲੀ ਨੇ ਕਿਹਾ ਕਿ ਚੀਨ ਦਾ ਵਿਕਾਸ ਆਲਮੀ ਆਰਥਿਕਤਾ 'ਚ ਸੁਧਾਰ ਅਤੇ ਸਥਾਈ ਵਿਕਾਸ 'ਚ ਵਧੇਰੇ ਨਵੀਂ ਜਾਨ ਪਾਏਗਾ। ਉਨ੍ਹਾਂ ਕਿਹਾ ਕਿ ਚੀਨ ਸਾਂਝੀ ਧਰਤੀ ਅਤੇ ਮਨੁੱਖਤਾ ਦੇ ਭਵਿੱਖ ਲਈ ਸਾਰੀਆਂ ਧਿਰਾਂ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹੈ।

(ਬਾਕੀ ਅਗਲੇ ਸਫੇ 'ਤੇ)

# ਕੀ ਹੈ ਭਾਰਤ-ਮੱਧ ਪੂਰਬ-ਯੂਰਪ, ਅਮਰੀਕਾ ਆਰਥਿਕ ਕੋਰੀਡੋਰ

(ਸਫਾ 1 ਦੀ ਬਾਕੀ)

ਜਹਾਜ਼ ਅਤੇ ਰੇਲ ਸੰਪਰਕ ਦਾ ਵਿਚਾਰ I2U2 ਨਾਮਕ ਫੋਰਮ ਵਿੱਚ ਪਿਛਲੇ 18 ਮਹੀਨਿਆਂ ਵਿੱਚ ਹੋਈ ਗੱਲਬਾਤ ਦੌਰਾਨ ਆਇਆ। I2U2 ਗਰੁੱਪ ਭਾਰਤ, ਇਜ਼ਰਾਈਲ, ਸੰਯੁਕਤ ਅਰਬ ਅਮੀਰਾਤ ਅਤੇ ਸੰਯੁਕਤ ਰਾਜ ਅਮਰੀਕਾ ਦਾ ਇੱਕ ਸਮੂਹ ਹੈ। ਐਕਸੀਓਸ ਦੀਆਂ ਰਿਪੋਰਟਾਂ ਦੇ ਅਨੁਸਾਰ, ਇਜ਼ਰਾਈਲ ਨੇ ਇਸ ਖੇਤਰ ਨੂੰ ਰੇਲਵੇ ਦੁਆਰਾ ਜੋੜਨ ਦਾ ਵਿਚਾਰ ਉਠਾਇਆ ਸੀ।

"ਨਵੀਂ ਪਹਿਲਕਦਮੀ ਦਾ ਵਿਚਾਰ I2U2 ਨਾਮਕ ਇੱਕ ਹੋਰ ਫੋਰਮ ਵਿੱਚ ਪਿਛਲੇ 18 ਮਹੀਨਿਆਂ ਵਿੱਚ ਹੋਈ ਗੱਲਬਾਤ ਦੌਰਾਨ ਆਇਆ, ਜਿਸ ਵਿੱਚ ਅਮਰੀਕਾ, ਇਜ਼ਰਾਈਲ, ਯੂਏਈ ਅਤੇ ਭਾਰਤ ਸ਼ਾਮਲ ਹਨ, ਦੋ ਸਰੋਤਾਂ ਦੇ ਅਨੁਸਾਰ, ਫੋਰਮ ਦੀ ਸਥਾਪਨਾ 2021 ਦੇ ਅਖੀਰ ਵਿੱਚ ਕੀਤੀ ਗਈ ਸੀ। ਮੱਧ ਪੂਰਬ ਵਿੱਚ ਰਣਨੀਤਕ ਬੁਨਿਆਦੀ ਢਾਂਚਾ ਪ੍ਰੋਜੈਕਟਾਂ 'ਤੇ ਚਰਚਾ ਕਰਨ ਲਈ ਅਤੇ ਖੇਤਰ ਵਿੱਚ ਬੀਜਿੰਗ ਦੇ ਵਧ ਰਹੇ ਪ੍ਰਭਾਵ ਦੇ ਪ੍ਰਤੀਰੋਧੀ ਵਜੋਂ ਕੰਮ ਕਰਨ ਲਈ, "ਐਕਸੀਓਸ ਨੇ ਰਿਪੋਰਟ ਕੀਤੀ।

**ਭਾਰਤ-ਮੱਧ ਪੂਰਬ-ਯੂਰਪ ਆਰਥਿਕ ਗਲਿਆਰੇ ਦਾ ਮਕਸਦ ਕੀ ਹੈ?**

IMEC ਤੋਂ ਏਸ਼ੀਆ, ਅਰਬ ਦੀ ਖਾੜੀ ਅਤੇ ਯੂਰਪ ਦੇ ਵਿਚਕਾਰ ਵਧੀ ਹੋਈ ਸੰਪਰਕ ਅਤੇ ਆਰਥਿਕ ਏਕੀਕਰਣ ਦੁਆਰਾ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਦੀ ਉਮੀਦ ਹੈ।

ਸਮਝੌਤਾ ਮੈਮੋਰੰਡਮ (MoU) ਦੇ ਅਨੁਸਾਰ, IMEC ਵਿੱਚ ਦੋ ਵੱਖਰੇ ਗਲਿਆਰੇ ਸ਼ਾਮਲ ਹੋਣਗੇ; ਪੂਰਬੀ ਕੋਰੀਡੋਰ ਜੋ ਭਾਰਤ ਨੂੰ ਅਰਬ ਦੀ ਖਾੜੀ ਨਾਲ ਜੋੜੇਗਾ ਅਤੇ ਉੱਤਰੀ ਗਲਿਆਰਾ ਜੋ ਅਰਬ ਦੀ ਖਾੜੀ ਨੂੰ ਯੂਰਪ ਨਾਲ ਜੋੜੇਗਾ।

ਪ੍ਰੋਜੈਕਟ ਵਿੱਚ ਇੱਕ ਰੇਲਵੇ ਸ਼ਾਮਲ ਹੋਵੇਗਾ ਜੋ ਮੌਜੂਦਾ ਸਮੁੰਦਰੀ ਅਤੇ ਸੜਕੀ ਆਵਾਜਾਈ ਰੂਟਾਂ ਨੂੰ ਪੂਰਕ ਕਰਨ ਲਈ ਇੱਕ ਭਰੋਸੇਯੋਗ ਅਤੇ ਲਾਗਤ-



ਪ੍ਰਭਾਵਸ਼ਾਲੀ ਕਰਾਸ-ਬਾਰਡਰ ਸਮੁੰਦਰੀ ਜਹਾਜ਼-ਤੋਂ-ਰੇਲ ਟ੍ਰਾਂਜ਼ਿਟ ਨੈਟਵਰਕ ਪ੍ਰਦਾਨ ਕਰੇਗਾ।

ਇਹ ਪ੍ਰੋਜੈਕਟ ਭਾਰਤ, ਯੂਏਈ, ਸਾਊਦੀ ਅਰਬ, ਜਾਰਡਨ, ਇਜ਼ਰਾਈਲ ਅਤੇ ਯੂਰਪ ਦੇ ਵਿਚਕਾਰ, ਤੋਂ ਅਤੇ ਵਿਚਕਾਰ ਮਾਲ ਅਤੇ ਸੇਵਾਵਾਂ ਨੂੰ ਆਵਾਜਾਈ ਦੇ ਯੋਗ ਬਣਾਏਗਾ।

IMEC ਕੋਰੀਡੋਰ ਖੇਤਰੀ ਸਪਲਾਈ ਚੇਨਾਂ ਨੂੰ ਸੁਰੱਖਿਅਤ ਕਰੇਗਾ ਜੋ ਵਪਾਰਕ ਪਹੁੰਚਯੋਗਤਾ ਨੂੰ ਹੁਲਾਰਾ ਦੇਵੇਗਾ, ਵਪਾਰ ਦੀ ਸਹੂਲਤ ਨੂੰ ਵਧਾਏਗਾ, ਅਤੇ ਵਾਤਾਵਰਣ, ਸਮਾਜ ਅਤੇ ਸਰਕਾਰ 'ਤੇ ਪ੍ਰਭਾਵਾਂ 'ਤੇ ਵਧੇਰੇ ਧਿਆਨ ਕੇਂਦਰਿਤ ਕਰੇਗਾ। ਇਸ ਪ੍ਰੋਜੈਕਟ ਦੇ ਜ਼ਰੀਏ, ਮੈਂਬਰ ਦੇਸ਼ ਆਰਥਿਕ ਏਕਤਾ ਨੂੰ ਹੁਲਾਰਾ ਦੇਣ, ਲਾਗਤ ਘਟਾਉਣ, ਕੁਸ਼ਲਤਾ ਵਧਾਉਣ, ਨੌਕਰੀਆਂ ਪੈਦਾ ਕਰਨ ਅਤੇ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਦੀ ਉਮੀਦ ਕਰ ਰਹੇ ਹਨ, ਜਿਸ ਨਾਲ ਏਸ਼ੀਆ, ਯੂਰਪ ਅਤੇ ਮੱਧ ਪੂਰਬ ਦੇ ਬੁਨਿਆਦੀ ਏਕੀਕਰਨ ਦੀ ਅਗਵਾਈ ਕੀਤੀ ਜਾ ਰਹੀ ਹੈ।

**ਭਾਰਤ ਨੂੰ ਕਿਵੇਂ ਲਾਭ ਹੋਵੇਗਾ**

ਜਿਵੇਂ ਕਿ ਇਹ ਪ੍ਰੋਜੈਕਟ ਭਾਰਤ ਨੂੰ ਸਮੁੰਦਰ ਅਤੇ ਬੰਦਰਗਾਹ ਦੁਆਰਾ ਮੱਧ ਪੂਰਬ ਰਾਹੀਂ ਯੂਰਪ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਹੈ, ਭਾਰਤ ਦਾ ਉਦੇਸ਼ ਬਹੁਤ ਜ਼ਿਆਦਾ ਲਾਭ ਪ੍ਰਾਪਤ ਕਰਨਾ ਹੈ ਕਿਉਂਕਿ ਇਹ ਦੇਸ਼ ਨੂੰ ਕਾਫ਼ੀ ਰਣਨੀਤਕ ਅਤੇ ਆਰਥਿਕ ਕਿਨਾਰੇ ਪ੍ਰਦਾਨ ਕਰੇਗਾ, ਨਾਲ ਹੀ ਲੌਜਿਸਟਿਕਸ ਅਤੇ ਆਵਾਜਾਈ ਦੇ ਖੇਤਰ ਵਿੱਚ ਬਹੁਤ ਸਾਰੇ ਮੌਕੇ ਖੋਲ੍ਹੇਗਾ।

IMEC ਪ੍ਰੋਜੈਕਟ ਇਹ ਵੀ ਮੁੜ ਆਕਾਰ ਦੇਵੇਗਾ ਕਿ ਕਿਵੇਂ ਸਾਮਾਨ ਅਤੇ ਸੇਵਾਵਾਂ ਨੂੰ ਮਹਾਂਦੀਪਾਂ ਵਿੱਚ ਲਿਜਾਇਆ ਜਾਂਦਾ ਹੈ ਕਿਉਂਕਿ ਇਹ ਲੌਜਿਸਟਿਕਲ ਲਾਗਤਾਂ ਨੂੰ ਘਟਾਏਗਾ ਅਤੇ ਇਹ ਯਕੀਨੀ ਬਣਾਏਗਾ ਕਿ ਸ਼ਿਪਮੈਂਟ ਹੋਰ ਤੇਜ਼ੀ ਨਾਲ ਪਹੁੰਚ ਸਕੇ। ਇੰਜੀਨੀਅਰਿੰਗ ਐਕਸਪੋਰਟਸ ਪ੍ਰਮੋਸ਼ਨ ਕਾਉਂਸਿਲ ਇੰਡੀਆ (EEPC) ਇੰਡੀਆ ਦੇ ਚੇਅਰਮੈਨ ਅਰੁਣ ਕੁਮਾਰ ਗਰੋਡੀਆ ਨੇ ਪੀਟੀਆਈ ਦੇ ਹਵਾਲੇ ਨਾਲ ਕਿਹਾ ਕਿ ਭਾਰਤ ਦੇ ਇੰਜੀਨੀਅਰਿੰਗ ਨਿਰਯਾਤ ਖੇਤਰ ਲਈ, ਮੱਧ ਪੂਰਬ ਅਤੇ ਯੂਰਪ ਦੋਵੇਂ ਪ੍ਰਮੁੱਖ ਬਾਜ਼ਾਰ ਹਨ, ਅਤੇ ਇਸ ਪੈਮਾਨੇ ਦਾ ਟ੍ਰਾਂਸਪੋਰਟ ਬੁਨਿਆਦੀ ਢਾਂਚਾ ਹੋਣ ਨਾਲ ਵਿਸ਼ਵ ਪੱਧਰ 'ਤੇ ਇਸ ਦੀ ਮੁਕਾਬਲੇਬਾਜ਼ੀ ਵਿੱਚ ਬਹੁਤ ਵਾਧਾ ਹੋਵੇਗਾ।

# ਜੀ-20 ਸਿਖਰ ਸੰਮੇਲਨ ਵਿੱਚ ਭਾਰਤ ਦੀ ਭਵਨ ਨਿਰਮਾਣ ਕਲਾ ਨਾਲ ਜੁੜੀ ਵਿਰਾਸਤ ਦਿੱਸੀ

(ਸਫਾ 3 ਦੀ ਬਾਕੀ

**ਯੂਕਰੇਨ ਸਾਂਝੇ ਐਲਾਨਨਾਮੇ ਤੋਂ ਨਾਖੁਸ਼**

ਯੂਕਰੇਨ ਦੇ ਵਿਦੇਸ਼ ਮੰਤਰੀ ਨੇ ਦੇਸ਼ ਨਾਲ ਸਬੰਧਤ ਜੀ-20 ਦੇ ਐਲਾਨਨਾਮੇ ਬਾਰੇ ਨਾਰਾਜ਼ਗੀ ਜਤਾਉਂਦਿਆਂ ਕਿਹਾ ਹੈ ਕਿ ਇਸ ’ਚ ਕੁਝ ਵੀ ਮਾਣ ਕਰਨ ਯੋਗ ਨਹੀਂ ਹੈ ਕਿਉਂਕਿ ਐਲਾਨਨਾਮੇ ’ਚ ਰੂਸ ਦਾ ਨਾਂ ਸ਼ਾਮਲ ਨਹੀਂ ਕੀਤਾ ਗਿਆ ਹੈ। ਵਿਦੇਸ਼ ਮੰਤਰੀ ਓਲੇਗ ਨਿਕੋਲੈਂਕੋ ਨੇ ਸਾਂਝੇ ਐਲਾਨਨਾਮੇ ਦਾ ਸਕਰੀਨਸ਼ਾਟ ਵੀ ਪੋਸਟ ਕੀਤਾ ਹੈ ਤੇ ਐਲਾਨਨਾਮੇ ਦੇ ਕੁਝ ਹਿੱਸੇ ਨੂੰ ਲਾਲ ਰੰਗ ਨਾਲ ਕੱਟ ਕੇ ਸੋਧ ਕੀਤੀ ਹੈ ਕਿ ਯੂਕਰੇਨ ਦੀ ਮੌਜੂਦਾ ਹਾਲਤ ਰੂਸ ਵੱਲੋਂ ਕੀਤੇ ਗਏ ਹਮਲਿਆਂ ਕਾਰਨ ਹੋਈ ਹੈ। ਇਹ ਹਮਲੇ ਬਿਨਾਂ ਕਿਸੇ ਉਕਸਾਵੇ ਤੋਂ ਕੀਤੇ ਗਏ ਹਨ। ਉਨ੍ਹਾਂ ਨੇ ਫੇਸਬੁੱਕ ’ਤੇ ਲਿਖਿਆ, ‘‘ਜੀ-20 ਵਿੱਚ ਯੂਕਰੇਨ ਵੱਲੋਂ ਸ਼ਮੂਲੀਅਤ ਇਸ ਲਈ ਕੀਤੀ ਗਈ ਸੀ ਤਾਂ ਕਿ ਮੈਂਬਰ ਦੇਸ਼ ਯੂਕਰੇਨ ਦੇ ਹਾਲਾਤ ਨੂੰ ਬਿਹਤਰ ਤੌਰ ’ਤੇ ਸਮਝ ਸਕਣ।’’ ਨਿਕੋਲੈਂਕੋ ਨੇ ਸਮਰਥਕ ਦੇਸ਼ਾਂ ਦਾ ਧੰਨਵਾਦ ਕੀਤਾ ਕਿ ਐਲਾਨ-ਨਾਮੇ ਵਿੱਚ ਯੂਕਰੇਨ ਦਾ ਜ਼ਿਕਰ ਕੀਤਾ ਗਿਆ ਹੈ।

**ਭਾਰਤ-ਮੱਧ ਪੂਰਬ-ਯੂਰਪ ਆਰਥਿਕ ਲਾਂਘਾ ਛੇਤੀ ਬਣੇਗਾ**

ਜਹਾਜ਼ਰਾਨੀ ਅਤੇ ਰੇਲਵੇ ਲਿੰਕਾਂ ਸਮੇਤ ਭਾਰਤ-ਮੱਧ ਪੂਰਬ-ਯੂਰੋਪ ਆਰਥਿਕ ਲਾਂਘਾ ਛੇਤੀ ਕਾਇਮ ਹੋਵੇਗਾ। ਸੂਤਰਾਂ ਨੇ ਕਿਹਾ ਕਿ ਆਪਣੀ ਤਰ੍ਹਾਂ ਦਾ ਪਹਿਲਾ ਆਰਥਿਕ ਲਾਂਘਾ ਇਤਿਹਾਸਕ ਪਹਿਲਕਦਮੀ ਹੈ। ਸਹਿਯੋਗ, ਸੰਪਰਕ ਅਤੇ ਬੁਨਿਆਦੀ ਢਾਂਚੇ ’ਤੇ ਆਧਾਰਿਤ ਇਸ ਲਾਂਘੇ ’ਚ ਭਾਰਤ, ਯੂਏਈ, ਸਾਊਦੀ ਅਰਬ, ਈਯੂ, ਫਰਾਂਸ, ਇਟਲੀ, ਜਰਮਨੀ ਅਤੇ ਅਮਰੀਕਾ ਸ਼ਾਮਲ ਹਨ। ਜੀ-20 ਸਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਯੂਰੋਪੀਅਨ ਕਮਿਸ਼ਨ ਦੀ ਮੁਖੀ ਉਰਸੁਲਾ ਵੋਨ ਡੇਰ ਲੇਯੇਨ ਨੇ ਇਸ ਪ੍ਰਾਜੈਕਟ ਦਾ ਐਲਾਨ ਕੀਤਾ। ਜੀ-20 ਸਿਖਰ ਸੰਮੇਲਨ ਦੌਰਾਨ ‘ਆਲਮੀ ਬੁਨਿਆਦੀ ਢਾਂਚੇ ਅਤੇ ਨਿਵੇਸ਼ ਲਈ ਭਾਈਵਾਲੀ’ ਅਤੇ ‘ਭਾਰਤ-ਪੱਛਮੀ ਏਸ਼ੀਆ-ਯੂਰੋਪ ਆਰਥਿਕ ਲਾਂਘੇ’ ਦੇ ਐਲਾਨ ਨਾਲ ਸਬੰਧਤ ਪ੍ਰੋਗਰਾਮ ’ਚ ਮੋਦੀ ਨੇ ਕਿਹਾ ਕਿ ਅੱਜ ਇਕ ਅਹਿਮ ਅਤੇ ਇਤਿਹਾਸਕ ਭਾਈਵਾਲੀ ’ਤੇ ਪਹੁੰਚ ਗਏ ਹਾਂ। ਉਨ੍ਹਾਂ ਕਿਹਾ ਕਿ ਇਹ ਲਾਂਘਾ ਪੂਰੀ ਦੁਨੀਆ ਦੇ ਸੰਪਰਕ ਅਤੇ ਲਗਾਤਾਰ ਵਿਕਾਸ ਨੂੰ ਇਕ ਨਵੀਂ ਸੇਧ ਦੇਵੇਗਾ।

ਭਾਰਤ ਨੇ ਗਲੋਬਲ ਬਾਇਓਫਿਊਲ ਅਲਾਇੰਸ ਲਾਂਚ ਕੀਤਾ ਹੈ ਜਿਸ ’ਚ ਭਾਰਤ ਤੋਂ ਇਲਾਵਾ ਅਮਰੀਕਾ, ਅਰ-ਜਨਟੀਨਾ, ਬੰਗਲਾਦੇਸ਼, ਬ੍ਰਾਜ਼ੀਲ, ਇਟਲੀ, ਮੌਰੀਸ਼ਸ, ਦੱਖਣੀ ਅਫ਼ਰੀਕਾ ਅਤੇ ਯੂਏਈ ਸ਼ਾਮਲ ਹਨ। ਕੈਨੇਡਾ ਅਤੇ ਸਿੰਗਾਪੁਰ ਨੂੰ ਨਿਗਰਾਨ ਮੁਲਕ ਬਣਾਇਆ ਗਿਆ ਹੈ। ਇਸ ਦਾ ਮਕਸਦ ਆਲਮੀ ਪੱਧਰ ’ਤੇ ਪੈਟਰੋਲ ਨਾਲ ਇਥਾਨੌਲ ਬਲੈਂਡਿੰਗ ਦੀ ਸਮਰੱਥਾ ਨੂੰ 20 ਫ਼ੀਸਦ ਤੱਕ ਲਿਆਉਣਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਾਫ਼ ਊਰਜਾ ਵੱਲ ਇਹ ਇਤਿਹਾਸਕ ਕਦਮ ਹੈ। ਉਨ੍ਹਾਂ ਕਿਹਾ ਕਿ ਅੱਜ ਸਮੇਂ ਦੀ ਮੰਗ ਹੈ ਕਿ ਊਰਜਾ ਮੁਸ਼ਕਲਾਂ ਦੇ ਮਾਮਲੇ ਵਿੱਚ ਸਾਰੇ ਦੇਸ਼ ਮਿਲ ਕੇ ਕੰਮ ਕਰਨ। ਅਲਾਇੰਸ ਦੇ ਬਾਨੀ ਮੈਂਬਰ ਹੋਰ ਮੁਲਕਾਂ ਤੱਕ ਪਹੁੰਚ ਬਣਾਉਣ ਦੀ ਕੋਸ਼ਿਸ਼ ਕਰਨਗੇ। ਗਲੋਬਲ ਬਾਇਓਫਿਊਲ ਅਲਾਇੰਸ ’ਚ ਇੰਟਰਨੈਸ਼ਨਲ ਸੋਲਰ ਅਲਾਇੰਸ ਦੀ ਝਲਕ ਮਿਲਦੀ ਹੈ ਜਿਸ ਦੀ ਨਵੀਂ ਦਿੱਲੀ ਅਤੇ ਪੈਰਿਸ ਨੇ 2015 ’ਚ ਵਕਾਲਤ ਕੀਤੀ ਸੀ।

**ਕੌਮਾਂਤਰੀ ਮੀਡੀਆ ਵੱਲੋਂ ਭਾਰਤ ਦੀ ਸ਼ਲਾਘਾ**

ਜੀ-20 ਸਿਖਰ ਸੰਮੇਲਨ ਸਫ਼ਲਤਾ ਨਾਲ ਕਰਾਉਣ ਲਈ ਦੁਨੀਆ ਭਰ ਦੇ ਮੀਡੀਆ ਨੇ ਭਾਰਤ ਦੀ ਸ਼ਲਾਘਾ ਕੀਤੀ ਹੈ, ਤੇ ਇਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੂਟਨੀਤਕ ਜਿੱਤ ਕਰਾਰ ਦਿੱਤਾ ਹੈ, ਜੋ ਕਿ ਆਲਮੀ ਮੰਚ ’ਤੇ ਦੇਸ਼ ਦਾ ਰਸੂਖ਼ ਵਧਾਉਣ ਦੇ ਯਤਨ ਕਰ ਰਹੇ ਹਨ। ਇਸ ਦੇ ਨਾਲ ਹੀ ਉਹ ਸੰਯੁਕਤ ਰਾਸ਼ਟਰ ਸਣੇ ਕਈ ਕੌਮਾਂਤਰੀ ਸੰਸਥਾਵਾਂ ਵਿਚ ਸੁਧਾਰਾਂ ਲਈ ਵੀ ਜ਼ੋਰ ਲਾ ਰਹੇ ਹਨ। ਬਲੂਮਬਰਗ ਨੇ ਕਿਹਾ ਕਿ ਜੀ-20 ਨੇ ਵਿਸ਼ਵ ਪੱਧਰੀ ਆਗੂ ਵਜੋਂ ਭਾਰਤ ਦੇ ਪ੍ਰਧਾਨ ਮੰਤਰੀ ਦੇ ਉਭਾਰ ਨੂੰ ਹੋਰ ਪੱਕਾ ਕੀਤਾ ਹੈ। ਉਨ੍ਹਾਂ ਇਸ ਨੂੰ ਭਾਰਤ ਤੇ ਮੋਦੀ ਦੀ ਜਿੱਤ ਕਰਾਰ ਦਿੱਤਾ। ਇਸ ਤੋਂ ਇਲਾਵਾ ‘ਪੋਲਿਟਿਕੋ’, ‘ਗਲਫ਼ ਨਿਊਜ਼’, ‘ਫਾਇਨਾਂਸ਼ੀਅਲ ਟਾਈਮਜ਼’, ‘ਦਿ ਗਾਰਡੀਅਨ’ ਵਿਚ ਵੀ ਸੰਮੇਲਨ ਬਾਰੇ ਲੇਖ ਪ੍ਰਕਾਸ਼ਿਤ ਹੋਏ ਹਨ।



# ਭਾਰਤ ਤੇ ਬਰਤਾਨੀਆ ਮੁਕਤ ਵਪਾਰ ਸਮਝੌਤੇ ਨੂੰ ਜਲਦੀ ਸਿਰੇ ਚੜ੍ਹਾਉਣ ਲਈ ਵਚਨਬੱਧ



**ਨਵੀਂ ਦਿੱਲੀ-** ਭਾਰਤ ਤੇ ਬਰਤਾਨੀਆ ਨੇ ਦੋਵਾਂ ਮੁਲਕਾਂ ਦਰਮਿਆਨ ਮੁਕਤ ਵਪਾਰ ਸਮਝੌਤੇ (ਐਫਟੀਏ) ਨੂੰ ਜਲਦੀ ਸਿਰੇ ਚੜ੍ਹਾਉਣ ਪ੍ਰਤੀ ਆਪਣੀ ਵਚਨਬੱਧਤਾ ਜ਼ਾਹਿਰ ਕੀਤੀ ਹੈ। ਬਰਤਾਨੀਆ ਦੇ ਖ਼ਜ਼ਾਨਾ ਮੰਤਰੀ ਜੈਰੇਮੀ ਹੰਟ ਤੇ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਿਹਾ ਕਿ ਦੋਵੇਂ ਧਿਰਾਂ ਨੇ ਐਫਟੀਏ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਦੀ ਇੱਛਾ ਜ਼ਾਹਿਰ ਕੀਤੀ ਹੈ। ਸੀਤਾਰਾਮਨ ਨੇ 12ਵੀਂ ਭਾਰਤ-ਬਰਤਾਨੀਆ ਆਰਥਿਕ ਤੇ ਵਿੱਤੀ ਵਾਰਤਾ ਮੁਕੰਮਲ ਹੋਣ ਤੋਂ ਬਾਅਦ ਕਿਹਾ, 'ਯਕੀਨੀ ਤੌਰ 'ਤੇ ਐਫਟੀਏ ਬਾਰੇ ਵਿਚਾਰ-ਚਰਚਾ ਹੋਈ ਹੈ, ਖਾਸ ਤੌਰ 'ਤੇ ਨਿਵੇਸ਼ ਦੇ ਪੱਖ ਤੋਂ, ਜੋ ਕਿ ਵਿੱਤ ਮੰਤਰਾਲੇ ਅਧੀਨ ਆਉਂਦਾ ਹੈ, ਅਤੇ ਦੋਵੇਂ ਧਿਰਾਂ ਇਸ ਸਮਝੌਤੇ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਪੂਰਾ ਕਰਨ ਦੇ ਹੱਕ ਵਿਚ ਹਨ ਤਾਂ ਕਿ ਆਖਰੀ ਸਹੀ ਪਾਈ ਜਾ ਸਕੇ।'

ਉਨ੍ਹਾਂ ਕਿਹਾ ਕਿ ਦੋਵੇਂ ਧਿਰਾਂ ਜਲਦੀ ਤੋਂ ਜਲਦੀ ਵਿਆਪਕ ਮੁਕਤ ਵਪਾਰ ਸਮਝੌਤੇ ਨੂੰ ਪੂਰਾ ਕਰਨਾ ਚਾਹੁੰਦੀਆਂ ਹਨ। ਮੀਟਿੰਗ ਬਾਰੇ ਦੱਸਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਚਰਚਾ ਤਕਨੀਕ ਤੇ ਬੁਨਿਆਦੀ ਢਾਂਚੇ ਦੀ ਉਸਾਰੀ 'ਚ ਭਾਈਵਾਲੀ, ਸਾਂਝੇ ਵਿਕਾਸ, ਜਲਵਾਯੂ ਖੇਤਰ ਵਿਚ ਅੱਗੇ ਵਧਣ ਉਤੇ ਕੇਂਦਰਤ ਰਹੀ ਹੈ। ਬਰਤਾਨੀਆ ਨੇ ਆਈਐਫਐੱਸਸੀ-ਗੁਜਰਾਤ ਇੰਟਰਨੈਸ਼ਨਲ ਫਾਇਨਾਂਸ ਟੈੱਕ-ਸਿਟੀ (ਗਿਫਟ ਸਿਟੀ) 'ਚ ਆਪਣੀ ਮੌਜੂਦਗੀ ਦੇ ਹੋਰ ਵਿਸਤਾਰ ਦੀ ਵੀ ਇੱਛਾ ਜ਼ਾਹਿਰ ਕੀਤੀ ਹੈ। ਇਸ ਦੇ ਨਾਲ ਹੀ ਬਰਤਾਨੀਆ ਫਿਨਟੈੱਕ ਖੇਤਰ ਵਿਚ ਵੀ ਭਾਈਵਾਲੀ ਵਧਾਉਣਾ ਚਾਹੁੰਦਾ ਹੈ। ਦੋਵਾਂ ਮੁਲਕਾਂ ਨੇ ਸਾਂਝਾ ਉੱਦਮ 'ਬਰਤਾਨੀਆ ਇੰਡੀਆ ਇਨਫਰਾਸਟਰੱਕਚਰ ਫਾਇਨਾਂਸਿੰਗ ਬਰਿੱਜ' ਵੀ ਲਾਂਚ ਕੀਤਾ ਹੈ ਜਿਸ ਦੀ ਅਗਵਾਈ ਨੀਤੀ ਆਯੋਗ ਤੇ 'ਸਿਟੀ ਆਫ ਲੰਡਨ ਕਾਰਪੋਰੇਸ਼ਨ' ਮਿਲ ਕੇ ਕਰਨਗੇ। ਇਸ ਤਹਿਤ ਵੱਡੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦੀ ਯੋਜਨਾਬੰਦੀ ਕਰ ਕੇ ਇਨ੍ਹਾਂ ਨੂੰ ਅਮਲੀ ਰੂਪ ਦਿੱਤਾ ਜਾਵੇਗਾ। ਕੇਂਦਰੀ ਮੰਤਰੀ ਨੇ ਕਿਹਾ ਕਿ ਉੱਭਰ ਰਹੀਆਂ ਤਕਨੀਕਾਂ ਜਿਵੇਂ ਕਿ ਏਆਈ, ਮਸ਼ੀਨ ਲਰਨਿੰਗ ਤੇ ਭਾਰਤ ਦਾ ਨਵਾਂ ਡਿਜੀਟਲ ਨਿੱਜੀ ਡੇਟਾ ਪ੍ਰੋਟੈਕਸ਼ਨ ਐਕਟ ਦੋਵਾਂ ਮੁਲਕਾਂ ਨੂੰ ਭਾਈਵਾਲੀ ਦੇ ਕਾਫ਼ੀ ਮੌਕੇ ਉਪਲੱਬਧ ਕਰਵਾ ਰਿਹਾ ਹੈ। ਜੈਰੇਮੀ ਹੰਟ ਨੇ ਇਸ ਮੌਕੇ ਭਾਰਤੀ ਕੰਪਨੀਆਂ ਦੀ ਲੰਡਨ ਸਟਾਕ ਐਕਸਚੇਂਜ ਵਿਚ ਸਿੱਧੀ ਲਿਸਟਿੰਗ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

# ਸਾਊਦੀ ਅਰਬ ਭਾਰਤ ਦਾ ਅਹਿਮ ਭਾਈਵਾਲ- ਮੋਦੀ

**ਨਵੀਂ ਦਿੱਲੀ-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਬਿਨ ਅਬਦੁੱਲਅਜ਼ੀਜ਼ ਅਲ-ਸਊਦ ਨਾਲ ਗੱਲਬਾਤ ਦੌਰਾਨ ਕਿਹਾ ਕਿ ਭਾਰਤ ਅਤੇ ਸਾਊਦੀ ਅਰਬ ਦੀ ਰਣਨੀਤਕ ਭਾਈਵਾਲੀ ਖੇਤਰੀ ਅਤੇ ਆਲਮੀ ਸਥਿਰਤਾ ਤੇ ਭਲਾਈ ਲਈ ਅਹਿਮ ਹੈ। ਸਾਊਦੀ ਅਰਬ ਨੂੰ ਭਾਰਤ ਦੇ ਸਭ ਤੋਂ ਅਹਿਮ ਰਣਨੀਤਕ ਭਾਈਵਾਲਾਂ 'ਚੋਂ ਇਕ ਕਰਾਰ ਦਿੰਦਿਆਂ ਮੋਦੀ ਨੇ ਕਿਹਾ ਕਿ ਬਦਲਦੇ ਸਮੇਂ ਦੇ ਨਾਲ ਦੋਵੇਂ ਮੁਲਕ ਆਪਣੇ ਸਬੰਧਾਂ 'ਚ ਨਵੇਂ ਦਿਸਹੱਦੇ ਜੋੜ ਰਹੇ ਹਨ। ਮੋਦੀ ਅਤੇ ਬਿਨ ਸਲਮਾਨ ਨੇ ਭਾਰਤ-ਸਾਊਦੀ ਅਰਬ ਰਣਨੀਤਕ ਭਾਈਵਾਲੀ ਪਰਿਸ਼ਦ ਦੀ ਪਹਿਲੀ ਮੀਟਿੰਗ 'ਚ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ। ਮੀਟਿੰਗ 'ਚ ਆਪਣੇ ਸ਼ੁਰੂਆਤੀ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ, "ਸਾਡੀ ਕਰੀਬੀ ਭਾਈਵਾਲੀ ਨੂੰ ਅਗਲੇ ਪੱਧਰ ਤੱਕ ਲਿਜਾਣ ਲਈ ਕਈ ਪਹਿਲ ਕਦਮੀਆਂ ਦੀ ਪਛਾਣ ਕੀਤੀ ਗਈ ਹੈ। ਅੱਜ ਦੀ ਮੀਟਿੰਗ 'ਚ ਸਾਡੇ ਸਬੰਧਾਂ ਨੂੰ ਇਕ ਨਵੀਂ ਸੇਧ ਅਤੇ ਊਰਜਾ ਮਿਲੇਗੀ।" ਅਹਿਮ ਖੇਤਰਾਂ 'ਚ ਸਹਿਯੋਗ ਵਧਾਉਣ ਦੇ ਉਦੇਸ਼ ਨਾਲ ਭਾਰਤ-ਸਾਊਦੀ ਅਰਬ ਰਣਨੀਤਕ ਭਾਈਵਾਲੀ ਪਰਿਸ਼ਦ ਦਾ ਐਲਾਨ 2019 'ਚ ਕੀਤਾ ਗਿਆ ਸੀ। ਜੀ-20 ਸਿਖਰ ਸੰਮੇਲਨ ਦੀ ਸਮਾਪਤੀ ਮਗਰੋਂ ਬਿਨ ਸਲਮਾਨ ਇਸ ਸਮੇਂ ਭਾਰਤ ਦੇ ਸਰਕਾਰੀ ਦੌਰੇ 'ਤੇ ਹਨ। ਵਾਰਤਾ ਤੋਂ ਪਹਿਲਾਂ ਸਾਊਦੀ ਅਰਬ ਦੇ ਪ੍ਰਿੰਸ ਦਾ ਰਾਸ਼ਟਰਪਤੀ ਭਵਨ 'ਚ ਸਰਕਾਰੀ ਤੌਰ 'ਤੇ ਸਵਾਗਤ ਕੀਤਾ ਗਿਆ। ਸਵਾਗਤ ਤੋਂ ਬਾਅਦ ਬਿਨ ਸਲਮਾਨ ਨੇ ਪੱਤਰਕਾਰਾਂ ਨੂੰ ਕਿਹਾ, "ਮੈਂ ਭਾਰਤ ਆ ਕੇ ਬਹੁਤ ਖੁਸ਼ ਹਾਂ। ਮੈਂ ਜੀ-20 ਸਿਖਰ ਸੰਮੇਲਨ ਲਈ ਭਾਰਤ ਨੂੰ ਵਧਾਈ ਦੇਣਾ ਚਾਹੁੰਦਾ ਹਾਂ।" ਸਾਊਦੀ ਆਗੂ ਨੇ ਕਿਹਾ ਕਿ ਸਿਖਰ ਸੰਮੇਲਨ 'ਚ ਕੀਤੇ ਗਏ ਐਲਾਨਾਂ ਨਾਲ ਦੁਨੀਆ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ, "ਅਸੀਂ ਦੋਵੇਂ ਮੁਲਕਾਂ ਦੇ ਵਧੀਆ ਭਵਿੱਖ ਦੇ ਨਿਰਮਾਣ ਲਈ ਮਿਲ ਕੇ ਕੰਮ ਕਰਾਂਗੇ।" ਸਾਊਦੀ ਅਰਬ ਪੱਛਮੀ ਏਸ਼ੀਆ 'ਚ ਭਾਰਤ ਦੇ ਪ੍ਰਮੁੱਖ ਰਣਨੀਤਕ ਭਾਈਵਾਲਾਂ 'ਚੋਂ ਇਕ ਹੈ। ਪਿਛਲੇ ਕੁਝ ਵਰ੍ਹਿਆਂ ਦੌਰਾਨ ਦੋਵੇਂ ਮੁਲਕ ਆਪਣੀ ਸੁਰੱਖਿਆ ਭਾਈਵਾਲੀ ਨੂੰ ਮਜ਼ਬੂਤ ਕਰਨ 'ਤੇ ਵੀ ਧਿਆਨ ਕੇਂਦਰਿਤ ਕਰ ਰਹੇ ਹਨ। ਤਤਕਾਲੀ ਫ਼ੌਜ ਮੁਖੀ ਜਨਰਲ ਐੱਮ ਐੱਮ ਨਰਵਾਣੇ ਨੇ ਦਸੰਬਰ 2020 'ਚ ਸਾਊਦੀ ਅਰਬ ਦਾ ਦੌਰਾ ਕੀਤਾ ਸੀ ਜੋ 13 ਲੱਖ ਤੋਂ ਵੱਧ ਸੈਨਿਕਾਂ ਦੀ ਸਮਰੱਥਾ ਵਾਲੀ ਮਜ਼ਬੂਤ ਫ਼ੌਜ ਮੁਖੀ ਵੱਲੋਂ ਮਹੱਤਵਪੂਰਨ ਖਾੜੀ ਮੁਲਕ ਦੀ ਪਹਿਲੀ ਯਾਤਰਾ ਸੀ।



**ਦੋਵਾਂ ਮੁਲਕਾਂ ਨੇ ਅੱਠ ਸਮਝੌਤਿਆਂ 'ਤੇ ਕੀਤੇ ਦਸਤਖ਼ਤ**

ਭਾਰਤ ਅਤੇ ਸਾਊਦੀ ਅਰਬ ਨੇ 50 ਅਰਬ ਡਾਲਰ ਦੇ ਵੈਸਟ ਕੋਸਟ ਰਿਫਾਇਨਰੀ ਪ੍ਰਾਜੈਕਟ ਨੂੰ ਤੇਜ਼ੀ ਨਾਲ ਲਾਗੂ ਕਰਨ ਦਾ ਫ਼ੈਸਲਾ ਲਿਆ ਹੈ। ਇਸ ਦੇ ਨਾਲ ਦੋਵੇਂ ਮੁਲਕਾਂ ਨੇ ਊਰਜਾ, ਰੱਖਿਆ, ਸੈਮੀਕੰਡਕਟਰ ਅਤੇ ਪੁਲਾੜ ਦੇ ਖੇਤਰ 'ਚ ਸਹਿਯੋਗ ਦਾ ਅਹਿਦ ਲਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਊਦੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਬਿਨ ਅਬਦੁੱਲਅਜ਼ੀਜ਼ ਅਲ-ਸਊਦ ਵਿਚਕਾਰ ਹੋਈ ਦੁਵੱਲੀ ਮੀਟਿੰਗ ਦੌਰਾਨ ਹਾਈਡਰੋਕਾਰਬਨ ਸਬੰਧਾਂ ਨੂੰ ਵਿਸਥਾਰ ਦੇਣ ਦਾ ਫ਼ੈਸਲਾ ਵੀ ਲਿਆ ਗਿਆ। ਇਸ ਦੇ ਨਾਲ ਡਿਜੀਟਾਈਜ਼ੇਸ਼ਨ ਅਤੇ ਨਿਵੇਸ਼ ਸਮੇਤ ਹੋਰ ਖੇਤਰਾਂ 'ਚ ਅੱਠ ਸਮਝੌਤਿਆਂ 'ਤੇ ਮੋਹਰ ਲਾਈ ਗਈ। ਦੋਵੇਂ ਮੁਲਕਾਂ ਨੇ ਅਰਾਮਕੋ, ਐਡਨੋਕ ਅਤੇ ਭਾਰਤੀ ਕੰਪਨੀਆਂ ਵਿਚਕਾਰ ਤਿਕੋਣੇ ਸਹਿਯੋਗ ਨਾਲ ਸਬੰਧਤ ਵੈਸਟ ਕੋਸਟ ਰਿਫਾਇਨਰੀ ਪ੍ਰਾਜੈਕਟ ਨੂੰ ਫੌਰੀ ਲਾਗੂ ਕਰਨ ਲਈ ਪੂਰੀ ਹਮਾਇਤ ਦੇਣ ਦਾ ਫ਼ੈਸਲਾ ਲਿਆ ਹੈ। ਦੋਵੇਂ ਆਗੂਆਂ ਵਿਚਕਾਰ ਊਰਜਾ, ਰੱਖਿਆ, ਸੁਰੱਖਿਆ, ਸਿੱਖਿਆ, ਤਕਨਾਲੋਜੀ, ਟਰਾਂਸਪੋਰਟੇਸ਼ਨ, ਸਿਹਤ-ਸੰਭਾਲ, ਸੈਰ-ਸਪਾਟਾ ਅਤੇ ਸੱਭਿਆਚਾਰ ਜਿਹੇ ਖੇਤਰਾਂ 'ਚ ਸਹਿਯੋਗ 'ਤੇ ਸਹਿਮਤੀ ਬਣੀ ਹੈ। ਦੋਵੇਂ ਮੁਲਕਾਂ ਨੇ ਪਾਵਰ, ਗੈਸ, ਆਪਟੀਕਲ ਗਰਿੱਡਾਂ ਅਤੇ ਫਾਈਬਰ ਨੈੱਟਵਰਕ ਬਾਰੇ ਵੀ ਚਰਚਾ ਕੀਤੀ। ਮੀਟਿੰਗ ਦੌਰਾਨ ਭਾਰਤ-ਮੱਧ ਪੂਰਬ ਆਰਥਿਕ ਲਾਂਘੇ ਦੇ ਐਲਾਨ ਦਾ ਵੀ ਸਵਾਗਤ ਕੀਤਾ ਗਿਆ। ਸਾਊਦੀ ਆਗੂ ਨੇ ਕਿਹਾ ਕਿ ਸਿਖਰ ਸੰਮੇਲਨ ਦੌਰਾਨ ਕੀਤੇ ਗਏ ਐਲਾਨਾਂ ਦਾ ਪੂਰੀ ਦੁਨੀਆ ਨੂੰ ਲਾਭ ਹੋਵੇਗਾ।




ਦੇਸ਼ ਦੁਆਬਾ

## ਵਨ ਨੇਸ਼ਨ, ਵਨ ਇਲੈਕਸ਼ਨ ਦੀ ਚਰਚਾ

ਹਾਲ ਹੀ ਵਿਚ ਭਾਰਤ ਦੀ ਰਾਜਨੀਤੀ ਵਿਚ ਵਨ ਨੇਸ਼ਨ, ਵਨ ਇਲੈਕਸ਼ਨ ਦੀ ਚਰਚਾ ਚੱਲ ਰਹੀ ਹੈ। ਦਰਅਸਲ ਇਹ ਚਰਚਾ 1980 ਦੇ ਦਹਾਕੇ ਤੋਂ ਆਰੰਭ ਹੋਈ ਸੀ ਪਰ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਰੰਭ ਤੋਂ ਹੀ ਇਸ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਹਾਲ ਹੀ ਵਿਚ ਇਸ ਦੀ ਚਰਚਾ ਇਸ ਕਰਕੇ ਜ਼ਿਆਦਾ ਹੋ ਰਹੀ ਹੈ ਕਿਉਂਕਿ ਸਰਕਾਰ ਨੇ ਸਾਬਕਾ ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ ਦੀ ਅਗਵਾਈ ਵਿਚ ਇਕ ਕਮੇਟੀ ਬਣਾਈ ਹੈ, ਜੋ ਸਾਰੀਆਂ ਧਿਰਾਂ ਤੋਂ ਰਾਏ ਲਵੇਗੀ।

ਅਸਲ ਵਿਚ ਭਾਰਤ ਵਿਚ 1970 ਤੱਕ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਇਕੱਠੀਆਂ ਹੀ ਹੋਇਆ ਕਰਦੀਆਂ ਸਨ। ਉਸ ਤੋਂ ਬਾਅਦ ਇੰਦਰਾ ਗਾਂਧੀ ਅਤੇ ਪੀ. ਵੀ. ਨਰਸਿਮ੍ਹਾ ਰਾਓ ਦੇ ਵਕਤ ਸੂਬਾ ਸਰਕਾਰਾਂ ਨੂੰ ਭੰਗ ਕੀਤਾ ਗਿਆ। ਕੁਝ ਸੂਬਿਆਂ ਵਿਚ ਸਿਆਸੀ ਅਸਥਿਰਤਾ ਕਾਰਨ ਸਰਕਾਰਾਂ ਅੱਧ ਵਿਚਕਾਰ ਟੁੱਟ ਗਈਆਂ। ਇਸ ਕਾਰਨ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਦਾ ਸਮਾਂ ਬਦਲ ਗਿਆ। ਹੁਣ ਹਾਲਤ ਇਹ ਹੈ ਕਿ ਭਾਰਤ ਵਿਚ ਹਰ ਸਾਲ 5-7 ਸੂਬਿਆਂ ਵਿਚ ਚੋਣਾਂ ਹੁੰਦੀਆਂ ਰਹਿੰਦੀਆਂ ਹਨ।

ਜਿੱਥੋਂ ਤੱਕ ਇਸ ਦੀ ਹਮਾਇਤ ਦਾ ਸਬੰਧ ਹੈ, ਭਾਜਪਾ ਸਮੇਤ ਇਸ ਦੀਆਂ ਸਹਿਯੋਗੀ ਪਾਰਟੀਆਂ ਇਸ ਦੇ ਹੱਕ ਵਿਚ ਹਨ ਕਿ ਭਾਰਤ ਵਿਚ ਲੋਕ ਸਭਾ ਦੇ ਨਾਲ ਵਿਧਾਨ ਸਭਾ, ਸਥਾਨਕ ਪੰਚਾਇਤਾਂ ਤੱਕ ਚੋਣਾਂ ਇਕੱਠੀਆਂ ਹੀ ਹੋ ਜਾਣ। ਜੇਕਰ ਕੇਂਦਰ ਵਿਚ ਸਰਕਾਰ ਅੱਧ ਵਿਚਕਾਰ ਟੁੱਟ ਜਾਂਦੀ ਹੈ ਤਾਂ ਬਚੇ ਕਾਰਜਕਾਲ ਲਈ ਹੀ ਅਗਲੀ ਲੋਕ ਸਭਾ ਦੀ ਚੋਣ ਹੋਵੇ। ਜੇਕਰ ਕਿਸੇ ਸੂਬੇ ਵਿਚ ਸਰਕਾਰ ਅੱਧ ਵਿਚਕਾਰ ਟੁੱਟ ਜਾਂਦੀ ਹੈ ਤਾਂ ਉਸ ਸੂਬੇ ਵਿਚ ਬਚੇ ਕਾਰਜਕਾਲ ਲਈ ਹੀ ਚੋਣ ਹੋਵੇ। ਜਿਵੇਂ ਕਿ ਜੇਕਰ ਕਿਸੇ ਸੂਬੇ ਵਿਚ 2 ਸਾਲਾਂ ਵਿਚ ਸਰਕਾਰ ਟੁੱਟ ਜਾਂਦੀ ਹੈ ਤਾਂ ਉਪ ਚੋਣ ਸਿਰਫ ਬਚੇ 3 ਸਾਲ ਦੇ ਕਾਰਜਕਾਲ ਲਈ ਹੋਵੇ ਅਤੇ ਇਹੀ ਫਾਰਮੂਲਾ ਲੋਕ ਸਭਾ ਲਈ ਅਪਣਾਇਆ ਜਾ ਸਕਦਾ ਹੈ। ਇਸ ਦਾ ਫਾਇਦਾ ਇਹ ਗਿਣਾਇਆ ਜਾਂਦਾ ਹੈ ਕਿ ਦੇਸ਼ ਵਾਰ-ਵਾਰ ਚੋਣਾਂ ਦੇ ਮੋਡ ਵਿਚ ਜਾਣ ਤੋਂ ਬਚੇਗਾ, ਸਰਕਾਰਾਂ ਨੂੰ ਵਿਕਾਸ ਯੋਜਨਾਵਾਂ ਅਤੇ ਪ੍ਰਸ਼ਾਸਨਿਕ ਸੁਧਾਰਾਂ ਲਈ ਜ਼ਿਆਦਾ ਸਮਾਂ ਮਿਲੇਗਾ ਅਤੇ ਵਾਰ-ਵਾਰ ਚੋਣਾਂ ਵਿਚ ਜਾਣ ਦੀ ਤਲਵਾਰ ਸਿਆਸੀ ਪਾਰਟੀਆਂ ਦੇ ਸਿਰ 'ਤੇ ਨਹੀਂ ਲਟਕੇਗੀ। ਸਰਕਾਰੀ ਮਸ਼ੀਨਰੀ ਜਿਹੜੀ ਚੋਣਾਂ ਵਿਚ ਹੁਣ ਵਕਤ ਲਗਾਉਂਦੀ ਹੈ, ਉਹ ਵੀ ਬਚ ਜਾਵੇਗੀ।

ਇਸ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਇਕੋ ਵਾਰ ਚੋਣਾਂ ਕਰਵਾਉਣ ਨਾਲ ਮੋਦੀ ਨੂੰ ਫਾਇਦਾ ਹੋ ਸਕਦਾ ਹੈ। ਉਹ ਕਹਿੰਦੇ ਹਨ ਕਿ ਜਿਵੇਂ ਰਾਜਸਥਾਨ, ਦਿੱਲੀ ਅਤੇ ਹੋਰ ਕਈ ਸੂਬਿਆਂ ਵਿਚ ਭਾਜਪਾ ਲੋਕ ਸਭਾ ਦੀਆਂ ਸਾਰੀਆਂ ਸੀਟਾਂ ਜਿੱਤ ਗਈ ਸੀ ਪਰ ਵਿਧਾਨ ਸਭਾ ਵਿਚ ਹਾਰ ਗਈ। ਖੇਤਰੀ ਪਾਰਟੀਆਂ ਦਾ ਡਰ ਹੈ ਕਿ ਇਸ ਤਰ੍ਹਾਂ ਉਹਨਾਂ ਦੀ ਹੋਂਦ ਹੀ ਖਤਮ ਹੋ ਜਾਵੇਗੀ। ਮੁਲਕ ਵਿਚ ਕੌਮੀ ਪਾਰਟੀਆਂ ਹੀ ਬਚੀਆਂ ਰਹਿ ਜਾਣਗੀਆਂ ਅਤੇ ਛੋਟੀਆਂ ਪਾਰਟੀਆਂ ਖਤਮ ਹੋ ਜਾਣਗੀਆਂ। ਇਸ ਯੋਜਨਾ ਦੇ ਮੂਹਰੇ ਚੁਣੌਤੀਆਂ ਵੀ ਬਹੁਤ ਹਨ। ਪਹਿਲੀ ਚੁਣੌਤੀ ਤਾਂ ਇਹ ਹੈ ਕਿ ਸੰਵਿਧਾਨਕ ਸੋਧ ਕਰਨੀ ਹੋਵੇਗੀ। 2/3 ਰਾਜਾਂ ਤੋਂ ਇਸ ਦੀ ਸਹਿਮਤੀ ਲੈਣੀ ਪਵੇਗੀ। ਜ਼ਿਆਦਾਤਰ ਸਿਆਸੀ ਪਾਰਟੀਆਂ ਨੂੰ ਇਸ ਯੋਜਨਾ ਦੇ ਨਾਲ ਲੈ ਕੇ ਚੱਲਣਾ ਪਵੇਗਾ। ਇਕੋ ਵਾਰ ਚੋਣ ਕਰਵਾਉਣ ਲਈ ਜ਼ਿਆਦਾ ਮਸ਼ੀਨਾਂ ਦੀ ਲੋੜ ਵੀ ਪਵੇਗੀ। ਜਿੱਥੋਂ ਤੱਕ ਚੋਣ ਕਮਿਸ਼ਨ ਦਾ ਸਵਾਲ ਹੈ, ਚੋਣ ਕਮਿਸ਼ਨ ਇਸ ਲਈ ਤਿਆਰ ਹੈ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਪੰਜ ਸਾਲ ਵਿਚ ਇਕ ਵਾਰ ਚੋਣਾਂ ਕਰਵਾ ਕੇ ਫਿਰ ਉਹ ਦੁਨੀਆਂ ਦੇ ਕਈ ਮੁਲਕਾਂ ਦੀਆਂ ਚੋਣਾਂ ਕਰਵਾਉਣ ਦੇ ਠੇਕੇ ਵੀ ਹਾਸਲ ਕਰ ਸਕਦਾ ਹੈ। ਕੁੱਲ ਮਿਲਾ ਕੇ ਵਾਦ-ਵਿਵਾਦ ਜਾਰੀ ਹੈ।

# 21 ਸਿੱਖ ਸ਼ਹੀਦਾਂ ਦੀ ਅਨੋਖੀ ਗਾਥਾ ਸਾਕਾ ਸਾਰਾਗੜ੍ਹੀ

**ਦਿਲਜੀਤ ਸਿੰਘ ਬੇਦੀ**

ਦੁਨੀਆ ਦੇ ਇਤਿਹਾਸ 'ਚ ਸਾਰਾਗੜ੍ਹੀ ਦੀ ਅਸਾਵੀਂ ਜੰਗ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ। ਇਹ ਸਾਕਾ 12 ਸਤੰਬਰ 1897 ਨੂੰ ਸਮਾਨਾ ਰੇਂਜ ਉਤੇ ਸਥਿਤ ਬਣੀ ਸਾਰਾਗੜ੍ਹੀ ਦੀ ਚੌਂਕੀ ਵਿਖੇ 36 ਸਿੱਖ ਰੈਜੀਮੈਂਟ ਦੇ 21 ਸਿੱਖ ਜਾਂਬਾਜ਼ ਸਿਪਾਹੀਆਂ ਨੇ ਦਸ ਹਜ਼ਾਰ ਦੇ ਕਰੀਬ ਓਰਕਜਾਈ ਤੇ ਅਫਰੀਦੀ, ਕਬਾਇਲੀਆਂ ਨਾਲ ਸਾਹਮਣਾ ਕਰਦੇ ਸਮੇਂ ਵਾਪਰਿਆ ਸੀ।

ਇਹ ਦੱਰਾ ਖੈਬਰ ਦੇ ਪ੍ਰਵੇਸ਼ ਦੁਆਰ ਉਤੇ ਸਥਿਤ ਹੋਣ ਕਾਰਨ ਵਿਦੇਸ਼ੀ ਧਾੜਵੀਆਂ ਜਾਂ ਵਪਾਰੀਆਂ ਲਈ ਲਾਭਦਾਇਕ ਹੈ ਅਤੇ ਆਰੀਅਨ ਪਰਵਾਸੀਆਂ ਨੇ ਭਾਰਤ 'ਚ ਵੱਡੇ ਪੱਧਰ 'ਤੇ ਏਸੇ ਰਸਤੇ ਪ੍ਰਵੇਸ਼ ਕੀਤਾ। ਸਿਕੰਦਰ, ਚੰਗੇਜ਼ ਖਾਂ, ਮੁਹੰਮਦ ਗਜ਼ਨਵੀ, ਬਾਬਰ ਵੀ ਆਇਆ। ਬਾਅਦ ਵਿਚ ਬਰਤਾਨੀਆਂ ਨੇ ਇਸ ਇਲਾਕੇ ਤੋਂ ਰੂਸੀ ਦਬਦਬਾ ਖ਼ਤਮ ਕਰਨ ਲਈ 1891 ਵਿੱਚ ਸਮਾਨਾ ਰੇਜ਼ ਉਤੇ ਕਿਲ੍ਹੇ 'ਤੇ ਚੌਕੀਆਂ ਦੀ ਸਥਾਪਨਾ ਕੀਤੀ। 36 ਸਿੱਖ ਰੈਜੀਮੈਂਟ 23 ਮਾਰਚ 1887 ਨੂੰ ਹੋਂਦ ਵਿਚ ਆਈ। ਇਸ ਵਿੱਚ ਪੰਜਾਬ ਫਰੰਟੀਅਰ ਫੋਰਸ, ਬੰਗਾਲ ਇਨਫੈਂਟਰੀ ਦੀਆਂ 8 ਕੰਪਨੀਆਂ ਦੇ 225 ਚੌਣਵੇਂ ਬਹਾਦਰ ਸ਼ਾਮਲ ਕੀਤੇ ਗਏ। ਪਰ ਫਿਰ ਪੰਜਾਬ ਵਿਚੋਂ 8 ਮਈ 1887, ਜਨਵਰੀ 1888 ਫਿਰ 1891 ਵਿੱਚ ਨਵੀਂ ਭਰਤੀ ਕੀਤੀ ਜਿਸ ਵਿੱਚ 2529 ਨੌਜਵਾਨ ਚੁਣੇ ਗਏ। ਇਹ ਰੈਜੀਮੈਂਟ 31 ਦਸੰਬਰ 1896 ਨੂੰ ਕੋਹਾਟ ਪਹੁੰਚੀ 1 ਮਈ 1821 ਵਿੱਚ ਕਿਲ੍ਹਾ ਗੁਲਿਸਤਾਨ (ਕਾਵਾਗਨਰੀ) 6152 ਫੁੱਟ ਦੀ ਉਚਾਈ ਉਤੇ ਮਜ਼ਬੂਤ ਪੱਥਰਾਂ ਨਾਲ ਬਣਵਾਇਆ ਗਿਆ। ਜਿਸ ਵਿੱਚ 200 ਜਵਾਨ ਅਤੇ ਕਿਲ੍ਹਾ ਮਸਤਾਨ (ਲਾਕੱਹਰਟ) ਨੂੰ 6743 ਫੁੱਟ ਦੀ ਉਚਾਈ ਤੇ ਬਣਾਇਆ ਜਿਸ ਵਿੱਚ 300 ਜਵਾਨਾਂ ਦੇ ਰਹਿਣ ਦਾ ਪ੍ਰਬੰਧ ਸੀ। ਇਨ੍ਹਾਂ ਕਿਲ੍ਹਿਆ ਦੀਆਂ ਕੰਧਾਂ 12 ਤੋਂ 15 ਫੁੱਟ ਉੱਚੀਆਂ ਮਜ਼ਬੂਤ ਪੱਥਰਾਂ ਦੀਆਂ ਸਨ।



ਪੰਜ ਮੀਲ ਦੇ ਖੇਤਰ ਵਿਚ ਪੰਜ ਚੌਂਕੀਆਂ ਵੀ ਸਥਾਪਤ ਹੋਈਆਂ। ਜੋ ਦੁਸ਼ਮਣ ਦੀ ਹਰਕਤ ਨੂੰ ਕਿਲ੍ਹਿਆਂ ਤੀਕ ਪਹੁੰਚਾਉਂਦੀਆਂ ਸਨ। ਲੜਾਈ ਸਮੇਂ 168 ਸਿੱਖ ਸਿਪਾਹੀ ਲਾਕੱਹਰਟ ਕਿਲ੍ਹੇ ਤੇ ਅਤੇ ਗੁਲਿਸਤਾਨ 175 ਸਿੱਖ ਸਿਪਾਹੀ ਮੌਜੂਦ ਸਨ, ਧਾਰਚੌਂਕੀ ਵਿੱਚ 37 ਸਿਪਾਹੀ ਤੇ ਸਰਤੋਪ ਚੌਂਕੀ ਵਿੱਚ 21 ਸਿਪਾਹੀ ਤਾਇਨਾਤ ਸਨ। ਸਾਰਾਗੜ੍ਹੀ ਵਿੱਚ ਹਵਾਲਦਾਰ ਈਸ਼ਰ ਸਿੰਘ ਦੀ ਅਗਵਾਈ ਵਿੱਚ 21 ਸਿੱਖ ਸਿਪਾਹੀ ਤੇ ਇੱਕ ਸਫ਼ਾਈ ਮਜ਼ਦੂਰ ਖੁਦਾਦਾਦ ਮੌਜੂਦ ਸੀ। 36 ਸਿੱਖ ਰੈਜੀਮੈਂਟ 23 ਮਾਰਚ, 1887 ਨੂੰ ਕਰਨਲ ਜਿਮ ਕੁਕ ਦੀ ਕਮਾਂਡ ਹੇਠ ਜਲੰਧਰ ਛਾਉਣੀ ਵਿੱਚ ਆਰਮੀ ਦੇ ਕਲਾਜ ਨੰਬਰ 46 ਮੁਤਾਬਿਕ ਹੋਂਦ ਵਿੱਚ ਆਈ। ਇਸ ਵਿੱਚ ਪੰਜਾਬ ਫਰੰਟੀਅਰ ਫ਼ੋਰਸ ਅਤੇ ਬੰਗਾਲ ਇਨਫੈਂਟਰੀ ਦੀਆਂ 8 ਕੰਪਨੀਆਂ ਤੋਂ 225 ਚੋਣਵੇਂ ਬਹਾਦਰ ਸ਼ਾਮਲ ਕੀਤੇ ਗਏ ਤੇ 8 ਮਈ, 1887 ਨੂੰ ਸਾਰੇ ਪੰਜਾਬ ਵਿੱਚੋਂ ਨਵੀਂ ਭਰਤੀ ਕੀਤੀ ਗਈ, ਜੋ ਕਿ ਕਰਨਲ ਕੂਕ ਤੇ ਕੈਪਟਨ ਐੱਚ.ਆਰ. ਹਲਮਸ ਦੀ ਦੇਖ-ਰੇਖ ਵਿੱਚ ਹੋਈ। ਸਾਰੇ ਭਰਤੀ ਕੀਤੇ ਸਿੱਖਾਂ ਦਾ ਕੱਦ ਘੱਟ ਤੋਂ ਘੱਟ 5 ਫੁੱਟ 8 ਇੰਚ ਤੋਂ ਛਾਤੀ 36 ਇੰਚ ਚੌੜੀ ਹੁੰਦੀ ਸੀ। ਜਨਵਰੀ 1888 ਤੱਕ 912 ਜਵਾਨ ਭਰਤੀ ਹੋ ਗਏ ਤੇ 1891 ਤੱਕ ਕੁੱਲ ਭਰਤੀ 2529 ਹੋਈ। ਸਿਖਲਾਈ ਤੋਂ ਬਾਅਦ ਮਾਰਚ 1891 ਵਿੱਚ ਰੈਜੀਮੈਂਟ ਨੂੰ ਪਹਿਲਾਂ ਦਿੱਲੀ ਵਿੱਚ ਤੇ ਫਿਰ ਮਨੀਪੁਰ ਵਿੱਚ ਤਾਇਨਾਤ ਕੀਤਾ ਗਿਆ। 25 ਜੂਨ, 1894 ਨੂੰ ਕਮਾਂਡਰ ਜਿਮ ਕੂਕ ਆਪਣੇ ਸਾਲ ਦਾ ਕਾਰਜਕਾਲ ਪੂਰਾ ਕਰ ਕੇ ਸੇਵਾ-ਮੁਕਤ ਹੋ ਗਿਆ। ਫਿਰ ਲੈਫ਼ਟੀਨੈਂਟ ਕਰਨਲ ਜੋਨ ਹਾਟਨ ਨੂੰ ਨਵਾਂ ਕਮਾਂਡਰ ਨਿਯੁਕਤ ਕੀਤਾ ਗਿਆ ਤੇ ਮੇਜਰ ਚਾਰਲਸ ਹੈਮਿਲਟਨ ਡੇਸ ਵੌਇਕਸ ਨੂੰ ਮੀਤ ਕਮਾਂਡਰ ਬਣਾਇਆ ਗਿਆ। ਪਿੰਡ ਸਾਰਾ ਵਿਖੇ 6200 ਫੁੱਟ ਦੀ ਉੱਚੀ ਪਹਾੜੀ 'ਤੇ ਸਾਰਾਗੜ੍ਹੀ ਚੌਂਕੀ ਬਣਾਈ ਗਈ ਸੀ। ਮਿਸ਼ਨ ਸਾਰਾਗੜ੍ਹੀ ਦੇ ਲੇਖਕ ਡਾ. ਗੁਰਿੰਦਰਪਾਲ ਸਿੰਘ ਜੋਸਨ ਨੇ ਬਰਤਾਨਵੀਂ ਫ਼ੌਜੀ ਅਧਿਕਾਰੀਆਂ ਦੀਆਂ ਚਿਠੀਆਂ ਦਾ ਜ਼ਿਕਰ ਕੀਤਾ ਹੈ ਜੋ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।

16 ਜਨਵਰੀ, 1898 ਨੂੰ ਕਮਾਂਡਰ ਜੌਨ ਹਾਟਨ ਵੱਲੋਂ ਲਿਖੀ ਚਿੱਠੀ ਮੁਤਾਬਿਕ, ਸਮਾਨਾ ਉੱਤੇ ਸਾਡੀ ਅੱਧੀ ਬਟਾਲੀਅਨ (36 ਸਿੱਖ ਰੈਜੀਮੈਂਟ) ਸੱਤ ਚੌਂਕੀਆਂ ਵਿੱਚ ਵੰਡੀ ਹੋਈ ਸੀ, ਜੋ ਅੱਠ ਮੀਲ ਦੇ ਘੇਰੇ ਵਿੱਚ ਫੈਲੀ ਹੋਈ ਸੀ ਫਿਰ ਜੇ ਸਾਡੇ ਕੋਲ ਦੋ ਪਹਾੜੀ ਤੋਪਾਂ ਹੁੰਦੀਆਂ, ਤਾਂ ਅਸੀਂ ਨਾ ਸਿਰਫ਼ ਹਾਲਾਤ ਕਾਬੂ ਕਰ ਸਕਦੇ ਸੀ, ਸਗੋਂ ਦੁਸ਼ਮਣ ਨੂੰ ਖ਼ਤਮ ਵੀ ਕਰ ਸਕਦੇ ਸੀ। ਦੁਸ਼ਮਣ ਦੀਆਂ ਗੁਰੀਲਾ ਨੀਤੀਆਂ ਅਤੇ ਵਧੀਆ ਹਥਿਆਰ ਹੋਣਾ, ਜਦਕਿ ਸਾਡੇ ਸੈਨਿਕਾਂ (ਸਾਰਾਗੜ੍ਹੀ ਵਾਲੇ) ਕੋਲ ਲੀ-ਮੈਟਫੋਰਡ ਸੀ। 12 ਫ਼ਰਵਰੀ, 1898 ਵਿੱਚ ਟਾਇਮਜ਼ ਅਖ਼ਬਾਰ ਵਿੱਚ ਛਪੀ ਜਨਰਲ ਬਿਗਸ ਦੀ ਰਿਪੋਰਟ ਮੁਤਾਬਿਕ, ਮੈਂ ਆਸ ਕਰਦਾ ਹਾਂ ਕਿ 21 ਸਿੱਖਾਂ ਦੀ ਇਸ ਵਫ਼ਾਦਾਰੀ ਤੇ ਬੇਮਿਸਾਲ ਬਹਾਦਰੀ ਨੂੰ ਬਰਤਾਨੀਆ ਦੇ ਫ਼ੌਜੀ ਇਤਿਹਾਸ ਵਿੱਚ ਖ਼ਾਸ ਥਾਂ ਦਿੰਦੇ ਹੋਏ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇ।

ਲੰਡਨ ਗਜ਼ਟ ਵਿੱਚ 11 ਫ਼ਰਵਰੀ, 1898 ਨੂੰ ਗਵਰਨਰ ਜਨਰਲ ਦਾ ਬਿਆਨ ਛਪਿਆ, 36 ਸਿੱਖ ਰੈਜੀਮੈਂਟ ਦੇ ਜਵਾਨ ਕਿਲ੍ਹਾ ਲੌਕਹਰਟ ਤੋਂ ਬੇਮਿਸਾਲ ਬਹਾਦਰੀ ਨਾਲ ਲੜੇ ਤੇ ਸਾਰਾਗੜ੍ਹੀ ਪੋਸਟ ਤੋਂ 21 ਸਿੱਖ ਜਵਾਨਾਂ ਨੇ ਹਵਾਲਦਾਰ ਈਸ਼ਰ ਸਿੰਘ ਦੀ ਅਗਵਾਈ ਵਿੱਚ, ਜੋ ਬੇਮਿਸਾਲ ਦਲੇਰਾਨਾ ਲੜਾਈ ਲੜੀ ਉਹ ਭਾਰਤੀ ਫ਼ੌਜ ਦੇ ਇਤਿਹਾਸ ਵਿੱਚ ਪਹਿਲੀ ਮਿਸਾਲ ਹੈ। ਮਹਾਰਾਣੀ ਵਿਕਟੋਰੀਆ ਨੂੰ ਬਾਲਮੋਰਲ ਵਿੱਚ 16 ਸਤੰਬਰ, 1897 ਨੂੰ ਟੈਲੀਗ੍ਰਾਮ ਜ਼ਰੀਏ ਫਰੰਟੀਅਰ ਦੀ ਲੜਾਈ ਦੀ ਖ਼ਬਰ ਪਹੁੰਚਾਈ ਗਈ ਤਾਂ ਉਸਨੇ ਕਿਹਾ, ਸਿੱਖਾਂ ਨੇ ਬੇਮਿਸਾਲ ਵਫ਼ਾਦਾਰੀ ਤੇ ਬਹਾਦਰੀ ਨਾਲ 30 ਘੰਟੇ ਲਗਾਤਾਰ ਲੜਦੇ ਹੋਏ ਕਿਲ੍ਹਾ ਕਾਵਾਗਨਰੀ ਨੂੰ ਦੁਸ਼ਮਣਾਂ ਨਾਲ ਲੜਦੇ ਹੋਏ ਬਚਾਇਆ। 13 ਜੁਲਾਈ, 1898 ਨੂੰ ਸਰਕਾਰੀ ਰਿਕਾਰਡ ਵਿੱਚ ਇਹ ਦਰਜ ਕੀਤਾ ਗਿਆ ਕਿ, ਕੁਈਨ ਦੀ ਸਰਕਾਰ ਇਸ (ਫ਼ਰੰਟੀਅਰ) ਵਿੱਚ ਬਰਤਾਨਵੀਂ ਤੇ ਭਾਰਤੀ ਅਫ਼ਸਰਾਂ ਤੇ ਸਿਪਾਹੀਆਂ ਵੱਲੋਂ ਵਿਖਾਈ ਗਈ ਬਹਾਦਰੀ ਦਾ ਸਨਮਾਨ ਕਰਦੀ ਹੈ ਤੇ ਖ਼ਾਸ ਕਰਕੇ 36 ਸਿੱਖ ਰੈਜੀਮੈਂਟ ਦੇ ਉਨ੍ਹਾਂ ਜਵਾਨਾਂ ਦੀ, ਜਿਨ੍ਹਾਂ ਨੇ ਆਖ਼ਰੀ ਸਾਹ ਤੱਕ ਬੇਮਿਸਾਲ ਬਹਾਦਰੀ ਵਿਖਾਉਂਦੇ ਹੋਏ ਸਾਰਾਗੜ੍ਹੀ ਪੋਸਟ ਦੀ ਰੱਖਿਆ ਕੀਤੀ।

ਭਾਰਤ ਦੇ ਵਾਇਸਰਾਏ ਲਾਰਡ ਕੁਰਜੋਨ ਨੇ ਲਾਹੌਰ ਵਿੱਚ ਸਾਬਕਾ ਫ਼ੌਜੀਆਂ ਦੇ ਇੱਕ ਸਮਾਗਮ ਵਿੱਚ 6 ਅਪ੍ਰੈਲ, 1899 ਨੂੰ ਆਪਣੇ ਭਾਸ਼ਣ ਵਿੱਚ ਕਿਹਾ, ਮੈਂ ਸਿੱਖ ਕੌਮ ਉੱਤੇ ਮਾਣ ਕਰਦਾ ਹਾਂ ਕਿ ਉਨ੍ਹਾਂ ਨੇ ਬਰਤਾਨਵੀਂ ਰਾਜ ਦੇ 50 ਸਾਲਾਂ ਵਿੱਚ ਫ਼ੌਜ ਅੰਦਰ ਸੇਵਾਵਾਂ ਦਿੰਦੇ ਹੋਏ, ਜੋ ਬਹਾਦਰੀ ਵਿਖਾਈ, ਉਹ ਹੋਰ ਕੋਈ ਭਾਰਤੀ ਕੌਮ ਨਹੀਂ ਦਿਖਾ ਸਕੀ।

ਨਵੰਬਰ 1901 ਵਿੱਚ ਕਿਲ੍ਹਾ ਲੱਾਕਹਰਟ ਦੇ ਕੋਲ ਤੇ ਮੌਜੂਦਾ ਸਮੇਂ ਓਰਕਜ਼ਾਈ ਏਜੰਸੀ ਦੇ ਹੈਡਕੁਆਟਰ ਦੇ ਨਾਲ ਸਾਰਾਗੜ੍ਹੀ ਦੇ 21 ਅਣਖੀ ਸੂਰਮਿਆਂ ਦੀ ਯਾਦ ਵਜੋਂ ਇੱਕ ਮਿਨਾਰ ਬਣਵਾਇਆ ਗਿਆ। ਸਮੇਂ ਦੇ ਬੀਤਣ ਨਾਲ ਇਸ ਯਾਦਗਾਰ ਦਾ ਕੁੱਝ ਕੱਟੜ ਪੰਥੀਆਂ ਵੱਲੋਂ ਕਾਫ਼ੀ ਨੁਕਸਾਨ ਕੀਤਾ ਗਿਆ। ਸਾਰਾਗੜ੍ਹੀ ਫਾਊਂਡੇਸ਼ਨ (1987 ਨੂੰ ਅੱਮ੍ਰਿਤਸਰ ਵਿਖੇ ਹੋਂਦ ਵਿੱਚ ਆਈ) ਵੱਲੋਂ ਮਾਰਚ 2017 ਵਿੱਚ ਇਸ ਮੀਨਾਰ ਦੀ ਦੁਬਾਰਾ ਮੁਰੰਮਤ ਕਰਵਾ ਕੇ 21 ਸਿੱਖਾਂ ਦੇ ਨਾਵਾਂ ਵਾਲੀਆਂ ਪੱਥਰ ਦੀਆਂ ਸਿੱਲ੍ਹਾਂ (ਪੰਜਾਬੀ ਅਤੇ ਉਰਦੂ ਵਿੱਚ) ਲਗਵਾਉਣ ਤੋਂ ਬਾਅਦ ਮੀਨਾਰ ਦੇ ਆਸ-ਪਾਸ 90×47 ਫੁੱਟ ਦੇ ਰਕਬੇ ਵਿੱਚ 6 ਫੁੱਟ ਉੱਚੀ ਤੇ ਢਾਈ ਫੁੱਟ ਚੌੜੀ ਪੱਥਰਾਂ ਦੀ ਚਾਰ- ਦੀਵਾਰੀ ਕਰਵਾ ਕੇ ਸਾਰਾਗੜ੍ਹੀ ਪਾਰਕ ਦਾ ਨਿਰਮਾਣ ਕਰਵਾਇਆ ਗਿਆ ਹੈ।

16 ਅਪ੍ਰੈਲ, 1902 ਨੂੰ ਅੱਮ੍ਰਿਤਸਰ ਵਿਖੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਦਾ ਉਦਘਾਟਨ ਕਮਾਂਡਰ-ਇਨ ਦੀ ਜਨਰਲ ਸਰ ਆਰਥਰ ਪਾਵਰ ਪਾਲਮਰ ਨੇ ਕੀਤਾ ਤੇ ਉਸ ਨੇ ਆਪਣੇ ਭਾਸ਼ਣ ਵਿੱਚ ਕਿਹਾ, 'ਇਹ ਯਾਦਗਾਰ ਉਨ੍ਹਾਂ ਬਹਾਦਰ ਸਿੱਖ-ਸੂਰਬੀਰਾਂ ਦੀ ਹਮੇਸ਼ਾ ਯਾਦ ਦਿਵਾਏਗੀ, ਜਿਨ੍ਹਾਂ ਨੇ ਦੁਨੀਆ ਦੇ ਬਿਹਤਰੀਨ ਜੰਗਜੂ ਤੇ ਨਿਡਰ ਵਫ਼ਾਦਾਰ ਸਿਪਾਹੀ ਹੋਣ ਦਾ ਸਬੂਤ ਦਿੰਦੇ ਹੋਏ, ਹਥਿਆ ਸੁੱਟ ਕੇ ਆਤਮ-ਸਮਰਪਣ ਕਰਨ ਦੀ ਥਾਂ, ਹੱਸਦੇ ਹੋਏ ਆਖ਼ਰੀ ਸਾਹ ਤੱਕ ਦੁਸ਼ਮਣ ਦਾ ਅਣਖ਼ ਨਾਲ ਮੁਕਾਬਲਾ ਕਰਦੇ ਹੋਏ ਮਰਨਾ ਪ੍ਰਵਾਨ ਕੀਤਾ।' ਜਨਰਲ ਨੇ ਹੋਰ ਕਿਹਾ ਕਿ, 'ਇਹ ਯਾਦਗਾਰ ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਦੇ ਕੋਲ ਬਣਾਉਣ ਦਾ ਕਾਰਨ ਇਹ ਸੀ ਕਿ ਸਾਰੇ ਸਿੱਖ ਇੱਥੇ ਆਉਦੇ-ਜਾਂਦੇ ਵੇਖਣ ਕਿ ਬਰਤਾਨਵੀਂ ਸਾਮਰਾਜ ਸਿੱਖਾਂ ਦੀ ਬਹਾਦਰੀ ਦੀ ਹਮੇਸ਼ਾ ਕਦਰ ਕਰਦੀ ਹੈ ਤੇ ਰਹਿੰਦੀ ਦੁਨੀਆ ਤੱਕ, ਉਨ੍ਹਾਂ ਦੇ ਕੰਮਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾਵੇਗਾ।'

ਸਾਰਾਗੜ੍ਹੀ ਦੀ ਇੱਕ ਹੋਰ ਯਾਦਗਾਰ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਫ਼ਿਰੋਜ਼ਪੁਰ ਕੈਂਟ ਬਣਾਈ ਗਈ ਜਿਸ ਦਾ ਉਦਘਾਟਨ ਜਨਵਰੀ 1904 ਨੂੰ ਸਰ ਚਾਰਲਸ ਪੇਵਜ ਨੇ ਕੀਤਾ। ਇਸ ਯਾਦਗਾਰ ਲਈ ਪਾਇਨੀਅਰ ਅਖ਼ਬਾਰ ਇਲਾਹਾਬਾਦ ਨੇ ਚੰਦਾ ਇਕੱਠਾ ਕੀਤਾ ਸੀ।

ਪਾਕਿਸਤਾਨ ਦੇ ਸੂਬਾ ਖ਼ੈਬਰ ਪਖ਼ਤੂਨਖਵਾ ਦੇ ਕਬਾਇਲੀ ਜ਼ਿਲ੍ਹਾ ਹੱਗੂ ਵਿਚਲੇ ਕਿਲ੍ਹਾ ਸਾਰਾਗੜ੍ਹੀ ਵਿਖੇ ਉੱਥੋਂ ਦੇ ਸਥਾਨਕ ਹਿੰਦੂ-ਸਿੱਖ ਭਾਈਚਾਰੇ ਵਲੋਂ ਸਾਂਝੇ ਤੌਰ 'ਤੇ 'ਗੁਰਦੁਆਰਾ ਸਾਰਾਗੜ੍ਹੀ ਸ੍ਰੀ ਸਿੰਘ ਸਭਾ ਹੱਗੂ' ਦੀ ਉਸਾਰੀ ਕੀਤੀ ਗਈ ਹੈ, ਜਿੱਥੇ 12 ਸਤੰਬਰ ਨੂੰ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ 'ਚ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। 1947 ਦੇ ਬਾਅਦ ਪਹਿਲੀ ਵਾਰ ਹੱਗੂ ਵਿਖੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਸਥਾਪਤ ਕੀਤਾ ਗਿਆ ਹੈ। ਹੱਗੂ 'ਚ ਮੌਜੂਦਾ ਸਮੇਂ ਹਿੰਦੂ ਸਿੱਖ ਅਤੇ ਈਸਾਈ ਭਾਈਚਾਰੇ ਦੇ ਸਿਰਫ਼ 8 ਪਰਿਵਾਰ ਰਹਿ ਰਹੇ ਹਨ। ਕਿਲ੍ਹਾ ਸਾਰਾਗੜ੍ਹੀ ਦੀਆਂ ਜਰਜਰ ਹੋ ਚੁੱਕੀਆਂ ਦੀਵਾਰਾਂ ਅੱਜ ਵੀ 1897 ਵਿੱਚ ਸ਼ਹੀਦ ਹੋਣ ਵਾਲੇ 21 ਬਹਾਦਰ ਸਿੱਖ ਫ਼ੌਜੀਆਂ ਦੀ ਸੂਰਬੀਰਤਾ ਦੀ ਗਵਾਹੀ ਭਰ ਰਹੀਆਂ ਹਨ।

### ਇੰਡੀਅਨ ਆਰਡਰ ਆਫ਼ ਮੈਰਿਟ ਤ਼ਗਮਾ

1900 ਵਿੱਚ ਸਰਕਾਰ ਵੱਲੋਂ ਸਾਰਾਗੜ੍ਹੀ ਦੇ 21 ਜਾਂਬਾਜ਼ ਸ਼ਹੀਦਾਂ ਦੇ ਪਰਿਵਾਰ ਵਾਲਿਆਂ ਨੂੰ 500 ਰੁਪਏ ਨਕਦ ਤੇ 2-2 ਮੁਰੱਬੇ (50 ਕਿੱਲੇ) ਜ਼ਮੀਨ ਦੇ ਨਾਲ ਸਨਮਾਨ ਵਜੋਂ ਇੰਡੀਅਨ ਆਰਡਰ ਆਫ਼ ਮੈਰਿਟ ਤ਼ਗਮਾ ਦਿੱਤਾ ਗਿਆ। ਇਨ੍ਹਾਂ ਤ਼ਗਮਿਆਂ ਦੇ ਪਿਛਲੇ ਪਾਸੇ ਹਰੇਕ ਸ਼ਹੀਦ ਸਿੱਖ ਸਿਪਾਹੀ ਦਾ ਰੈਂਕ ਤੇ ਨਾਮ ਉਕਰਿਆ ਹੋਇਆ ਸੀ।

# ਅਮਰੀਕੀ ਪ੍ਰਤੀਨਿਧੀ ਸਭਾ ਨੂੰ ਰਾਸ਼ਟਰਪਤੀ ਬਾਇਡਨ ਖ਼ਿਲਾਫ਼ ਮਹਾਦੋਸ਼ ਦੀ ਜਾਂਚ ਸ਼ੁਰੂ ਕਰਨ ਦੇ ਹੁਕਮ

**ਵਾਸ਼ਿੰਗਟਨ-** ਅਮਰੀਕੀ ਪ੍ਰਤੀਨਿਧੀ ਸਭਾ ਦੇ ਸਪੀਕਰ ਕੇਵਿਨ ਮੈਕਕਾਰਥੀ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਸਦਨ ਨੂੰ ਰਾਸ਼ਟਰਪਤੀ ਜੋਅ ਬਾਇਡਨ ਵਿਰੁੱਧ ਉਨ੍ਹਾਂ ਦੇ ਪਰਿਵਾਰ ਨਾਲ ਸਬੰਧਤ ਕਾਰੋਬਾਰੀ ਸੌਦਿਆਂ ਨੂੰ ਲੈ ਕੇ ਮਹਾਦੋਸ਼ ਦੀ ਜਾਂਚ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੈਕਕਾਰਥੀ ਨੇ ਕਿਹਾ ਕਿ ਸਦਨ ਦੀ ਜਾਂਚ ਹੁਣ ਤੱਕ ਬਾਇਡਨ ਪਰਿਵਾਰ ਦੇ ਆਲੇ ਦੁਆਲੇ ਕੇਂਦਰਿਤ ਭ੍ਰਿਸ਼ਟਾਚਾਰ ਦੇ ਸੱਭਿਆਚਾਰ ਦੀ ਤਸਵੀਰ ਨੂੰ ਪੇਸ਼ ਕਰਦੀ ਹੈ, ਕਿਉਂਕਿ ਰਿਪਬਲਿਕਨ ਪਹਿਲਾਂ ਹੀ ਡੈਮੋਕਰੇਟਿਕ ਨੇਤਾ ਬਾਇਡਨ ਦੇ ਪੁੱਤ ਹੰਟਰ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਹੀ ਉਸ ਦੇ ਕਾਰੋਬਾਰੀ ਸੌਦਿਆਂ ਦੀ ਜਾਂਚ ਕਰ ਰਹੇ ਹਨ। ਮੈਕਕਾਰਥੀ ਨੇ ਕਿਹਾ, 'ਇਹ ਸ਼ਕਤੀ ਦੀ ਦੁਰਵਰਤੋਂ ਤੇ ਭ੍ਰਿਸ਼ਟਾਚਾਰ ਦੇ ਦੋਸ਼ ਹਨ, ਜਿਨ੍ਹਾਂ ਦੀ ਪ੍ਰਤੀਨਿਧੀ ਸਭਾ ਵੱਲੋਂ ਪੂਰੀ ਤਰ੍ਹਾਂ ਨਾਲ ਜਾਂਚ ਕਰਨ ਦੀ ਲੋੜ ਹੈ।'





The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

### ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਕੁੱਤਿਆਂ ਦੀਆਂ ਲੜਾਈਆਂ ਕਰਵਾਉਣ ਦਾ ਮਾਮਲਾ

# ਅਮਰੀਕਾ ਦੀ ਇਕ ਸੰਘੀ ਗਰੈਂਡ ਜਿਊਰੀ ਵੱਲੋਂ 21 ਵਿਅਕਤੀਆਂ ਵਿਰੁੱਧ ਦੋਸ਼ ਆਇਦ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੀ ਇਕ ਸੰਘੀ ਗਰੈਂਡ ਜਿਊਰੀ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਤੇ ਕੁੱਤਿਆਂ ਦੀ ਲੜਾਈ ਕਰਵਾਉਣ ਦੇ ਮਾਮਲਿਆਂ ਵਿਚ 21 ਵਿਅਕਤੀਆਂ ਵਿਰੁੱਧ ਦੋਸ਼ ਆਇਦ ਕਰਨ ਦਾ ਫੈਸਲਾ ਸੁਣਾਇਆ ਹੈ। ਇਹ ਐਲਾਨ ਇੰਡਿਆਨਾ ਰਾਜ ਦੇ ਅਧਿਕਾਰੀਆਂ ਨੇ ਕੀਤਾ ਹੈ। ਇੰਡਿਆਨਾ ਦੇ ਦੱਖਣੀ ਜਿਲੇ ਦੇ ਯੂ ਐਸ ਅਟਾਰਨੀ ਜ਼ਾਚਰੀ ਮਾਇਰਜ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਇਨਾਂ ਵਿਅਕਤੀਆਂ ਵਿਰੁੱਧ ਹਥਿਆਰ ਬੰਦ ਫੈਂਟਾਨਾਇਲ, ਕੋਕੀਨ ਤੇ ਮੈਥੰਫੈਟਾਮਾਈਨ ਦੀ ਤਸਕਰੀ ਕਰਨ ਤੋਂ ਇਲਾਵਾ ਪੈਸੇ ਨੂੰ ਚਿੱਟਾ ਕਰਨ ਤੇ ਪਸ਼ੂਆਂ ਦੀ ਲੜਾਈ ਦੇ ਮੁਕਾਬਲਿਆਂ ਵਿਚ ਹਿੱਸਾ ਲੈਣ ਸਬੰਧੀ ਦੋਸ਼ ਆਇਦ ਕੀਤੇ ਗਏ ਹਨ। ਇਹ ਦੋਸ਼ 2022 ਤੋਂ ਸ਼ੁਰੂ ਹੋਈ ਜਾਂਚ ਦਾ ਸਿੱਟਾ ਹੈ। ਮਾਇਰਜ ਅਨੁਸਾਰ ਇਹ ਜਾਂਚ ਦੋ ਸ਼ੱਕੀ ਦੋਸ਼ੀਆਂ ਬਾਰੇ ਸੀ ਜਿਨਾਂ ਨੇ ਕਥਿੱਤ ਤੌਰ 'ਤੇ ਮੈਕਸੀਕੋ ਤੋਂ ਅਮਰੀਕਾ ਵਿਚ ਫੈਂਟਾਨਾਇਲ, ਮੈਥੰਫੈਟਾਮਾਈਨ ਤੇ ਕੁਕੀਨ ਦੀ ਤਸਕਰੀ ਕੀਤੀ ਤੇ ਨਸ਼ੀਲੇ ਪਦਾਰਥਾਂ ਨੂੰ ਇੰਡਿਆਨਪੋਲਿਸ ਤੇ ਕੈਂਦਰੀ ਇੰਡਿਆਨਾ ਵਿਚ ਵੰਡਿਆ। ਮਾਇਰਜ ਨੇ ਕਿਹਾ ਕਿ ਭਗੌੜੇ ਗਰੇਗੋਰੀ ਹੈਂਡਸਰਸਨ ਜੂਨੀਅਰ ਸਮੇਤ ਬਾਕੀ ਸ਼ੱਕੀ ਦੋਸ਼ੀਆਂ ਦੇ ਨਾਂ ਦੋਸ਼ ਸੂਚੀ ਵਿਚ ਸ਼ਾਮਿਲ ਹਨ। ਉਨਾਂ ਕਿਹਾ ਕਿ ਜਾਂਚਕਾਰਾਂ ਨੇ ਦੋਸ਼ ਸੂਚੀ ਵਿਚ ਸ਼ਾਮਿਲ ਸ਼ੱਕੀ ਦੋਸ਼ੀਆਂ ਵੱਲੋਂ ਕੁੱਤਿਆਂ ਦੀ ਲੜਾਈ ਦੇ ਮੁਕਾਬਲੇ ਕਰਵਾਉਣ ਦਾ ਪਰਦਾਫਾਸ਼ ਵੀ ਕੀਤਾ ਹੈ ਤੇ ਤਕਰੀਬਨ 90 ਕੁੱਤੇ ਬਰਾਮਦ ਕੀਤੇ ਹਨ। ਮਾਇਰਜ ਨੇ ਕਿਹਾ ਕਿ ਇਨਾਂ ਵਿਅਕਤੀਆਂ ਵਿਰੁੱਧ ਲੱਗੇ ਦੋਸ਼ ਬਹੁਤ ਪ੍ਰੇਸ਼ਾਨ ਕਰਨ ਵਾਲੇ ਹਨ। ਇਹ ਵਿਅਕਤੀਗਤ ਲੋਕਾਂ ਦੀ ਖੁਸ਼ੀ ਤੇ ਜੂਏਬਾਜ਼ੀ ਲਈ ਕੁੱਤਿਆਂ ਦੀਆਂ ਬਹੁਤ ਹੀ ਖਤਰਨਾਕ ਲੜਾਈਆਂ ਕਰਵਾਉਂਦੇ ਸਨ। ਇਨਾਂ ਲੜਾਈਆਂ ਦਾ ਮਕਸਦ ਆਮ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣਾ ਸੀ। ਇਹ ਕੁੱਤਿਆਂ ਦੀਆਂ ਲੜਾਈਆਂ ਵਾਰ ਵਾਰ ਕਰਵਾਉਂਦੇ ਸਨ ਤਾਂ ਜੋ ਲੋਕਾਂ ਦਾ ਧਿਆਨ ਇਨਾਂ ਦੁਆਰਾ ਕੀਤੇ ਜਾਂਦੇ ਗਲਤ ਕੰਮਾਂ ਵੱਲ ਨਾ ਜਾਵੇ।

# ਮੈਕਸੀਕੋ ਨਾਲ ਲੱਗਦੀ ਸਰਹੱਦ ਰਸਤੇ ਗੈਰਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਵਿਚ ਦਾਖਲੇ ਨੂੰ ਰੋਕਣ ਲਈ ਦਰਿਆ ਵਿਚ ਲਾਈਆਂ ਰੋਕਾਂ ਹਟਾਉਣ ਦੇ ਆਦੇਸ਼

### ਗਵਰਨਰ ਨੇ ਕਿਹਾ ਫੈਸਲੇ ਨੂੰ ਦੇਣਗੇ ਚੁਣੌਤੀ



**ਸੈਕਰਾਮੈਂਟੋ, ਕੈਲੀਫੋਰਨੀਆ–** ਇਕ ਸੰਘੀ ਅਦਾਲਤ ਨੇ ਟੈਕਸਾਸ ਦੇ ਗਵਰਨਰ ਗਰੇਗ ਅਬੋਟ ਤੇ ਟੈਕਸਾਸ ਰਾਜ ਨੂੰ ਆਦੇਸ਼ ਦਿੱਤਾ ਹੈ ਕਿ ਮੈਕਸੀਕੋ ਨਾਲ ਲੱਗਦੀ ਸਰਹੱਦ ਰਾਹੀਂ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਵਿਚ ਦਾਖਲੇ ਨੂੰ ਰੋਕਣ ਲਈ ਰੀਓ ਗਰਾਂਡੇ ਦਰਿਆ ਵਿਚ ਲਾਈਆਂ ਤੈਰਦੀਆਂ ਰੋਕਾਂ ਨੂੰ ਘੱਟੋ ਘੱਟ ਆਰਜੀ ਤੌਰ 'ਤੇ ਹਟਾ ਲਿਆ ਜਾਵੇ। ਇਸ ਨੂੰ ਬਾਈਡਨ ਪ੍ਰਸ਼ਾਸਨ ਦੀ ਜਿੱਤ ਮੰਨਿਆ ਜਾ ਰਿਹਾ ਹੈ। ਸੀਨੀਅਰ ਯੂ ਐਸ ਜੱਜ ਡੇਵਿਡ ਐਲਨ ਈਜ਼ਰਾ ਨੇ ਆਪਣੇ 42 ਸਫਿਆਂ ਦੇ ਆਦੇਸ਼ ਵਿਚ ਕਿਹਾ ਹੈ ਕਿ ਅਮਰੀਕੀ ਨਿਆਂ ਵਿਭਾਗ ਗੁਣਾਂ ਦੋਸ਼ਾਂ ਦੇ ਆਧਾਰ 'ਤੇ ਫੈਸਲਾ ਲੈਣ ਵਿਚ ਸਫਲ ਹੋਵੇਗਾ। ਜੱਜ ਨੇ ਇਹ ਫੈਸਲਾ ਦਰਿਆ ਵਿਚ ਲਾਈਆਂ ਰੋਕਾਂ ਦੇ ਮਾਮਲੇ ਵਿੱਚ ਗਵਰਨਰ ਅਬੋਟ ਤੇ ਟੈਕਸਾਸ ਰਾਜ ਖਿਲਾਫ ਜੁਲਾਈ ਵਿਚ ਦਾਇਰ ਕੀਤੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਣਾਇਆ।

ਜੱਜ ਨੇ ਕਿਹਾ ਕਿ ਦਰਿਆ ਵਿਚ ਲਾਈਆਂ ਤੈਰਦੀਆਂ ਰੋਕਾਂ ਸਮੁੰਦਰੀ ਕਿਸ਼ਤੀਆਂ ਦੇ ਰਾਹ ਵਿਚ ਰੁਕਾਵਟ ਹਨ ਤੇ ਇਨਾਂ ਰੋਕਾਂ ਨੂੰ ਲਾਉਣ ਲਈ ਅਮਰੀਕੀ ਕਾਂਗਰਸ ਕੋਲੋਂ ਮਨਜੂਰੀ ਲੈਣੀ ਪਵੇਗੀ। ਗਵਰਨਰ ਨੇ ਈਗਲ ਲਾਂਘੇ ਨੇੜੇ ਕੌਮਾਂਤਰੀ ਰੀਓ ਗਰਾਂਡੇ ਦਰਿਆ ਵਿਚ ਇਹ ਰੋਕਾਂ ਲਾਉਣ ਦਾ ਆਦੇਸ਼ ਦਿੱਤਾ ਸੀ ਤਾਂ ਜੋ ਬਿਨਾਂ ਕਾਨੂੰਨੀ ਅਧਿਕਾਰ ਦੇ ਟੈਕਸਾਸ ਵਿਚ ਦਾਖਲ ਹੁੰਦੇ ਪ੍ਰਵਾਸੀਆਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਿਆ ਜਾ ਸਕੇ।

ਅਦਾਲਤ ਦੇ ਫੈਸਲੇ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਅਬੋਟ ਨੇ ਕਿਹਾ ਹੈ ਕਿ ਉਹ ਇਸ ਵਿਰੁੱਧ ਅਪੀਲ ਦਾਇਰ ਕਰਨਗੇ। ਉਨਾਂ ਕਿਹਾ ਕਿ ਅਦਾਲਤ ਦਾ ਨਿਰਨਾ ਰਾਸ਼ਟਰਪਤੀ ਬਾਈਡਨ ਦੀ ਟੈਕਸਾਸ ਦੁਆਰਾ ਚੁੱਕੇ ਜਾ ਰਹੇ ਦਰੁਸਤ ਕਦਮਾਂ ਨੂੰ ਮਾਨਤਾ ਨਾ ਦੇਣ ਦੀ ਕੋਸ਼ਿਸ਼ ਦੇ ਹੱਕ ਵਿਚ ਭੁਗਤੇਗਾ। ਇਹ ਫੈਸਲਾ ਸਹੀ ਨਹੀਂ ਹੈ ਤੇ ਇਸ ਨੂੰ ਰੱਦ ਕਰਵਾਉਣ ਲਈ ਉਹ ਅਪੀਲ ਦਾਇਰ ਕਰਨਗੇ।

# ਪੈਨਸਿਲਵਾਨੀਆ ਦੇ ਪੁਲਿਸ ਅਫਸਰ ਵਿਰੁੱਧ ਹੱਤਿਆ ਦੇ ਦੋਸ਼ ਆਇਦ, ਕੀਤਾ ਆਤਮ ਸਮਰਪਣ

**ਸੈਕਰਾਮੈਂਟੋ, ਕੈਲੀਫੋਰਨੀਆ–** ਪੈਨਸਿਲਵਾਨੀਆ ਦੇ ਇਕ ਪੁਲਿਸ ਅਫਸਰ ਜਿਸ ਵੱਲੋਂ ਇਕ ਟਰੈਫਿਕ ਸਟਾਪ 'ਤੇ ਕਾਰ ਸਵਾਰ ਐਡੀ ਲਰੀਜ਼ਰੀ 'ਤੇ ਚਲਾਈਆਂ ਗੋਲੀਆਂ




ਨਾਲ ਉਸ ਦੀ ਮੌਤ ਹੋ ਗਈ ਸੀ, ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਘਟਨਾ ਸਬੰਧੀ ਬੌਡੀ ਕੈਮਰਾ ਵੀਡੀਓ ਜਾਰੀ ਕਰਨ ਤੋਂ ਬਾਅਦ ਇਹ ਐਲਾਨ ਫਿਲਾਡੈਲਫੀਆ ਦੇ ਡਿਸਟ੍ਰਿਕਟ ਅਟਾਰਨੀ ਨੇ ਕੀਤਾ। ਜਾਰੀ ਵੀਡੀਓ ਅਨੁਸਾਰ ਪੁਲਿਸ ਅਫਸਰ ਮਾਰਕ ਡਾਇਲ ਨੇ ਲਰੀਜ਼ਰੀ ਉਪਰ ਕਾਰ ਦੇ ਡਰਾਈਵਰ ਵਾਲੇ ਪਾਸੇ ਦੀ ਖਿੜਕੀ ਵਿਚ ਦੀ 6 ਗੋਲੀਆਂ ਚਲਾਈਆਂ। ਇਸ ਉਪਰੰਤ ਲਹੂ ਲੁਹਾਨ ਹੋਏ ਲਰੀਜ਼ਰੀ ਨੂੰ ਕਾਰ ਵਿਚੋਂ ਕੱਢ ਕੇ ਪੁਲਿਸ ਦੀ ਗਸ਼ਤੀ ਗੱਡੀ ਵਿਚ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਡਿਸਟ੍ਰਿਕਟ ਅਟਾਰਨੀ ਲੈਰੀ ਕਰਾਸਨਰ ਨੇ ਕਿਹਾ ਕਿ ਪਿਛਲੀ ਮਹੀਨੇ ਹੋਈ ਇਸ ਘਟਨਾ ਦੀ ਵੀਡੀਓ ਵੇਖਣ ਤੋਂ ਬਾਅਦ ਲਰੀਜ਼ਰੀ ਦੇ ਪਰਿਵਾਰ ਨੇ ਸਮੁੱਚੀ ਵੀਡੀਓ ਜਾਰੀ ਕਰਨ ਦੀ ਮੰਗ ਕੀਤੀ ਹੈ। ਕਰਾਸਨਰ ਨੇ ਕਿਹਾ ਹੈ ਕਿ ਇਹ ਬੌਡੀ ਕੈਮਰਾ ਵੀਡੀਓ ਨੂੰ ਸੰਭਾਵੀ ਤੌਰ 'ਤੇ ਸ਼ੁਰੂਆਤੀ ਸੁਣਵਾਈ ਤੇ ਮੁਕੱਦਮੇ ਦੀ ਸੁਣਵਾਈ ਦੌਰਾਨ ਸਬੂਤ ਵਜੋਂ ਪੇਸ਼ ਕੀਤਾ ਜਾਵੇਗਾ। ਉਨਾਂ ਕਿਹਾ ਕਿ ਇਹ ਵੀਡੀਓ ਇਸ ਮਾਮਲੇ ਵਿਚ ਅਹਿਮ ਸਬੂਤ ਹੈ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਡਾਇਲ ਦੀ ਜ਼ਮਾਨਤ ਲਈ 5 ਲੱਖ ਡਾਲਰ ਦੀ ਰਾਸ਼ੀ ਨਿਸ਼ਚਤ ਹੋਈ ਹੈ। ਉਸ ਨੇ ਜ਼ਮਾਨਤ ਲਈ ਦਰਖਾਸਤ ਦਿੱਤੀ ਹੈ। ਮਾਮਲੇ ਦੀ ਮੁੱਢਲੀ ਸੁਣਵਾਈ ਅਗਲੇ ਮਹੀਨ 26 ਸਤੰਬਰ ਨੂੰ ਹੋਵੇਗੀ। ਇਸ ਦੌਰਾਨ ਬਚਾਅ ਪੱਖ ਦੇ ਵਕੀਲ ਫੋਰਟੂਨਾਟੋ ਪੈਰੀ ਜੂਨੀਅਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਡਾਇਲ ਵਿਰੁੱਧ ਲੱਗੇ ਦੋਸ਼ਾਂ ਨੂੰ ਰੱਦ ਕਰਵਾਉਣ ਲਈ ਪੂਰੀ ਵਾਹ ਲਾਉਣਗੇ। ਵਕੀਲ ਨੇ ਕਿਹਾ ਕਿ ਆਪਣੀ ਜਾਨ ਨੂੰ ਖਤਰੇ ਦੇ ਮੱਦੇਨਜਰ ਡਾਇਲ ਵੱਲੋਂ ਚਲਾਈ ਗੋਲੀ ਨੂੰ ਜਾਇਜ ਠਹਿਰਾਇਆ ਜਾ ਸਕਦਾ ਹੈ।

# ਕੈਲੀਫੋਰਨੀਆ ਦਾ ਇਕ ਰਾਸ਼ਟਰੀ ਮਾਰਗ ਪੁਲਿਸ ਅਫਸਰ ਰੋਨਿਲ ਸਿੰਘ ਨੂੰ ਕੀਤਾ ਸਮਰਪਿਤ, ਲਾਇਆ ਬੋਰਡ

**ਸੈਕਰਾਮੈਂਟੋ, ਕੈਲੀਫੋਰਨੀਆ–** ਸੈਕਰਾਮੈਂਟੋ, ਕੈਲੀ–ਫੋਰਨੀਆ–ਅਮਰੀਕਾ ਦੇ ਕੈਲੀਫੋਰਨੀਆ ਰਾਜ ਦੇ ਰਾਸ਼ਟਰੀ ਮਾਰਗ ਦੇ ਇਕ ਹਿੱਸੇ ਦਾ ਨਾਂ ਰੋਨਿਲ ਸਿੰਘ ਰੱਖਿਆ ਹੈ। ਭਾਰਤੀ ਮੂਲ ਦੇ 33 ਸਾਲਾ ਪੁਲਿਸ ਅਫਸਰ ਰੋਨਿਲ ਸਿੰਘ ਦੀ 2018 ਵਿਚ ਇਕ ਟਰੈਫਿਕ ਸਟਾਪ 'ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਨਿਊਮੈਨ ਪੁਲਿਸ ਵਿਭਾਗ ਨੇ ਰਾਸ਼ਟਰੀ ਮਾਰਗ 33 ਰੋਨਿਲ ਸਿੰਘ ਨੂੰ ਸਮਰਪਿਤ ਕੀਤਾ ਹੈ। ਇਸ ਸਬੰਧੀ ਹੋਏ ਇਕ ਸਮਾਗਮ ਵਿਚ ਕੋਰਪੋਰਲ ਰੋਨਿਲ ਸਿੰਘ ਮੈਮੋਰੀਅਲ ਹਾਈਵੇਅ ਦਾ ਬੋਰਡ ਰਾਸ਼ਟਰੀ ਮਾਰਗ 33 ਉਪਰ ਲਾਇਆ ਗਿਆ। ਇਸ ਮੌਕੇ ਪਰਿਵਾਰਕ ਮੈਂਬਰ, ਸੱਜਣ–ਮਿਤਰ ਤੇ ਅਧਿਕਾਰੀ ਹਾਜਰ ਸਨ। ਵਿਧਾਇਕ ਜੁਆਨ ਐਲਾਨਿਸ ਨੇ ਸੋਸ਼ਲ ਮੀਡੀਆ ਸਾਈਟ ਉਪਰ ਪਾਈ ਤਸਵੀਰ ਦੇ ਨਾਲ ਲਿਖਿਆ ਹੈ। ਅੱਜ ਕੋਰਪੋਰਲ ਰੋਨਿਲ ਸਿੰਘ ਦੀ ਯਾਦ ਨੂੰ ਤਾਜਾ ਰਖਣ ਲਈ ਭਾਈਚਾਰਾ ਇਕੱਠਾ ਹੋਇਆ ਜਿਸ ਦੀ ਦਸੰਬਰ 2018 ਵਿਚ ਡਿਊਟੀ ਦੌਰਾਨ ਬਹੁਤ ਹੀ ਦੁੱਖਦਾਈ ਘਟਨਾ ਵਿਚ ਹੱਤਿਆ ਕਰ ਦਿੱਤੀ ਗਈ ਸੀ।




ਯਾਦਗਾਰੀ ਰਾਸ਼ਟਰੀ ਮਾਰਗ ਦਾ ਬੋਰਡ ਹਾਈਵੇਅ 33 ਤੇ ਸਟੁਹਰ ਰੋਡ ਉਪਰ ਲਾਇਆ ਗਿਆ ਹੈ।

# ਅਮਰੀਕੀ ਸੰਸਦ ਉਪਰ ਹੋਏ ਹਮਲੇ ਦੇ ਮਾਮਲੇ ਵਿਚ ਪਰਾਊਡ ਬਵਾਏਜ ਦੇ ਰਾਸ਼ਟਰੀ ਚੇਅਰਮੈਨ ਨੂੰ 22 ਸਾਲ ਦੀ ਕੈਦ

**ਸੈਕਰਾਮੈਂਟੋ, ਕੈਲੀਫੋਰਨੀਆ–** 6 ਜਨਵਰੀ 2021 ਨੂੰ ਅਮਰੀਕਾ ਦੇ ਸੰਸਦ ਭਵਨ ਉਪਰ ਹੋਏ ਹਮਲੇ ਦੇ ਮਾਮਲੇ ਵਿਚ ਦੇਸ਼ ਧਰੋਹ ਦੀ ਸਾਜਿਸ਼ ਵਿਚ ਸ਼ਾਮਿਲ ਹੋਣ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤੇ ਪਰਾਊਡ ਬਵਾਏਜ ਸੰਗਠਨ ਦੇ ਰਾਸ਼ਟਰੀ ਚੇਅਰਮੈਨ ਐਨਰੀਕ ਟਾਰੀਓ ਨੂੰ ਇਕ ਅਦਾਲਤ ਨੇ 22 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਹ ਹਮਲਾ 2020 ਦੇ ਚੋਣ ਨਤੀਜਿਆਂ ਨੂੰ ਉਲਟਾਉਣ ਦੇ ਮਕਸਦ ਨਾਲ ਕੀਤਾ ਗਿਆ ਸੀ ਤਾਂ ਜੋ ਡੋਨਲਡ ਟਰੰਪ ਰਾਸ਼ਟਰਪਤੀ ਵਜੋਂ ਬਣੇ ਰਹਿਣ। ਮੁਦਈ ਪੱਖ ਨੇ ਮਿਆਮੀ ਵਾਸੀ ਟਾਰੀਓ (39) ਨੂੰ 33 ਸਾਲ ਕੈਦ ਦੀ ਸਜ਼ਾ ਦੇਣ ਦੀ ਮੰਗ ਕੀਤੀ ਸੀ। ਟਾਰੀਓ 6 ਜਨਵਰੀ 2021 ਨੂੰ ਅਮਰੀਕੀ



ਸੰਸਦ ਉਪਰ ਹੋਏ ਹਮਲੇ ਵੇਲੇ ਮੌਜੂਦ ਨਹੀਂ ਸੀ ਪਰੰਤੂ ਉਸ ਨੇ ਪਰਾਊਡ ਬਵਾਏਜ ਦੇ ਮੈਂਬਰਾਂ ਨੂੰ ਇਕੱਠੇ ਕੀਤਾ ਜੋ ਪਰਾਊਡ ਬਵਾਏਜ ਉਨਾਂ ਪਹਿਲੇ ਲੋਕਾਂ ਵਿਚ ਸ਼ਾਮਿਲ ਸਨ ਜਿਨਾਂ ਨੇ ਇਤਿਹਾਸਕ ਇਮਾਰਤ ਵਿਚ ਦਾਖਲ ਹੋ ਕੇ ਚੋਣ ਨਤੀਜਿਆਂ ਦੀ ਪੁਸ਼ਟੀ ਕਰਨ ਲਈ ਕਾਂਗਰਸ ਵੱਲੋਂ ਇਲੈਕਟੋਰਲ ਕਾਲਜ ਵੋਟਾਂ ਦੀ ਕੀਤੀ ਜਾ ਰਹੀ ਗਿਣਤੀ ਨੂੰ ਆਰਜੀ ਤੌਰ 'ਤੇ ਰੋਕ ਦਿੱਤਾ ਸੀ। ਟਾਰੀਓ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਉਹ ਉਸ ਦਿਨ ਬਾਲਟੀਮੋਰ ਵਿਚ ਸੀ ਤੇ ਉਸ ਨੇ ਪੁਲਿਸ ਉਪਰ ਹਮਲਾ ਕਰਨ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਲਈ ਸਿੱਧੇ ਤੌਰ 'ਤੇ ਕੋਈ ਨਿਰਦੇਸ਼ ਨਹੀਂ ਦਿੱਤਾ। ਉਸ ਦੇ ਵਕੀਲਾਂ ਨੇ ਟਾਰੀਓ ਨੂੰ 15 ਸਾਲ ਤੋਂ ਘੱਟ ਸਜ਼ਾ ਦੇਣ ਉਪਰ ਜੋਰ ਦਿੱਤਾ ਪਰੰਤੂ ਅਦਾਲਤ ਨੇ ਇਸ ਦਲੀਲ ਵੱਲ ਕੋਈ ਤਵਜੋਂ ਨਹੀਂ ਦਿੱਤੀ।

# ਅਮਰੀਕਾ ਦੇ ਮਿਨੇਸੋਟਾ ਰਾਜ ਵਿਚ ਗੈਰ ਕਾਨੂੰਨੀ ਪ੍ਰਵਾਸੀ ਡਰਾਈਵਿੰਗ ਲਾਇਸੰਸ ਬਣਾਉਣ ਲਈ ਅਗਲੇ ਮਹੀਨੇ ਤੋਂ ਦੇ ਸਕਣਗੇ ਦਰਖਾਸਤਾਂ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਮਿਨੇਸੋਟਾ ਰਾਜ ਵਿਚ ਬਿਨਾਂ ਦਸਤਾਵੇਜਾਂ ਦੇ ਰਹਿ ਰਹੇ ਤਕਰੀਬਨ 81000 ਪ੍ਰਵਾਸੀ ਅਗਲੇ ਮਹੀਨੇ ਤੋਂ ਡਰਾਈਵਿੰਗ ਲਾਇਸੰਸ ਬਣਾਉਣ ਲਈ ਦਰਖਾਸਤਾਂ ਦੇ ਸਕਣਗੇ। ਇਹ ਐਲਾਨ ਸਟੇਟ ਡਿਪਾਰਟਮੈਂਟ ਪਬਲਿਕ ਸੇਫਟੀ ਨੇ ਕੀਤਾ ਹੈ। ਇਕ ਜਾਰੀ ਪ੍ਰੈਸ ਬਿਆਨ ਵਿਚ ਜਨਤਿਕ ਸੁਰੱਖਿਆ ਵਿਭਾਗ ਨੇ ਕਿਹਾ ਹੈ ਕਿ 'ਮਿਨੇਸੋਟਾ ਡਰਾਈਵਰ' ਲਾਇਸੰਸ ਫਾਰ ਆਲ ਪ੍ਰੋਗਰਾਮ' ਦੀ ਸ਼ੁਰੂਆਤ 1 ਅਕਤੂਬਰ ਤੋਂ ਹੋਵੇਗੀ। ਜਾਰੀ ਬਿਆਨ ਵਿਚ 'ਮਿ–ਨੇਸੋਟਾ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਡਰਾਈਵਰ ਐਂਡ ਵੀਹਿਕਲ ਸਰਵਿਸਜ' ਦੇ ਡਾਇਰੈਕਟਰ ਪੌਂਗ ਸੀਆਂਗ ਨੇ ਕਿਹਾ ਹੈ ਕਿ ਅਸੀਂ ਅਮਰੀਕਾ ਵਿਚ ਬਿਨਾਂ ਕਾਨੂੰਨੀ ਦਸਤਾਵੇਜਾਂ ਦੇ ਰਹਿ ਰਹੇ ਪ੍ਰਵਾਸੀਆਂ ਸਮੇਤ ਰਾਜ




ਦੇ ਹੋਰ ਵਾਸੀਆਂ ਕੋਲੋਂ ਡਰਾਈਵਰ ਲਾਇਸੰਸ ਬਣਾਉਣ ਲਈ ਦਰਖਾਸਤਾਂ ਲੈਣੀਆਂ ਸ਼ੁਰੂ ਕਰ ਰਹੇ ਹਾਂ। ਜਾਰੀ ਬਿਆਨ ਵਿਚ ਕਿਹਾ ਹੈ ਕਿ ਡਰਾਈਵਿੰਗ ਲਾਇਸੰਸ ਲਈ ਦਰਖਾਸਤ ਦੇਣ ਵਾਸਤੇ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿਣ ਸਬੰਧੀ ਕੋਈ ਸਬੂਤ ਦੇਣ ਦੀ ਲੋੜ ਨਹੀਂ ਹੋਵੇਗੀ। ਸਿਆਂਗ ਨੇ ਕਿਹਾ ਹੈ ਕਿ ਉਹ ਸਮਝਦੇ ਹਨ ਕਿ ਕਿਸੇ ਕੋਲ ਡਰਾਈਵਿੰਗ ਲਾਇਸੰਸ ਹੋਣ ਦੀ ਕਿੰਨੀ ਅਹਿਮੀਅਤ ਹੈ। ਡਰਾਈਵਿੰਗ ਲਾਇਸੰਸ ਨਾਲ ਕੋਈ ਵਿਅਕਤੀ ਰੁਜ਼ਗਾਰ 'ਤੇ ਲੱਗ ਸਕਦਾ ਹੈ ਤੇ ਉਹ ਹਰ ਖੇਤਰ ਵਿਚ ਆਜਾਦੀ ਨਾਲ ਵਿਚਰ ਸਕਦਾ ਹੈ। ਜਾਰੀ ਬਿਆਨ ਅਨੁਸਾਰ ਮਿਨੇਸੋਟਾ ਦੇ ਗਵਰਨਰ ਟਿਮ ਵਾਲਜ਼ ਨੇ ਇਕ ਬਿੱਲ ਉਪਰ ਇਸ ਸਾਲ ਮਾਰਚ ਵਿਚ ਦਸਤਖਤ ਕਰ ਦਿੱਤੇ ਸਨ ਜਿਸ ਤਹਿਤ ਸਾਰਿਆਂ ਲਈ ਡਰਾਈਵਿੰਗ ਲਾਇਸੰਸ ਦਾ ਰਾਹ ਖੋਲ ਦਿੱਤਾ ਗਿਆ ਹੈ।

# ਨਹੀਂ ਰੁਕੀ ਰਹੀ ਮਨੀਪੁਰ 'ਚ ਹਿੰਸਾ

## ਹਮਲੇ 'ਚ ਕੂਕੀ ਭਾਈਚਾਰੇ ਦੇ 3 ਆਦਿਵਾਸੀਆਂ ਦੀ ਗੋ.ਲੀ ਮਾਰ ਕੇ ਕੀਤੀ ਹੱਤਿਆ



**ਇੰਫਾਲ–** ਮਣੀਪੁਰ ਵਿੱਚ ਮਹੀਨਿਆਂ ਤੋਂ ਜਾਰੀ ਹਿੰਸਾ ਦੇ ਰੁਕਣ ਦੇ ਕੋਈ ਸੰਕੇਤ ਨਹੀਂ ਦਿਖਾਈ ਦੇ ਰਹੇ। ਪਾਬੰਦੀਸ਼ੁਦਾ ਅੱਤਵਾਦੀ ਸਮੂਹਾਂ ਦੇ ਅੱਤਵਾਦੀਆਂ ਨੇ ਮੰਗਲਵਾਰ (12 ਸਤੰਬਰ) ਦੀ ਸਵੇਰ ਨੂੰ ਕਾਂਗਪੋਪਕੀ ਜ਼ਿਲ੍ਹੇ ਵਿੱਚ ਕੂਕੀ ਭਾਈਚਾਰੇ ਦੇ ਤਿੰਨ ਆਦਿਵਾਸੀਆਂ ਦੀ ਗੋ.ਲੀ ਮਾਰ ਕੇ ਹੱਤਿਆ ਕਰ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਹਮਲਾਵਰ ਇਕ ਵਾਹਨ 'ਚ ਆਏ ਅਤੇ ਇੰਫਾਲ ਪੱਛਮੀ ਅਤੇ ਕਾਂਗਪੋਪਕੀ ਜ਼ਿਲਿਆਂ ਦੇ ਸਰਹੱਦੀ ਖੇਤਰਾਂ 'ਚ ਸਥਿਤ ਇਰੇਂਗ ਅਤੇ ਕਰਮ ਖੇਤਰਾਂ ਵਿਚਾਲੇ ਪਿੰਡ ਵਾਸੀਆਂ 'ਤੇ ਹਮਲਾ ਕੀਤਾ। ਉਨ੍ਹਾਂ ਦੱਸਿਆ ਕਿ ਇਹ ਪਿੰਡ ਪਹਾੜਾਂ ਵਿੱਚ ਵਸਿਆ ਹੋਇਆ ਹੈ ਅਤੇ ਇੱਥੇ ਆਦਿਵਾਸੀ ਲੋਕਾਂ ਦਾ ਬੋਲਬਾਲਾ ਹੈ।

### 8 ਸਤੰਬਰ ਨੂੰ ਵੀ ਹੋਈ ਸੀ ਹਿੰਸਾ

ਅਧਿਕਾਰੀ ਨੇ ਕਿਹਾ, "ਸਾਡੇ ਕੋਲ ਫਿਲਹਾਲ ਜ਼ਿਆਦਾ ਜਾਣਕਾਰੀ ਨਹੀਂ ਹੈ। ਅਸੀਂ ਸਿਰਫ ਇਹ ਕਹਿ ਸਕਦੇ ਹਾਂ ਕਿ ਇਹ ਘਟਨਾ ਸਵੇਰੇ 8.20 ਵਜੇ ਦੇ ਕਰੀਬ ਵਾਪਰੀ ਜਦੋਂ ਅਣਪਛਾਤੇ ਵਿਅਕਤੀਆਂ ਨੇ ਇਰੇਂਗ ਅਤੇ ਕਰਮ ਵਾਈਫੇਈ ਦੇ ਵਿਚਕਾਰ ਇੱਕ ਖੇਤਰ ਵਿੱਚ ਤਿੰਨ ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।" ਦੱਸ ਦਈਏ ਕਿ ਇਹ ਘਟਨਾ 8 ਸਤੰਬਰ ਨੂੰ ਟੇਂਗਨੋਪਾਲ ਜ਼ਿਲੇ ਦੇ ਪੱਲੇਲ 'ਚ ਭੜਕੀ ਹਿੰਸਾ ਤੋਂ ਬਾਅਦ ਸਾਹਮਣੇ ਆਈ ਹੈ, ਜਿਸ 'ਚ 3 ਲੋਕਾਂ ਦੀ ਮੌਤ ਹੋ ਗਈ ਸੀ ਅਤੇ 50 ਤੋਂ ਜ਼ਿਆਦਾ ਜ਼ਖਮੀ ਹੋ ਗਏ ਸਨ।

### 3 ਮਈ ਤੋਂ ਮਾਰੂ ਹਿੰਸਾ ਜਾਰੀ

ਮਨੀਪੁਰ ਵਿੱਚ 3 ਮਈ ਤੋਂ ਬਹੁਗਿਣਤੀ ਮੈਤੇਈ ਭਾਈਚਾਰੇ ਅਤੇ ਕਬਾਇਲੀ ਕੂਕੀ ਦਰਮਿਆਨ ਲਗਾਤਾਰ ਝੜਪਾਂ ਚੱਲ ਰਹੀਆਂ ਹਨ ਅਤੇ ਹੁਣ ਤੱਕ 160 ਤੋਂ ਵੱਧ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਬਹੁਗਿਣਤੀ ਮੇਈਟੀ ਭਾਈਚਾਰੇ ਦੀ ਉਨ੍ਹਾਂ ਨੂੰ ਅਨੁਸੂਚਿਤ ਜਨਜਾਤੀ ਦਾ ਦਰਜਾ ਦੇਣ ਦੀ ਮੰਗ ਦੇ ਵਿਰੋਧ ਵਿੱਚ ਪਹਾੜੀ ਜ਼ਿਲ੍ਹਿਆਂ ਵਿੱਚ ਇੱਕ 'ਕਬਾਇਲੀ ਏਕਤਾ ਮਾਰਚ' ਆਯੋਜਿਤ ਕੀਤੇ ਜਾਣ ਤੋਂ ਬਾਅਦ ਰਾਜ ਵਿੱਚ ਹਿੰਸਾ ਭੜਕ ਗਈ। ਮੈਤੇਤੀ ਮਨੀਪੁਰ ਦੀ ਆਬਾਦੀ ਦਾ ਲਗਪਗ 53 ਪ੍ਰਤੀਸ਼ਤ ਬਣਦੇ ਹਨ ਅਤੇ ਜ਼ਿਆਦਾਤਰ ਇੰਫਾਲ ਘਾਟੀ ਵਿੱਚ ਰਹਿੰਦੇ ਹਨ, ਜਦੋਂ ਕਿ ਨਾਗਾ ਅਤੇ ਕੂਕੀ ਸਮੇਤ ਆਦਿਵਾਸੀ 40 ਪ੍ਰਤੀਸ਼ਤ ਬਣਦੇ ਹਨ ਅਤੇ ਜ਼ਿਆਦਾਤਰ ਪਹਾੜੀ ਜ਼ਿਲ੍ਹਿਆਂ ਵਿੱਚ ਰਹਿੰਦੇ ਹਨ।

# ਸੱਤਾ ਲਈ ਸਹੁਰੇ ਨਾਲ ਕੀਤੀ ਬ਼ਗਾਵਤ, ਭ੍ਰਿਸ਼ਟਾਚਾਰ ਦੇ ਕੇਸ 'ਚ ਜੇਲ ਪਹੁੰਚੇ ਚੰਦਰਬਾਬੂ ਨਾਇਡ

ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੂੰ ਸ਼ਨੀਵਾਰ ਸਵੇਰੇ ਸੀਆਈਡੀ ਦੀ ਆਰਥਿਕ ਅਪਰਾਧ ਸ਼ਾਖਾ ਨੇ ਗ੍ਰਿਫਤਾਰ ਕਰ ਲਿਆ। ਸਾਬਕਾ ਮੁੱਖ ਮੰਤਰੀ 'ਤੇ 2014 ਤੋਂ 2019 ਦਰਮਿਆਨ ਆਂਧਰਾ ਪ੍ਰਦੇਸ਼ ਰਾਜ ਹੁਨਰ ਵਿਕਾਸ ਨਿਗਮ 'ਚ ਘੁਟਾਲੇ ਕਰਨ ਦਾ ਦੋਸ਼ ਹੈ। 371 ਕਰੋੜ ਰੁਪਏ ਦੇ ਇਸ ਕਥਿਤ ਘਪਲੇ 'ਚ ਪੁੱਛਗਿੱਛ ਲਈ ਉਨ੍ਹਾਂ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ।

ਉੱਥੇ ਹੀ ਚੰਦਰਬਾਬੂ ਨਾਇਡੂ ਨੇ ਆਪਣੇ ਭਾਸ਼ਣ 'ਚ ਕਿਹਾ, "ਪਿਛਲੇ 45 ਸਾਲਾਂ ਤੋਂ ਮੈਂ ਸੱਭਿਆਚਾਰਕ ਲੋਕਾਂ ਦੀ ਸੇਵਾ ਲਈ ਨਿਰਸਵਾਰਥ ਕੰਮ ਕਰ ਰਿਹਾ ਹਾਂ। ਮੈਂ ਲੋਕਾਂ ਦੀ ਰੱਖਿਆ ਲਈ ਆਪਣਾ ਜੀਵਨ ਸਮਰਪਿਤ ਕਰਨ ਦੀ ਤਿਆਰੀ ਕਰ ਰਿਹਾ ਹਾਂ।"

### ਗ੍ਰੈਜੂਏਸ਼ਨ ਦੌਰਾਨ ਸਿਆਸਤ 'ਚ ਵਧੀ ਦਿਲਚਸਪੀ

ਨਾਰਾ ਚੰਦਰਬਾਬੂ ਨਾਇਡੂ ਦਾ ਜਨਮ 20 ਅਪ੍ਰੈਲ 1950 ਨੂੰ ਗਾਂਧੀਨਗਰ ਦੇ ਇਕ ਪਿੰਡ ਨਾਰ–ਾਵਰੀਪੱਲੀ 'ਚ ਹੋਇਆ ਸੀ। ਉਨ੍ਹਾਂ ਦੇ ਪਿਤਾ ਦਾ ਨਾਂ ਐੱਨ. ਖਰਜੂਰਾ ਨਾਇਡੂ ਤੇ ਮਾਤਾ ਦਾ ਨਾਂ ਅੰਮਾ ਸੀ। ਉਨ੍ਹਾਂ ਦੇ ਪਿੰਡ ਵਿਚ ਕੋਈ ਸਕੂਲ ਨਹੀਂ ਸੀ ਇਸ ਲਈ ਨਾਇਡੂ ਨੇ ਪੰਜਵੀਂ ਜਮਾਤ ਤਕ ਸ਼ੇਸ਼ਾਪੁਰਮ ਦੇ ਪ੍ਰਾਇਮਰੀ ਸਕੂਲ ਅਤੇ 10ਵੀਂ ਜਮਾਤ ਤਕ ਚੰਦਰਗਿਰੀ ਸਰਕਾਰੀ ਹਾਈ ਸਕੂਲ 'ਚ ਪੜ੍ਹਿਆ। ਉਹ ਆਪਣੇ ਵਿਦਿਆਰਥੀ ਜੀਵਨ ਦੌਰਾਨ ਭਾਵ ਮਾਸਟਰ ਡਿਗਰੀ ਦੀ ਪੜ੍ਹਾਈ ਦੌਰਾਨ ਰਾਜਨੀਤੀ ਵੱਲ ਆਕਰਸ਼ਿਤ ਹੋਏ। ਐਮਰਜੈਂਸੀ ਤੋਂ ਬਾਅਦ ਉਹ 1978 ਵਿੱਚ ਕਾਂਗਰਸ ਵਿੱਚ ਸ਼ਾਮਲ ਹੋਏ। ਉਸ ਨੇ ਸਥਾਨਕ ਪੱਧਰ 'ਤੇ ਕਾਂਗਰਸ ਦੇ ਯੂਥ ਪ੍ਰਧਾਨ ਵਜੋਂ ਕੰਮ ਕਰਨਾ ਸ਼ੁਰੂ ਕੀਤਾ। ਉਹ ਸੰਜੇ ਗਾਂਧੀ ਦਾ ਵੀ ਸਮਰਥਕ ਸਨ।

### 28 ਸਾਲ ਦੀ ਉਮਰ 'ਚ ਬਣੇ ਵਿਧਾਨ ਸਭਾ ਮੈਂਬਰ

ਇਸ ਤੋਂ ਬਾਅਦ ਸਿਰਫ 28 ਸਾਲ ਦੀ ਉਮਰ 'ਚ ਉਹ ਚੰਦਰਗਿਰੀ ਹਲਕੇ ਤੋਂ ਵਿਧਾਨ ਸਭਾ ਮੈਂਬਰ ਬਣੇ। ਉਹ ਸੂਬੇ ਦੇ ਸਭ ਤੋਂ ਨੌਜਵਾਨ ਵਿਧਾਨ ਸਭਾ ਮੈਂਬਰ ਤੇ ਮੰਤਰੀ ਵੀ ਬਣੇ। ਰਾਜ ਮੰਤਰੀ ਵਜੋਂ ਚੰਦਰਬਾਬੂ ਨਾਇਡੂ ਨੇ 1980 ਤੋਂ 1983 ਦਰਮਿਆਨ ਪੁਰਾਲੇਖ, ਸਿਨੇਮੈਟੋਗ੍ਰਾਫੀ, ਤਕਨੀਕੀ ਸਿੱਖਿਆ ਤੇ ਛੋਟੀ ਸਿੰਚਾਈ ਸਮੇਤ ਵੱਖ–ਵੱਖ ਵਿਭਾਗਾਂ ਦਾ ਚਾਰਜ ਸੰਭਾਲਿਆ।

### ਐਨਟੀ ਰਾਮਾ ਰਾਓ ਨਾਲ ਨਵੀਂ ਸਿਆਸੀ ਪਾਰੀ ਦੀ ਕੀਤੀ ਸ਼ੁਰੂਆਤ

ਨਾਇਡੂ ਰਾਜ ਦੇ ਸਿਨੇਮੈਟੋਗ੍ਰਾਫੀ ਮੰਤਰੀ ਵੀ ਸਨ। ਇਸ ਕਾਰਨ ਉਹ ਤੇਲਗੂ ਸਿਨੇਮਾ ਦੇ ਮਸ਼ਹੂਰ ਫਿਲਮ ਅਭਿਨੇਤਾ ਐਨਟੀ ਰਾਮਾ ਰਾਓ ਦੇ ਸੰਪਰਕ ਵਿਚ ਆਏ। ਦੋਵਾਂ ਦੀ ਮੁਲਾਕਾਤ ਪਰਿਵਾਰਕ ਰਿਸ਼ਤੇ 'ਚ ਬਦਲ ਗਈ। ਸਤੰਬਰ 1981 ਦੇ ਮਹੀਨੇ ਚੰਦਰਬਾਬੂ ਨੇ



ਐਨਟੀ ਰਾਮਾ ਰਾਓ ਦੀ ਦੂਜੀ ਧੀ ਭੁਵਨੇਸ਼ਵਰੀ ਨਾਲ ਵਿਆਹ ਕੀਤਾ।

### ਜਦੋਂ ਸਹੁਰੇ ਖਿਲਾਫ਼ ਚੋਣ ਮੈਦਾਨ 'ਚ ਖੜ੍ਹਾ ਹੋਇਆ ਜਵਾਈ

ਸਾਲ 1982 'ਚ ਐਨਟੀ ਰਾਮਾ ਰਾਓ ਨੇ ਤੇਲਗੂ ਦੇਸ਼ਮ ਪਾਰਟੀ (TDP) ਬਣਾਈ। ਇਸ ਤੋਂ ਬਾਅਦ ਅਗਲੇ ਸਾਲ ਹੀ ਪਾਰਟੀ ਨੂੰ ਸੂਬੇ 'ਚ ਸਫਲਤਾ ਮਿਲੀ। ਦਿਲਚਸਪ ਗੱਲ ਇਹ ਹੈ ਕਿ ਉਹ ਸ਼ੁਰੂ ਵਿਚ ਐਨਟੀ ਰਾਮਾ ਰਾਓ ਦੀ ਪਾਰਟੀ 'ਚ ਸ਼ਾਮਲ ਨਹੀਂ ਹੋਏ ਸਨ। ਇੰਨਾ ਹੀ ਨਹੀਂ ਉਨ੍ਹਾਂ ਕਾਂਗਰਸ 'ਚ ਰਹਿੰਦਿਆਂ ਆਪਣੇ ਸਹੁਰੇ ਖਿਲਾਫ ਚੋਣ ਲੜਨ ਦੀ ਹਿੰਮਤ ਵੀ ਕੀਤੀ।

ਹਾਲਾਂਕਿ ਚੋਣਾਂ 'ਚ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਹਾਰ ਤੋਂ ਬਾਅਦ ਉਨ੍ਹਾਂ ਨੇ ਕਾਂਗਰਸ ਛੱਡ ਦਿੱਤੀ ਅਤੇ ਤੇਲਗੂ ਦੇਸ਼ਮ ਪਾਰਟੀ ਨੂੰ ਆਪਣਾ ਸਿਆਸੀ ਘਰ ਬਣਾ ਲਿਆ।

### ਜਵਾਈ ਨੇ ਕਿਉਂ ਕੀਤੀ ਸਹੁਰੇ ਖਿਲਾਫ਼ ਬਗਾਵਤ?

ਇਸ ਤੋਂ ਬਾਅਦ 1994 'ਚ ਕੁੱਪਮ ਹਲਕੇ ਤੋਂ ਵਿਧਾਇਕ ਬਣਨ ਤੋਂ ਬਾਅਦ ਉਨ੍ਹਾਂ ਨੂੰ ਐਨਟੀ ਰਾਮਾ ਰਾਓ ਦੇ ਮੰਤਰਾਲੇ 'ਚ ਵਿੱਤ ਅਤੇ ਮਾਲ ਮੰਤਰੀ ਬਣਾਇਆ ਗਿਆ। ਐਨਟੀ ਰਾਮਾ ਰਾਓ ਤੋਂ ਬਾਅਦ ਪਾਰਟੀ 'ਚ ਚੰਦਰਬਾਬੂ ਨਾਇਡੂ ਨੂੰ ਸਭ ਤੋਂ ਵੱਧ ਸੁਣਿਆ ਗਿਆ। ਤੁਹਾਨੂੰ ਦੱਸ ਦੇਈਏ ਕਿ 1993 ਵਿੱਚ ਐਨਟੀ ਰਾਮਾ ਰਾਓ ਨੇ 33 ਸਾਲ ਦੀ ਤੇਲਗੂ ਲੇਖਿਕਾ ਲਕਸ਼ਮੀ ਸ਼ਿਵ ਪਾਰਵਤੀ ਨਾਲ ਦੂਜਾ ਵਿਆਹ ਕੀਤਾ ਸੀ।

ਚੰਦਰਬਾਬੂ ਨਾਇਡੂ ਕੋਲ ਪਾਰਟੀ 'ਚ ਨੰਬਰ–2 ਦਾ ਸਥਾਨ ਹੋਣ ਦੇ ਬਾਵਜੂਦ ਐਨਟੀ ਰਾਮਾ ਰਾਓ ਦੀ ਦੂਜੀ ਪਤਨੀ ਪਾਰਟੀ 'ਚ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਇਸ ਗੱਲ ਨੇ ਪਾਰਟੀ ਦੇ ਕਈ ਆਗੂਆਂ ਨੂੰ ਨਾਰਾਜ਼ ਕੀਤਾ।

ਨਤੀਜਾ ਹੋਇਆ ਪਾਰਟੀ 'ਚ ਬਗਾਵਤ! ਇਸ ਬਗਾਵਤ ਦੀ ਸਕ੍ਰਿਪਟ ਐਨਟੀ ਰਾਮਾ ਰਾਓ ਦੇ ਦੋਸਤ ਚੰਦਰਬਾਬੂ ਨਾਇਡੂ ਨੇ ਲਿਖੀ ਸੀ। ਬਗਾਵਤ 'ਚ ਚੰਦਰਬਾਬੂ ਨਾਇਡੂ ਦੇ ਨਾਲ 150 ਤੋਂ ਵੱਧ ਪ੍ਰਮੁੱਖ ਵਿਧਾਇਕ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਸਨ। ਐਨਟੀ ਰਾਮਾ ਰਾਓ ਦੇ ਪੁੱਤਰਾਂ ਨੇ ਵੀ ਇਸ ਬਗਾਵਤ 'ਚ ਚੰਦਰਬਾਬੂ ਨਾਇਡੂ ਦਾ ਸਾਥ ਦਿੱਤਾ।

1994 ਦੀਆਂ ਵਿਧਾਨ ਸਭਾ ਚੋਣਾਂ ਵਿੱਚ 216 ਲਾਭ ਪ੍ਰਾਪਤ ਕਰਨ ਵਾਲੀ ਟੀਡੀਪੀ ਆਗੂ ਕੋਲ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਿਆ ਸੀ। ਐਨਟੀ ਰਾਮਾ ਰਾਓ ਨੂੰ ਪਾਰਟੀ ਟੁੱਟਣ ਦਾ ਡੂੰਘਾ ਸਦਮਾ ਲੱਗਾ ਤੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਤੋਂ ਪੰਜ ਮਹੀਨੇ ਬਾਅਦ ਹੀ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ।

### ਚੰਦਰਬਾਬੂ ਨਾਇਡੂ ਦਾ ਸਿਆਸੀ ਸਫ਼ਰ

ਇਸ ਤੋਂ ਬਾਅਦ ਚੰਦਰਬਾਬੂ ਨਾਇਡੂ ਦਾ ਸਿਆਸੀ ਸਫਰ ਇਕ ਨਵੇਂ ਆਯਾਮ 'ਤੇ ਪਹੁੰਚ ਗਿਆ। ਉਹ 1995 ਤੋਂ 2004 ਤਕ ਮੁੱਖ ਮੰਤਰੀ ਰਹੇ। ਇਸ ਤੋਂ ਬਾਅਦ ਉਹ 2004 ਤੋਂ 2014 ਤਕ ਵਿਧਾਨ ਸਭਾ ਵਿੱਚ ਨਾਮਜ਼ਦਗੀ ਦੀ ਭੂਮਿਕਾ 'ਚ ਰਹੇ। 2014 ਦੀ ਵਿਧਾਨ ਸਭਾ ਵਿੱਚ ਟੀਡੀਪੀ ਇੱਕ ਵਾਰ ਫਿਰ ਸੱਤਾ ਵਿੱਚ ਆਈ ਹੈ।


NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020




HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834





ਸੈਕਰਾਮੈਂਟ ਵਿਖੇ ਰਹਿ ਰਹੇ ਸ੍ਰੀ ਧਿਆਨ ਚੰਦ ਜੀ ਆਪਣੀ ਸੰਸਾਰਕ ਯਾਤਰਾ 4 ਸਤੰਬਰ 2023 ਨੂੰ ਪੂਰੀ ਕਰਕੇ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦਾ ਜੱਦੀ ਪਿੰਡ ਬੋਲੀਨਾ ਦੁਆਬਾ ਸੀ। ਉਹਨਾਂ ਦਾ ਅੰਤਿਮ ਸਸਕਾਰ 9 ਸਤੰਬਰ 2023 ਨੂੰ ਦੁਪਹਿਰ 2 ਵਜੇ ਤੋਂ 4 ਵਜੇ ਤੱਕ 725 ਈ. ਐਲ. ਕੈਮਿਨੋ, ਐਵੇਨਿਊ, ਸੈਕਰਾਮੈਂਟੋ ਵਿਖੇ ਹੋਇਆ ਅਤੇ ਅੰਤਿਮ ਅਰਦਾਸ ਸਸਕਾਰ ਤੋਂ ਬਾਅਦ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਕੀਤੀ ਗਈ। ਅਦਾਰਾ "ਦੇਸ਼ ਦੁਆਬਾ" ਉਹਨਾਂ ਦੀ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹੈ ਜੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸਣ ਦੀ ਅਰਦਾਸ ਕਰਦਾ ਹੈ। ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਅਤੇ ਹੋਰ ਜਾਣਕਾਰੀ ਲਈ 916-613-2796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਮਾਜ ਸੇਵਕ ਅਵਤਾਰ ਹੀਰ (ਜਰਮਨ) ਨੂੰ ਸਦਮਾ, ਪਿਤਾ ਦਾ ਦੇਹਾਂਤ

**ਫਿਲੌਰ (ਜੱਸੀ)**–ਇਲਾਕੇ ਦੇ ਪ੍ਰਸਿੱਧ ਸਮਾਜ ਸੇਵਕ ਅਵਤਾਰ ਹੀਰ (ਜਰਮਨ) ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਬੀਤੇ ਦਿਨ ਉਨਾਂ ਦੇ ਪਿਤਾ ਨਸੀਬ ਚੰਦ (ਊਘੇ ਟੇਲਰ)ਦੀ ਬੇਵਕਤੀ ਮੌਤ ਹੋ ਗਈ। ਉਨਾਂ ਦੀ ਬੇਵਕਤੀ ਮੌਤ ਤੇ ਇਲਾਕੇ ਭਰ ਦੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ, ਪੰਚਾਂ, ਸਰਪੰਚਾਂ, ਸਮਾਜ ਸੈਵੀ



ਸੰਗਠਨਾਂ ਤੇ ਮੋਹਤਬਰ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪਿਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਗੌਰਤਲਬ ਹੈ ਕਿ ਸਵ ਨਸੀਬ ਚੰਦ ਪੰਜਾਬ ਪੁਲਸ ਦੇ ਕਿਲਾ ਫਿਲੌਰ ਦੇ ਨਜਦੀਕ ਪੁਲਸ ਦੀਆਂ ਵਰਦੀਆਂ ਸਿਲਾਈ ਕਰਨ ਦਾ ਸ਼ੋਅਰੂਮ ਚਲਾਉਂਦੇ ਹਨ। ਆਪਣੇ ਨਿਮਰ ਸੁਭਾਅ ਤੇ ਮਿਹਨਤ ਦੇ ਦਮ ਤੇ ਉਨਾਂ ਨੇ ਸਮਾਜ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਇਆ ਹੈ। ਉਹ ਨਿਮਰ ਸੁਭਾਅ ਦੇ ਨਾਲ ਨਾਲ ਸਮਾਜ ਸੇਵਾ ਲਈ ਵੀ ਹਮੇਸ਼ਾ ਤਤਪਰ ਰਹਿੰਦੇ ਸਨ। ਇਹੀ ਗੁਣ ਉਨਾਂ ਨੇ ਅੱਗੇ ਆਪਣੇ ਪਰਿਵਾਰ ਨੂੰ ਦਿੱਤੇ। ਉਨਾਂ ਦੇ ਤਿੰਨ ਪੁੱਤਰ ਹਨ, ਜਿਨਾਂ ਵਿੱਚ ਰਛਪਾਲ ਹੀਰ ਪੁਲਸ ਕਿਲਾ ਫਿਲੌਰ ਵਿਖੇ ਬਤੌਰ ਥਾਣੇਦਾਰ ਡਿਊਟੀ ਨਿਭਾ ਰਹੇ ਹਨ, ਮੇਹਰ ਚੰਦ ਪਹਿਲਵਾਨੀ ਦੇ ਖੇਤਰ ਵਿੱਚ ਨਾਮਣਾ ਖੱਟ ਰਹੇ ਹਨ ਤੇ ਅਵਤਾਰ ਹੀਰ ਵਿਦੇਸ਼ ਜਰਮਨ ਵਿਖੇ ਸੈਟਲਡ ਹਨ ਤੇ ਹਮੇਸ਼ਾ ਹੀ ਸਮਾਜ ਸੇਵਾ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਲਈ ਕਾਰਜ ਕਰ ਰਹੇ ਹਨ। ਸਵ ਨਸੀਬ ਚੰਦ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਮਿਤੀ 24 ਸਤੰਬਰ ਦਿਨ ਐਤਵਾਰ ਨੂੰ ਦੁਪਿਹਰ 1ਤੋਂ 2 ਵਜੇ ਤੱਕ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੂਰਮਹਿਲ ਰੋਡ ਫਿਲੌਰ ਜਿਲਾ ਜਲੰਧਰ ਵਿਖੇ ਹੋਵੇਗੀ।

# ਕੰਗਵੀ ਦਾ ਪਲੇਠਾ ਕਾਵਿ ਸੰਗ੍ਰਹਿ 'ਜੰਗਲੀ ਫੁੱਲ' ਲੋਕ ਅਰਪਣ 'ਤੇ ਗੋਸ਼ਟੀ

ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਫਾਇਨ ਡਾਇਨਿੰਗ ਹੋਟਲ ਹੁਸ਼ਿਆਰਪੁਰ ਵਿਖੇ ਸੁਰਿੰਦਰ ਸਿੰਘ ਕੰਗਵੀ ਦੇ ਪਲੇਠੇ ਕਾਵਿ ਸੰਗ੍ਰਹਿ 'ਜੰਗਲੀ ਫੁੱਲ' ਦੇ ਲੋਕ ਅਰਪਣ ਉਪਰੰਤ ਗੋਸ਼ਟੀ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਡਾ.




ਕਰਮਜੀਤ ਸਿੰਘ, ਪ੍ਰੋ. ਭਾਰਤ ਭੂਸ਼ਨ, ਬਲਜਿੰਦਰ ਮਾਨ, ਨਵਤੇਜ ਗੜ੍ਹਦੀਵਾਲਾ, ਮਦਨ ਵੀਰਾ ਅਤੇ ਡਾ. ਜਸਵੰਤ ਰਾਏ ਵਲੋਂ ਕੀਤੀ ਗਈ।ਜੀ ਆਇਆਂ ਸ਼ਬਦ ਸਭਾ ਦੇ ਸਰਪ੍ਰਸਤ ਜਸਬੀਰ ਸਿੰਘ ਧੀਮਾਨ ਨੇ ਸਭਾ ਦਾ ਸੰਖੇਪ ਇਤਿਹਾਸ ਦੱਸਦਿਆਂ ਸਾਂਝੇ ਕੀਤੇ।ਪੁਸਤਕ ਲੋਕ ਅਰਪਣ ਉਪਰੰਤ ਸੰਗੀਤ ਦੇ ਪ੍ਰੋ. ਬਲਰਾਜ ਨੇ ਇਸੇ ਕਾਵਿ ਸੰਗ੍ਰਹਿ ਵਿੱਚੋਂ ਹਰਮੋਨੀਅਮ 'ਤੇ ਦੋ ਗੀਤ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਡਾ. ਜਗਤਾਰ ਮਿਸਤਰੀ ਵਲੋਂ ਲਿਖੇ ਅਤੇ ਲੈਕਚਰਾਰ ਲਖਵਿੰਦਰ ਰਾਮ ਵਲੋਂ ਪੇਸ਼ ਪਹਿਲੇ ਪਰਚੇ 'ਚ ਜੰਗਲੀ ਫੁੱਲ ਦੀ ਸ਼ਾਇਰੀ ਨੂੰ ਕਿਰਤੀ ਦੀ ਬਾਂਹ ਫੜਨ ਵਾਲੀ ਅਤੇ ਹੱਕ ਸੱਚ ਦੀ ਅਵਾਜ਼ ਕਿਹਾ ਗਿਆ। ਬਲਜਿੰਦਰ ਮਾਨ ਨੇ ਕੰਗਵੀ ਦੀ ਸ਼ਾਇਰੀ ਨੂੰ ਸਮਾਜਿਕ ਸਰੋਕਾਰਾਂ ਨਾਲ ਜੁੜੀ ਹੋਈ ਆਖਿਆ। ਪ੍ਰੋ. ਭਾਰਤ ਭੂਸ਼ਨ ਨੇ ਜੰਗਲੀ ਫੁੱਲ ਦੀ ਕਾਵਿਧਾਰਾ ਨੂੰ ਕੁਦਰਤ ਨਾਲ ਇਕਮਿਕਤਾ ਵਾਲੀ ਸ਼ਾਇਰੀ ਦੱਸਿਆ। ਨਵਤੇਜ ਗੜ੍ਹਦੀਵਾਲਾ ਨੇ ਇਸਨੂੰ ਸੰਗੀਤ, ਤਾਂਘ, ਤਣਾਓ, ਪੀੜ ਅਤੇ ਲੋਕ ਗੀਤਾਂ ਵਰਗੀ ਨੁਹਾਰ ਵਾਲੀ ਸ਼ਾਇਰੀ ਕਿਹਾ।ਮਦਨ ਵੀਰਾ ਨੇ ਕੰਗਵੀ ਦੇ ਕਾਵਿ ਸਫਰ ਬਾਰੇ ਗੱਲ ਕਰਦਿਆਂ ਕਿਹਾ ਕਿ ਲੋਕ ਮਨ ਦੇ ਅਤਿ ਨੇੜੇ ਰਹਿਣ ਵਾਲੇ ਇਸ ਲੋਕ ਸੰਗ੍ਰਹਿ ਦੀ ਚਿਰੋਕੇ ਸਮੇਂ ਤੋਂ ਲੋੜ ਸੀ। ਡਾ. ਕਰਮਜੀਤ ਸਿੰਘ ਨੇ ਸਮੁੱਚੇ ਸਮਾਗਮ ਨੂੰ ਸਮੇਟਦਿਆਂ ਪੇਸ਼ ਕੀਤੇ ਪਰਚਿਆਂ ਤੇ ਆਪਣੀ ਟਿੱਪਣੀ ਦਿੰਦਿਆਂ ਕੰਗਵੀ ਨੂੰ ਹਿਜਰਾਂ ਦੀ ਅੱਗ ਦਾ ਕਵੀ ਆਖਦਿਆਂ ਕਿਹਾ ਕਿ ਗੀਤ, ਗ਼ਜ਼ਲਾਂ ਅਤੇ ਕਵਿਤਾਵਾਂ ਨਾਲ ਲਬਰੇਜ਼ ਇਸ ਪੁਸਤਕ ਵਿੱਚ ਗੀਤ ਜ਼ਿਆਦਾ ਪ੍ਰਭਾਵਸ਼ਾਲੀ ਰੰਗ ਨਾਲ ਪੇਸ਼ ਹੋਏ ਹਨ।

ਇਸ ਮੌਕੇ ਸਾਹਿਤ ਸਭਾ ਵਲੋਂ ਸੁਰਿੰਦਰ ਕੰਗਵੀ ਨੂੰ ਕਿਤਾਬਾਂ ਦਾ ਸੈੱਟ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਬਾਖੂਬੀ ਨਿਭਾਈ। ਇਸ ਸਮੇਂ ਰਵਿੰਦਰ ਕੌਰ, ਡਾ. ਸੰਦੀਪ, ਡਾ. ਰਿਤੇਸ਼, ਤਨਵੀਰ ਸਿੰਘ, ਅਨਹਦ, ਕੁਲਤਾਰ ਸਿੰਘ ਕੁਲਤਾਰ, ਤ੍ਰਿਪਤਾ ਕੇ ਸਿੰਘ, ਕੁਲਵੰਤ ਸਿੰਘ, ਡਾ. ਸੁਖਦੇਵ ਸਿੰਘ ਢਿੱਲੋਂ, ਡਾ. ਸਰਦੂਲ ਸਿੰਘ, ਦਰਸ਼ਨ ਸਿੰਘ ਦਰਸ਼ਨ, ਹਰਦਿਆਲ ਹੁਸ਼ਿਆਰਪੁਰੀ, ਹਰਵਿੰਦਰ ਸਾਬੀ, ਡਾ. ਮਨਮੋਹਨ ਸਿੰਘ ਤੀਰ, ਸਤੀਸ਼ ਕੁਮਾਰ, ਆਯੂਸ਼ ਸ਼ਰਮਾ, ਰਜਿੰਦਰ ਸੱਚਦੇਵਾ, ਅਮਰੀਕ ਡੋਗਰਾ, ਅੰਜੂ ਸੈਣੀ, ਰਾਜ ਕੁਮਾਰ ਘਾਸੀਪੁਰੀਆ, ਅਵਤਾਰ ਸਿੰਘ ਸੰਧੂ, ਅਰੁਣ ਪ੍ਰਭਵਾ, ਸ਼ੈਲਜਾ, ਪਰਮਜੀਤ ਭੁਲਾਣਾ ਆਦਿ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ (98158-25999)**
**ਜਨਰਲ ਸਕੱਤਰ, ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.)**

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਨੂੰ ਸਮਰਪਿਤ ਸਿਹਤ ਬਲਾਕ ਮੂਨਕ ਵਿਚ 'ਆਯੂਸ਼ਮਾਨ ਭਵ' ਮੁਹਿੰਮ ਸ਼ੁਰੂ

**ਮੂਨਕ/ਸੰਗਰੂਰ, (ਦਲਜੀਤ ਕੌਰ)** ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ, ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਅਤੇ ਸਿਵਲ ਸਰਜਨ ਸੰਗਰੂਰ ਡਾ. ਪਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਬਲਵਿੰਦਰ ਸਿੰਘ ਭੱਟੀ ਦੀ ਦੇਖ-ਰੇਖ ਹੇਠ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਨੂੰ ਸਮਰਪਿਤ ਸਿਹਤ ਬਲਾਕ ਮੂਨਕ ਵਿਚ 'ਆਯੂਸ਼ਮਾਨ ਭਵ' ਮੁਹਿੰਮ ਸ਼ੁਰੂ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਐਜੂਕੇਟਰ-ਕਮ-ਸਿਹਤ ਵਿਭਾਗ ਦੇ ਮਾਸ ਮੀਡੀਆ ਬ੍ਰਾਂਚ ਸਿਹਤ ਬਲਾਕ ਮੂਨਕ ਦੇ ਨੋਡਲ ਅਫ਼ਸਰ ਹਰਦੀਪ ਜਿੰਦਲ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਨਮ ਦਿਨ ਨੂੰ ਸਮਰਪਿਤ 17 ਸਤੰਬਰ ਤੋਂ ਪਹਿਲਾਂ ਅੱਜ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਸਿਹਤ ਵਿਭਾਗ ਦੇ ਵੱਖ-ਵੱਖ ਬੁਲਾਰਿਆਂ ਨੇ ਸਥਾਨਕ ਸਬ ਡਵੀਜਨਲ ਹਸਪਤਾਲ ਵਿਖੇ ਹਾਜਰੀਨ ਨੂੰ ਚੱਲ ਰਹੀਆਂ ਵੱਖ-ਵੱਖ ਸਿਹਤ ਸਕੀਮਾਂ ਸਬੰਧੀ ਜਾਰਗੂਕ ਕੀਤਾ ਗਿਆ ਤਾਂ ਕਿ ਲੋਕ ਇਨ੍ਹਾਂ ਸਿਹਤ ਸਕੀਮਾ ਦਾ ਵੱਧ ਤੋਂ ਵੱਧ ਲਾਭ ਲੈ ਸਕਣ। ਸੇਵਾ ਪੰਦਰਵਾੜੇ ਵਿਚ ਚੱਲਣ ਵਾਲੀ ਇਸ ਮੁਹਿੰਮ ਤਹਿਤ ਸਾਰੇ ਹੈਲਥ ਐਂਡ ਵੈੱਲਨੈਸ ਸੈਂਟਰਾਂ ਤੇ ਹਸਪਤਾਲਾਂ ਵਿਚ ਮੁਫ਼ਤ ਸਿਹਤ ਚੈੱਕਅੱਪ ਤੇ ਇਲਾਜ ਹੋਵੇਗਾ, ਇਸ ਦੇ ਨਾਲ ਹੀ ਪਿੰਡਾਂ ਵਿਚ ਸਿਹਤ ਮੇਲੇ ਕਰਵਾਏ ਜਾਣਗੇ। ਇਸ ਮੌਕੇ ਆਯੂਸ਼ਮਾਨ ਸਕੀਮ ਦੇ ਯੋਗ ਲਾਭਪਾਤਰੀਆਂ ਨੂੰ ਪੰਜ ਲੱਖ ਰੁਪਏ ਸਾਲਾਨਾ ਮੁਫ਼ਤ ਇਲਾਜ ਦੀ ਸਹੂਲਤ ਵਾਲਾ 'ਆਯੂਸ਼ਮਾਨ ਕਾਰਡ' ਤਕਸੀਮ ਕੀਤੇ ਜਾਣੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇ 'ਅੰਤੋਦਿਆ ਮਿਸ਼ਨ' ਤਹਿਤ ਸਾਰੇ ਲੋਕਾਂ ਨੂੰ ਸਿਹਤ ਸਹੂਲਤਾਂ ਪਹੁੰਚਾਉਣਾ ਅਹਿਮ ਕੰਮ ਹੈ। ਆਯੂਸ਼ਮਾਨ ਭਵ ਮੁਹਿੰਮ 13 ਸਤੰਬਰ ਤੋਂ ਆਰੰਭ ਹੋ ਕੇ 2 ਅਕਤੂਬਰ ਤੱਕ ਚੱਲੇਗੀ।

ਇਸ ਦੇ ਤਹਿਤ ਹੈਲਥ ਐਂਡ ਵੈੱਲਨੈੱਸ ਸੈਂਟਰਜ਼ ਤੇ ਹੋਰ ਸਿਹਤ ਕੇਂਦਰਾਂ 'ਤੇ ਮੁਫ਼ਤ ਜਾਂਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਸਾਰੇ ਗ਼ਰੀਬ ਅਤੇ ਮੱਧ ਵਰਗੀ ਲੋਕਾਂ ਦੀ ਸਿਹਤ ਦੀ ਜਾਂਚ ਹੋਵੇ। ਜਾਂਚ ਦੌਰਾਨ ਕਿਸੇ ਬਿਮਾਰੀ ਬਾਰੇ ਪਤਾ ਲੱਗਣ 'ਤੇ ਇਲਾਜ ਯਕੀਨੀ ਹੋ ਸਕੇ। ਉਨ੍ਹਾਂ ਦੱਸਿਆ ਕਿ ਪਿੰਡਾਂ ਤੇ ਸ਼ਹਿਰੀ ਵਾਰਡਾਂ ਵਿਚ ਆਯੂਸ਼ਮਾਨ ਸਭਾ ਕਰਵਾਈ ਜਾਵੇਗੀ, ਜਿਸ ਵਿਚ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਦੇ ਨਾਲ ਹੀ ਸਰਕਾਰੀ ਸੇਵਾਵਾਂ ਮੁਹੱਈਆ ਹੋਣਗੀਆਂ। ਮੁਹਿੰਮ ਦੌਰਾਨ ਅੰਗਦਾਨ ਲਈ ਲੋਕਾਂ ਨੂੰ ਉਤਸ਼ਾਹਤ ਕੀਤਾ ਜਾਵੇਗਾ। ਇਸ ਦੇ ਲਈ 180011477 ਟੋਲ ਫਰੀ ਹੈਲਪਲਾਈਨ ਨੰਬਰ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਜ਼ੇਲੈਂਸਕੀ ਨੇ ਰੱਖਿਆ ਮੰਤਰੀ ਨੂੰ ਯੁੱਧ ਦੇ ਅੱਧ 'ਚ ਕੀਤਾ ਬਰਖਾਸਤ

**ਕੀਵ–** ਯੂਕਰੇਨ ਦੇ ਰਾਸ਼ਟਰਪਤੀ ਵੋਲੋਦੋਮੀਰ ਜ਼ੇਲੈਂਸਕੀ ਨੇ ਸੋਮਵਾਰ ਨੂੰ ਰੱਖਿਆ ਮੰਤਰੀ ਓਲੈਕਸੀ ਰੇਜ਼ਿਨਕੋਵ ਨੂੰ ਹਟਾ ਦਿੱਤਾ ਹੈ। ਰਾਸ਼ਟਰਪਤੀ ਨੇ ਨੇ ਅਧਿਕਾਰਤ ਟੈਲੀਗ੍ਰਾਮ ਖਾਤੇ 'ਤੇ ਪੋਸਟ ਪਾ ਕੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੇ ਐਲਾਨ ਮਗਰੋਂ ਰੇਜ਼ਿਨਕੋਵ ਨੇ ਅਸਤੀਫ਼ਾ ਸੌਂਪ ਦਿੱਤਾ ਹੈ। ਉਨ੍ਹਾਂ ਦੀ ਥਾਂ ਰੁਸਤਮ ਉਮੇਰੋਵ ਨਵੇਂ ਰੱਖਿਆ ਮੰਤਰੀ ਹੋਣਗੇ।

ਰੱਖਿਆ ਵਿਭਾਗ ਦੀ ਤਰਫੋਂ ਫ਼ੌਜ ਲਈ ਖ਼ਰੀਦੀਆਂ ਜਾਣ ਵਾਲੀਆਂ ਜੈਕੇਟਾਂ ਨੂੰ ਲੈ ਕੇ ਸਾਹਮਣੇ ਆਏ ਭ੍ਰਿਸ਼ਟਾਚਾਰ ਦੇ ਸਬੂਤਾਂ ਦੇ ਅਧਾਰ 'ਤੇ ਓਲੈਕਸੀ ਰੇਜ਼ਿਨਕੋਵ ਨੂੰ ਹਟਾਉਣ ਦਾ ਫ਼ੈਸਲਾ ਲਿਆ ਗਿਆ ਹੈ। ਅਗਸਤ ਮਹੀਨੇ ਮੀਡੀਆ ਵਿਚ ਇਹ ਰਿਪੋਰਟ ਸਾਹਮਣੇ ਆਈ ਸੀ ਕਿ ਇਨ੍ਹਾਂ ਜੈਕੇਟਾਂ ਦੀ ਖ਼ਰੀਦਦਾਰੀ ਤਿੰਨ ਗੁਣਾ ਵੱਧ ਕੀਮਤ 'ਤੇ ਕੀਤੀ ਜਾ ਰਹੀ ਹੈ। ਨਾਲ ਹੀ ਸਰਦੀਆਂ ਲਈ ਖ਼ਰੀਦੀ ਜਾਣ ਵਾਲੀ ਜੈਕਟ ਦੀ ਥਾਂ ਗਰਮੀ ਵਾਲੇ ਸਮਾਨ ਦਾ ਆਰਡਰ ਵੀ ਦਿੱਤਾ ਗਿਆ ਹੈ।



ਜ਼ੇਲੈਂਸਕੀ ਨੇ ਕਿਹਾ ਹੈ ਕਿ ਉਹ ਇਹ ਮੰਨਦੇ ਹਨ ਕਿ ਰੱਖਿਆ ਮੰਤਰਾਲੇ ਨੂੰ ਹੁਣ ਨਵੇਂ ਨਜ਼ਰੀਏ ਦੀ ਜ਼ਰੂਰਤ ਹੈ। ਮੈਂ ਰੁਸਤਮ ਦੀ ਉਮੀਦਵਾਰੀ ਲਈ ਸੰਸਦ ਦਾ ਸਹਿਯੋਗ ਚਾਹੁੰਦਾ ਹਾਂ। ਰਾਸ਼ਟਰਪਤੀ ਨੇ ਅੱਗੇ ਕਿਹਾ ਕਿ ਰੁਸਤਮ ਨੂੰ ਕਿਸੇ ਰਸਮੀ ਜਾਣ ਪਛਾਣ ਦੀ ਜ਼ਰੂਰਤ ਨਹੀਂ ਹੈ, ਸਾਰੇ ਉਨ੍ਹਾਂ ਬਾਰੇ ਵਾਕਫ਼ ਹਨ। 41 ਸਾਲਾ ਉਮੇਰਾਵ ਸਤੰਬਰ 2022 ਤੋਂ ਅਹਿਮ ਅਹੁਦੇ 'ਤੇ ਕਾਰਜਸ਼ੀਲ ਹਨ। ਉਹ ਰੂਸ ਦੇ ਨਾਲ ਅਨਾਜ ਸਮਝੌਤੇ ਬਾਰੇ ਹੋਈ ਗੱਲਬਾਤ ਦੌਰਾਨ ਸ਼ਾਮਲ ਕੀਤੇ ਗਏ ਸਨ। ਰੇਜੀਨਕੋਵ ਨੇ ਅਸਤੀਫ਼ਾ ਦੇਣ ਮਗਰੋਂ ਕੀਤੀ ਗੱਲਬਾਤ ਵਿਚ ਕਿਹਾ ਕਿ ਲੋਕਾਂ ਤੇ ਫ਼ੌਜ ਲਈ ਕੰਮ ਕਰਨਾ ਸਨਮਾਨ ਦੀ ਗੱਲ ਹੈ। ਇਹ ਸਮਾਂ ਯੂਕਰੇਨ ਲਈ ਬਹੁਤ ਔਖਾ ਚੱਲ ਰਿਹਾ ਹੈ। ਇਸ ਦੌਰਾਨ ਯੂਕਰੇਨ ਸਰਕਾਰ ਨੇ ਬੁਲਾਰੇ ਨੇ ਕਿਹਾ ਹੈ ਕਿ ਰੂਸੀ ਡ੍ਰੋਨ ਨੇ ਨਾਟੋ ਮੈਂਬਰ ਦੇਸ਼ ਰੋਮਾਨੀਆ ਨੂੰ ਨਿਸ਼ਾਨਾ ਬਣਾਇਆ ਹੈ। ਹਾਲਾਂਕਿ ਰੋਮਾਨੀਆ ਦੇ ਬੁਲਾਰੇ ਨੇ ਇਸ ਦਾ ਖੰਡਨ ਕਰ ਦਿੱਤਾ ਹੈ।

# ਏਅਰਟੈਲ ਪੇਮੈਂਟ ਬੈਂਕ ਕੰਪਨੀ ਵਲੋਂ ਪਲੇਸਮੈਂਟ ਕੈਪ 14 ਸਤੰਬਰ 2023 ਨੂੰ: ਜਿਲ੍ਹਾ ਰੋਜਗਾਰ ਅਫ਼ਸਰ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਰੋ-ਜਗਾਰ ਦਫਤਰ, ਪਠਾਨਕੋਟ ਵੱਲੋਂ 14 ਸਤੰਬਰ 2023 ਨੂੰ ਡੀ.ਬੀ.ਈ.ਈ ਪਠਾਨਕੋਟ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਜਿਲ੍ਹਾ ਰੋਜਗਾਰ ਅਫ਼ਸਰ ਸ਼੍ਰੀ ਰਮਨ ਵਲੋ ਦੱਸਿਆ ਗਿਆ ਕਿ ਮਿਤੀ 14 ਸਤੰਬਰ 2023 ਨੂੰ ਏਅਰਟੈਲ ਪੇਮੈਂਟ ਕੰਪਨੀ ਵਲੋਂ ਸੇਲਜ ਐਗਜੀਕਿਊਟਿਵ ਦੀ ਅਸਾਮੀ ਲਈ ਇੰਟਰਵਿਊ ਕੀਤੀ ਜਾਣੀ ਹੈ। ਇਹਨਾਂ ਅਸਾਮੀਆ ਲਈ ਘੱਟ ਤੋਂ ਘੱਟ ਯੋਗਤਾ ਬਾਰਵੀ ਪਾਸ ਹੈ, ਅਤੇ ਉਮਰ 18 ਤੋਂ 40 ਸਾਲ ਹੈ। ਪ੍ਰਾਰਥੀ ਕੋਲ ਆਪਣਾ ਵਾਈਕਲ (ਮੋਟਰ ਸਾਈਕਲ ) ਹੋਣਾ ਲਾਜਮੀ ਹੈ। ਇੰਟਰਵਿਊ ਉਪਰੰਤ ਚੁਣੇ ਗਏ ਪ੍ਰਾਰਥੀਆ ਨੂੰ 15000/- ਰੁਪਏ ਪ੍ਰਤੀ ਮਹੀਨਾ ਸੈਲਰੀ ਮਿਲਣ ਯੋਗ ਹੋਵੇਗੀ। ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ ਮਿਤੀ 14 ਸਤੰਬਰ 2023 ਨੂੰ ਜਿਲ੍ਹਾ ਰੋਜਾਗਰ ਦਫਤਰ (ਡੀ.ਬੀ.ਈ.ਈ) ਪਠਾਨਕੋਟ, ਕਮਰਾ ਨੰ:352, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਮਲਿਕਪੁਰ ਪਠਾਨਕੋਟ ਵਿਖੇ ਪਹੁੰਚ ਸਕਦੇ ਹਨ। ਵਧੇਰੇ ਜਾਣਕਾਰੀ ਲਈ ਪ੍ਰਾਰਥੀ ਦਫਤਰ ਦੇ ਹੈਲਪਲਾਈਨ ਨੰਬਰ : 7657825214 ਤੇ ਸੰਪਰਕ ਕਰ ਸਕਦੇ ਹਨ।

# ਮਾਤਾ ਸਵਿੱਤਰੀ ਬਾਈ ਫੂਲੇ ਐਵਾਰਡ ਨਾਲ 20 ਅਧਿਆਪਕ ਕੀਤੇ ਸਨਮਾਨਿਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਾਹਿਬ ਸ੍ਰੀ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਵਲੋਂ ਸ੍ਰੀ ਗੁਰੂ ਰਵਿਦਾਸ





ਗੁਰਦੁਆਰਾ ਨਵਾਂਸ਼ਹਿਰ ਵਿਖੇ ਸਰਕਾਰੀ ਐਲੀਮੈਂਟਰੀ ਸਕੂਲ ਵਿੱਚ ਅਧਿਆਪਕ ਦਿਵਸ ਨੂੰ ਸਮਰਪਿਤ ਅਧਿਆਪਕ ਸਨਮਾਨ ਸਮਾਰੋਹ ਰੱਖਿਆ ਗਿਆ। ਇਸ ਸਮਾਰੋਹ ਵਿੱਚ ਕੇਵਲ ਕ੍ਰਿਸ਼ਨ ਬੰਗਾ ਅਤੇ ਏ ਐਸ ਆਈ ਬਲਵਿੰਦਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਹਾਜਰੀ ਲਗਵਾਈ। ਸਮਾਰੋਹ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਦੇ ਪ੍ਰਧਾਨ ਨਿੰਕੂ ਰਾਮ ਜਨਾਗਲ ਲੋਕ ਸਘੰਰਸ਼ ਮੰਚ ਆਗੂ ਸਤੀਸ਼ ਕੁਮਾਰ, ਕੇਵਲ ਕ੍ਰਿਸ਼ਨ ਬੰਗਾ, ਦੇਸ ਰਾਜ ਨੌਰਦ ਨੇ ਸੰਬੋਧਨ ਕਰਦਿਆ ਕਿਹਾ ਕਿ ਮਾਤਾ ਸਵਿੱਤਰੀ ਬਾਈ ਫੂਲੇ ਜੀ ਇਸ ਦੇਸ਼ ਦੇ ਪਹਿਲੇ ਅਧਿਆਪਕ ਹੋਏ ਹਨ। ਉਸ ਬੁਰੇ ਸਮੇਂ ਵਿੱਚ ਉਹਨਾਂ ਨਾਲ ਜੋ ਵੀ ਵਧੀਕੀਆਂ ਹੋਈਆਂ ਉਹਨਾਂ ਨੂੰ ਭੁਲਾ ਕੇ ਵੀ ਉਹਨਾਂ ਜੋ ਸਮਾਜ ਦੇ ਲਈ ਕੀਤਾ ਸਮਾਜ ਉਸ ਦਾ ਸਦਾ ਰਿਣੀ ਰਹੇਗਾ। ਮਾਤਾ ਸਵਿੱਤਰੀ ਬਾਈ ਫੂਲੇ ਜੀ ਦੇ ਸਘੰਰਸ਼ ਸਦਕੇ ਹੀ ਅੱਜ ਲੱਖਾਂ ਹੀ ਐਸ ਸੀ/ਐਸ ਟੀ/ਓ ਬੀ ਸੀ ਵਰਗ ਦੇ ਲੋਕਾਂ ਨੂੰ ਸਿੱਖਿਅਤ ਹੋਣ ਤੇ ਉਪਰੰਤ ਸਾਸਨ,ਪ੍ਰਸਾਸ਼ਨ ਵਿੱਚ ਆਉਣ ਦਾ ਮੌਕਾ ਮਿਲਿਆ। ਸਭ ਤੋਂ ਵੱਡਾ ਫਾਇਦਾ ਔਰਤਾਂ ਨੂੰ ਮਿਲਿਆ ਸਿੱਖਿਅਤ ਹੋਣ ਦਾ ਕਿਉਂਕਿ ਇਸ ਤੋਂ ਪਹਿਲਾ ਉਹਨਾਂ ਤੇ ਲੱਖਾਂ ਤਰ੍ਹਾਂ ਦੀਆਂ ਬੰਦਸ਼ਾਂ ਸਨ। ਇਸ ਕ੍ਰਾਂਤੀ ਨਾਲ ਵੱਖ-ਵੱਖ ਵਿਭਾਗਾਂ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਨੌਕਰੀ ਕਰਕੇ ਆਪਣੀ ਜੂਨ ਸੁਧਾ,ਨ ਦਾ ਮੌਕਾ ਮਿਲਿਆ। ਅੱਜ ਦੇ ਸਮਾਰੋਹ ਵਿਚ ਸਮਾਜ ਵਿਚ ਵਿਚਰ ਰਹੀਆ 20 ਮਹਿਲਾ ਅਧਿਆਪਕਾਵਾਂ ਨੂੰ ਮਾਤਾ ਸਵਿੱਤਰੀ ਬਾਈ ਫੂਲੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਹਨਾਂ ਅਧਿਆਪਕਾਵਾਂ ਸੀਨੀਅਰ ਹੈਡ ਟੀਚਰ ਸੁਰਿੰਦਰ ਕੌਰ, ਬਲਵਿੰਦਰ ਦੀਪਾਂਸ਼ੂ, ਗੀਤਾ ਗੁਰਦੇਵ ਕੌਰ, ਕਮਲਦੀਪ ਕੌਰ, ਕਮਲਜੀਤ ਕੌਰ, ਮਲਿਕਾ ਬੈਂਸ, ਪੂਜਾ, ਸੁਨੀਤਾ ਰਾਣੀ, ਬਿਮਲਾ ਰਾਣੀ, ਪ੍ਰੀਤੀ, ਪ੍ਰਿੰਸੀਪਲ ਨਰੇਸ਼ ਮੈਡਮ, ਨੀਲਮ ਡਾਕਟਰ ਅੰਬੇਡਕਰ ਸਕੂਲ, ਪਰਮਿੰਦਰ ਕੌਰ, ਰਜਨੀ ਬਾਲਾ, ਮਨਜੀਤ ਕੌਰ, ਨਿਰਮਲ ਕੌਰ, ਜਸਵੀਰ ਕੌਰ, ਜਸਵਿੰਦਰ ਕੌਰ ਨੂੰ ਮਾਤਾ ਸਵਿੱਤਰੀ ਬਾਈ ਫੂਲੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਦੀਪ ਕਲੇਰ, ਮਨਜੀਤ ਰਾਜੂ, ਮਨੋਹਰ ਲਾਲ, ਰਮਨ ਲੱਧੜ, ਰਕੇਸ਼ ਕੁਮਾਰ, ਚੰਦਨ ਕੁਮਾਰ, ਕੁਲਵਿੰਦਰ ਜਨਾਗਲ, ਬਿੰਦਰ ਸਾਂਈ, ਪਰਮਜੀਤ ਕੌਰ, ਭਜਨ ਕੌਰ ਤੇ ਸੁਰਿੰਦਰ ਰਾਣੀ ਸਮੇਤ ਹੋਰ ਵੀ ਹਾਜ਼ਰ ਸਨ।

## ਸੂਬਾ ਪੱਧਰੀ ਮੀਟਿੰਗ ਵਿੱਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅਹਿਮ ਫੈਸਲਾ ਕਰੇਗੀ ਬਸਪਾ - ਜਸਵੀਰ ਸਿੰਘ ਗੜ੍ਹੀ

**ਫਗਵਾੜਾ 12 ਸਤੰਬਰ (ਬੀ.ਕੇ.ਰੱਤੂ)–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਨੋਟ ਜਾਰੀ ਕਰਦਿਆ ਕਿਹਾ ਕਿ ਪੰਜਾਬ ਦੇ ਮੌਜੂਦਾ ਰਾਜਨੀਤਿਕ ਹਾਲਾਤਾਂ ਤੇ ਚਰਚਾ ਲਈ ਸੂਬਾ ਪੱਧਰੀ ਕਾਰਜਕਾਰਨੀ ਦੀ ਮੀਟਿੰਗ ਜਲੰਧਰ ਪਾਰਟੀ ਦਫਤਰ ਵਿਖੇ ਬੁਲਾਈ ਗਈ ਹੈ। ਇਸ ਮੌਕੇ ਬਸਪਾ ਕੇਂਦਰੀ ਕੋਆਰਡੀਨੇਟਰ ਸ਼੍ਰੀ ਰਣਧੀਰ ਸਿੰਘ ਬੈਣੀਵਾਲ ਜੀ ਇੰਚਾਰਜ ਪੰਜਾਬ ਹਰਿਆਣਾ ਤੇ ਚੰਡੀਗੜ੍ਹ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ, ਜਦੋਂਕਿ ਸਹਿਯੋਗੀ ਕੇਂਦਰੀ ਕੋਆਰਡੀਨੇਟਰ ਸ਼੍ਰੀ ਵਿਪੁਲ ਕੁਮਾਰ ਜੀ ਵਿਸੇਸ਼ ਰੂਪ ਤੇ



ਹਾਜ਼ਰ ਰਹਿਣਗੇ। ਇਸ ਮੌਕੇ ਸਾਰੇ ਪੰਜਾਬ ਦੇ ਬਸਪਾ ਦੇ ਸੂਬਾ ਜਨਰਲ ਸਕੱਤਰ, ਸੂਬਾ ਸਕੱਤਰ, ਸੂਬਾ ਕਮੇਟੀ ਮੈਂਬਰ, ਜਿਲ੍ਹਾਂ ਇੰਚਾਰਜ, ਜਿਲ੍ਹਾਂ ਪ੍ਰਧਾਨ, ਵਿਧਾਨ ਸਭਾ ਪ੍ਰਧਾਨ, ਤੇ ਵਿਧਾਨ ਸਭਾ ਇੰਚਾਰਜ ਸ਼ਾਮਿਲ ਹੋਣਗੇ।

ਸ ਗੜ੍ਹੀ ਨੇ ਕਿਹਾ ਕਿ ਪੰਜਾਬ ਦੇ ਰਾਜਨੀਤਿਕ ਗੱਠਜੋੜਾਂ ਦੀ ਉਡਦੀ ਗੁਬਾਰ ਵਿੱਚ ਬਸਪਾ ਦੇ ਜਿੰਮੇਵਾਰ ਅਹੁਦੇਦਾਰਾਂ ਤੋਂ ਜ਼ਮੀਨੀ ਪੱਧਰ ਦੀ ਰਿਪੋਰਟ ਤੇ ਚਰਚਾ ਕਰਨਗੇ ਅਤੇ ਕੇਂਦਰੀ ਹਾਈਕਮਾਂਡ ਨੂੰ ਇਹ ਰਿਪੋਰਟ ਸੌਂਪੀ ਜਾਵੇਗੀ, ਤਾਂਕਿ ਕੇਂਦਰੀ ਹਾਈਕਮਾਂਡ ਗੱਠਜੋੜ ਸਬੰਧੀ ਅਤੇ ਲੋਕ ਸਭਾ ਦੀਆਂ ਚੋਣਾਂ ਸਬੰਧੀ ਮੰਥਨ ਕਰ ਸਕਣ।

## ਸਿਖਿਆਰਥੀ ਚੇਤਨਾ ਕੈਂਪ ਦੀ ਰੂਪ-ਰੇਖਾ ਨੂੰ ਦਿੱਤੀਆਂ ਅੰਤਿਮ ਛੋਹਾਂ ਗ਼ਦਰ ਲਹਿਰ, ਸਿੱਖਿਆ ਨੀਤੀ, ਸਾਹਿਤ, ਫ਼ਿਰਕੂ ਹੱਲੇ 'ਤੇ ਹੋਣਗੇ ਭਾਸ਼ਣ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 23, 24 ਸਤੰਬਰ ਨੂੰ ਲੱਗ ਰਹੇ ਸਲਾਨਾ ਸਿਖਿਆਰਥੀ ਚੇਤਨਾ ਕੈਂਪ ਦੀ ਰੂਪ-ਰੇਖਾ ਨੂੰ ਅੱਜ ਅੰਤਿਮ ਛੋਹਾਂ ਦਿੱਤੀਆਂ ਗਈਆਂ।



23 ਸਤੰਬਰ ਸਵੇਰੇ 10:30 ਵਜੇ ਦੇਸ਼ ਭਗਤ ਯਾਦਗਾਰ ਕਮੇਟੀ ਦੀ ਇਤਿਹਾਸ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ 'ਗ਼ਦਰ ਪਾਰਟੀ ਦੇ ਆਜ਼ਾਦੀ, ਬਰਾਬਰੀ ਅਤੇ ਧਰਮ ਨਿਰਪੱਖਤਾ ਦੇ ਸੰਕਲਪਾਂ' ਬਾਰੇ ਸਿਖਿਆਰਥੀਆਂ ਨਾਲ ਗੱਲਾਂ ਕਰਨਗੇ। ਉਪਰੰਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋ. ਕੁਲਦੀਪ ਪੁਰੀ 'ਸਿੱਖਿਆ ਨੀਤੀ 2020: ਜੁਆਨੀ ਦੇ ਹੋ ਰਹੇ ਪਰਵਾਸ਼ ਅਤੇ ਪੰਜਾਬ ਦੇ ਭਵਿੱਖ' ਸਬੰਧੀ ਸਿਖਿਆਰਥੀਆਂ ਨੂੰ ਸੰਬੋਧਨ ਕਰਨਗੇ।

23 ਸਤੰਬਰ ਦੇਰ ਸ਼ਾਮ ਨੂੰ ਸਿਖਿਆਰਥੀਆਂ ਦੀ ਜਾਣ-ਪਹਿਚਾਣ ਅਤੇ ਢੁਕਵੀਂ ਨਿੱਕੀ ਕਲਾ ਵੰਨਗੀ ਹੋਏਗੀ।

ਦੂਜੇ ਦਿਨ 24 ਸਤੰਬਰ ਪਹਿਲੇ ਸੈਸ਼ਨ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਪਰਮਿੰਦਰ 'ਮੁਲਕ 'ਚ ਲੋਕਾਂ ਉਪਰ ਫ਼ਿਰਕੂ ਫਾਸ਼ੀ ਹੱਲੇ ਅਤੇ ਅਜੋਕੀ ਹਾਲਤ', ਡਾ. ਸੁਖਦੇਵ ਸਿਰਸਾ 'ਫਾਸ਼ੀ ਹੱਲੇ ਦਾ ਸਾਡੇ ਸਾਹਿਤ ਸਭਿਆਚਾਰ 'ਤੇ ਪ੍ਰਭਾਵ' ਵਿਸ਼ੇ ਉਪਰ ਰੌਸ਼ਨੀ ਪਾਉਣਗੇ। ਦੋਵੇਂ ਦਿਨ ਦੇ ਸੈਸ਼ਨਾਂ 'ਚ ਸਿਖਿਆਰਥੀਆਂ ਨਾਲ ਸੁਆਲ-ਜਵਾਬ ਦਾ ਸੰਵਾਦ ਵੀ ਹੋਏਗਾ।

24 ਸਤੰਬਰ ਸ਼ਾਮ ਨੂੰ ਹੀ ਪੁਸਤਕਾਂ ਅਤੇ ਪ੍ਰਮਾਣ-ਪੱਤਰ ਨਾਲ ਸਿਖਿਆਰਥੀਆਂ ਦਾ ਸਨਮਾਨ ਕਰਕੇ ਸਮਾਜ ਅੰਦਰ ਪਸਰੇ ਅਤੇ ਹੋਰ ਗੂੜ੍ਹੇ ਹੋ ਰਹੇ ਹਨੇਰੇ ਨੂੰ ਦੂਰ ਕਰਨ ਲਈ ਚਾਨਣ ਵੰਡਣ ਦੇ ਸੰਕਲਪ ਨਾਲ ਵਿਦਾ ਕੀਤਾ ਜਾਏਗਾ।

ਸਿਖਿਆਰਥੀਆਂ ਲਈ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਕਮੇਟੀ ਕਰੇਗੀ। ਸਿਖਿਆਰਥੀਆਂ ਨੇ ਆਪਣੇ ਕਾਪੀ ਪੈੱਨ ਲਿਆਉਣ ਜਾਂ ਨੋਟਿਸ ਲੈਣ ਦਾ ਪ੍ਰਬੰਧ ਆਪ ਕਰਨਾ ਹੋਏਗਾ।

## ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਤੇ 28 ਸਤੰਬਰ ਨੂੰ ਜਸਵੀਰ ਜੱਸੀ ਆਪਣੇ ਗੀਤਾਂ ਦੀ ਕਰਨਗੇ ਪੇਸ਼ਕਾਰੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਹਾੜੇ 'ਤੇ 28 ਤੋਂ 30 ਸਤੰਬਰ ਤੱਕ ਕਰਵਾਏ ਜਾਣ ਵਾਲੇ ਇਨਕਲਾਬ ਫੈਸਟੀਵਲ ਦੌਰਾਨ ਪ੍ਰਸਿੱਧ ਪੰਜਾਬੀ ਕਲਾਕਾਰ ਜਸਵੀਰ ਜੱਸੀ, ਹਰਭਜਨ ਮਾਨ ਅਤੇ ਸੁਲਤਾਨ ਨੂਰਾਂ ਤੋਂ ਇਲਾਵਾ ਹੋਰ ਵੀ ਪ੍ਰਸਿੱਧ ਕਲਾਕਾਰ ਆਪਣੀ ਗਾਇਕੀ ਦੀ ਪੇਸ਼ਕਾਰੀ ਕਰਨਗੇ। ਇਸ ਦੌਰਾਨ ਬੱਚਿਆਂ ਦੇ ਲਈ ਝੂਲੇ, ਜਾਦੂਗਰ ਸ਼ੋਅ, ਖਾਣ-ਪੀਣ ਦੇ ਸਟਾਲ ਖਿੱਚ ਦਾ ਕੇਂਦਰ ਹੋਣਗੇ ਅਤੇ ਖਟਕੜ ਕਲਾਂ ਵਿਖੇ ਨਵੀਂ ਬਣਾਈ ਜਾਣ ਵਾਲੀ ਹੈਰੀਟੇਜ਼ ਸਟ੍ਰੀਟ ਅਤੇ ਅਪਗ੍ਰੇਡ ਕੀਤੇ ਗਏ ਸ਼ਹੀਦ-ਏ-ਆਜ਼ਮ ਮਿਊਜ਼ੀਅਮ ਦਾ ਵੀ ਉਦਘਾਟਨ ਕੀਤਾ ਜਾਵੇਗਾ। ਇਸ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡਿਪਟੀ ਕਮਿਸ਼ਨ ਨਵਜੋਤ ਪਾਲ ਸਿੰਘ ਰੰਧਾਵਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ 28 ਸਤੰਬਰ ਨੂੰ ਮੁੱਖ ਮੰਤਰੀ, ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਵੀ ਖਟਕੜ ਕਲਾਂ ਵਿਖੇ ਨਤਮਸਤਕ ਹੋਣ ਦੀ ਵੀ ਤਜਵੀਜ਼ ਹੈ। ਇਸੇ ਦਿਨ 28 ਸਤੰਬਰ ਨੂੰ ਪ੍ਰਸਿੱਧ ਕਲਾਕਾਰ ਜਸਵੀਰ ਜੱਸੀ ਆਪਣੀ ਗਾਇਕੀ ਦੀ ਪੇਸ਼ਕਾਰੀ ਕਰਨਗੇ। ਇਸ ਤੋਂ ਇਲਾਵਾ ਵਿਸ਼ੇਸ਼ ਜਰੂਰਤਾਂ ਵਾਲੇ ਬੱਚਿਆਂ ਵਲੋਂ ਡਾਂਸ ਪ੍ਰੋਗਰਾਮ ਸਮੇਤ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੀ ਜੀਵਨੀ ਸਬੰਧੀ ਵਿਸ਼ੇਸ਼ ਪ੍ਰੋਗਰਾਮ ਵੀ ਕਰਵਾਏ ਜਾਣਗੇ। 29 ਸਤੰਬਰ ਨੂੰ ਗੀਤਕਾਰ ਸ. ਵੀਰ ਸਿੰਘ, ਸੁਲਤਾਨਾ ਨੂਰਾ ਆਪਣੀ ਗਾਇਕੀ ਦੇ ਨਾਲ ਰੰਗ ਬੰਨਣਗੇ। ਇਸ ਤੋਂ ਇਲਾਵਾ ਖੇਡਾਂ, ਫੁੱਲਾਂ ਦੇ ਗੁਲਦਸਤਿਆਂ ਦੀ ਪੇਸ਼ਕਾਰੀ, ਅਕਾਲ ਅਕੈਡਮੀ ਗਤਕਾ, ਪੰਜਾਬੀ ਸਭਿਆਚਾਰ ਤੇ ਫੈਸ਼ਨ ਸ਼ੋਅ, ਭੰਗੜਾ ਅਤੇ ਗਿੱਧਾ ਦੀ ਪੇਸ਼ਕਾਰੀ ਵੀ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਲੋਂ ਕੀਤੀ ਜਾਵੇਗੀ। 30 ਸਤੰਬਰ ਨੂੰ ਸਕੂਲਾਂ ਅਤੇ ਕਾਲਜਾਂ ਦੇ ਕੁਇੰਜ ਮੁਕਾਬਲੇ, ਡਾਂਸ ਦੇ ਮੁਕਾਬਲਿਆਂ ਤੋਂ ਇਲਾਵਾ ਪ੍ਰਸਿੱਧ ਕਲਾਕਾਰ ਹਰਭਜਨ ਮਾਨ ਆਪਣੀ ਗੀਤਕਾਰੀ ਪੇਸ਼ ਕਰਨਗੇ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦਾ ਜਨਮ ਦਿਹਾੜਾ ਜੋ ਕਿ ਤਿੰਨ ਦਿਨ ਚੱਲੇਗਾ ਇਕ ਮੇਲੇ ਦੇ ਦਿਖ ਦੇ ਰੂਪ ਵਿੱਚ ਹੋਵੇਗਾ। ਖਟਕੜ ਕਲਾਂ ਵਿਖੇ ਵਿਸ਼ਾਲ ਪੰਡਾਲ ਲਗਾਇਆ ਜਾਵੇਗਾ, ਜਿਸ ਦੇ ਵਿੱਚ ਭਾਰੀ ਸੰਖਿਆ ਵਿੱਚ ਲੋਕਾਂ ਦੀ ਮੌਜੂਦਗੀ ਸਬੰਧੀ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਇਨਕਲਾਬ ਫੈਸਟੀਵਲ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਸਿਵਲ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਉਣ ਦੇ ਲਈ ਬੈਠਕਾਂ ਵੀ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਵੱਧ ਤੋਂ ਵੱਧ ਲੋਕ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਖਟਕੜ ਕਲਾਂ ਵਿਖੇ ਇਨਕਲਾਬ ਫੈਸਟੀਵਲ ਵਿਚ ਸ਼ਾਮਲ ਹੋਣ।ਇਸ ਮੌਕੇ 'ਤੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਪੰਜਾਬ ਗੁਡ ਗਵਰਨਸ ਫੈਲੋ ਸੰਜਨਾ ਸਕਸੈਨਾ ਵੀ ਮੌਜੂਦ ਸਨ।



## ਗਣਿਤ ਦੀਆਂ ਲੰਮੀਆਂ ਕੈਲਕੁਲੇਸ਼ਨਾਂ ਨੂੰ 'ਵੈਦਿਕ ਮੈਥੇਮੈਟਿਕਸ' ਰਾਹੀਂ ਹੱਲ ਕਰਨ ਦੇ ਸਿਖਾਏ ਹੁਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵਿਖੇ 'ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ' ਦੇ ਸਹਿਯੋਗ ਨਾਲ ਕੇਂਦਰੀ ਵਿਦਿਆਲਿਆ ਭੂੰਗਾ ਅਤੇ ਐਸ.ਏ.ਵੀ. ਜੈਨ-ਡੇ ਬੋਰਡਿੰਗ ਸਕੂਲ ਹੁਸ਼ਿਆਰਪੁਰ ਦੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੀ ਸ਼ੁਰੂਆਤ ਕਰਦੇ ਹੋਏ ਜ਼ਿਲ੍ਹਾ ਰੋਜ਼ਗਾਰ ਅਫਸਰ ਗੁਰਮੇਲ ਸਿੰਘ ਨੇ ਦੱਸਿਆ ਕਿ ਇਸ ਵਰਕਸ਼ਾਪ ਦਾ ਮੁੱਖ ਮੰਤਵ ਇਨ੍ਹਾਂ ਵਿਦਿਆਰਥੀਆਂ ਨੂੰ 'ਵੈਦਿਕ ਮੈਥੇਮੈਟਿਕਸ' ਤਕਨੀਕਾਂ ਸਿਖਾ ਕੇ ਗਣਿਤ ਦੀਆਂ ਲੰਮੀਆਂ ਕੈਲਕੁਲੇਸ਼ਨਾਂ ਨੂੰ ਸੁਖਾਲਾ ਅਤੇ ਤੇਜ਼ੀ ਨਾਲ ਹੱਲ ਕਰਨ ਵਿੱਚ ਮਦਦ ਕਰਨਾ ਹੈ। ਇਸ ਮੌਕੇ ਕਰੀਅਰ ਕਾਊਂਸਲਰ ਅਦਿੱਤਿਆ ਰਾਣਾ ਨੇ ਦੱਸਿਆ ਕਿ ਇਸ ਵਰਕਸ਼ਾਪ ਰਾਹੀਂ ਵਿਦਿਆਰਥੀਆਂ ਨੂੰ ਇਕਾਗਰਤਾ ਅਤੇ ਫੋਕਸ ਨੂੰ ਬਿਹਤਰ ਬਣਾਉਣ ਵਿੱਚ, ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਮੱਸਿਆ ਹੱਲ ਕਰਨ ਦੇ ਹੁਨਰ ਨੂੰ ਵਿਕਸਿਤ ਕਰਨ ਵਿੱਚ, ਵਿਦਿਆਰਥੀਆਂ ਨੂੰ ਗਣਿਤ ਨੂੰ ਵਧੇਰੇ ਅਨੁਭਵੀ ਅਤੇ ਦਿਲਚਸਪ ਤਰੀਕੇ ਨਾਲ ਸਿੱਖਣ ਵਿੱਚ ਮਦਦ ਮਿਲੇਗੀ। ਇਸ ਉਪਰੰਤ ਅੰਕਿਤ ਕੁਕਰ, ਅਸਿਸਟੈਂਟ ਪ੍ਰੋਫੈਸਰ ਐਨਾਲੈਟੀਕਲ ਐਨਾਲਾਈਸਸ 'ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ' ਵਲੋਂ ਵਿਦਿਆਰਥੀਆਂ ਨੂੰ ਜਮ੍ਹਾਂ-ਘਟਾਓ, ਤਕਸੀਮ, ਗੁਣਾ, ਐਲ.ਸੀ.ਐਮ, ਐਚ.ਸੀ.ਐਫ ਅਤੇ ਗਣਿਤ ਦੀਆਂ ਹੋਰ ਮੁਢਲੀਆਂ ਕੈਲਕੁਲੇਸ਼ਨਾਂ ਨੂੰ 'ਵੈਦਿਕ ਮੈਥੇਮੈਟਿਕਸ' ਦੀ ਵਰਤੋਂ ਨਾਲ ਹੱਲ ਕਰਨ ਦੇ ਹੁਨਰ ਸਿਖਾਏ ਗਏ। ਵਰੁਣ ਨਈਅਰ, ਡਿਪਾਰਟਮੈਂਟ ਆਫ ਕਰੀਅਰ ਗਾਈਡੈਂਸ 'ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ' ਨੇ ਦੱਸਿਆ ਕਿ ਉਪਰੋਕਤ ਤਕਨੀਕਾਂ ਨਾਲ ਔਖੀਆਂ ਤੋਂ ਔਖੀਆਂ ਕੈਲਕੁਲੇਸ਼ਨਾਂ ਵੀ ਬਹੁਤ ਸਰਲਤਾ ਅਤੇ ਤੇਜ਼ੀ ਨਾਲ ਕੀਤੀਆਂ ਜਾ ਸਕਦੀਆਂ ਹਨ।



ਇਸ ਵਿਸ਼ੇਸ਼ ਵਰਕਸ਼ਾਪ ਪ੍ਰੋਗਰਾਮ ਵਿਚ ਕੇਂਦਰੀ ਵਿਦਿਆਲਿਆ ਭੂੰਗਾ ਅਤੇ ਐਸ.ਏ.ਵੀ. ਜੈਨ-ਡੇ ਬੋਰਡਿੰਗ ਸਕੂਲ ਹੁਸ਼ਿਆਰਪੁਰ ਦੇ ਸਟਾਫ ਮੈਂਬਰ ਤੇ ਤਕਰੀਬਨ 100 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਭਾਗ ਲਿਆ।

# ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ ਵੱਲੋਂ ਸਰਕਲ ਪੱਧਰੀ ਕਨਵੈਨਸ਼ਨ

**ਬਰਨਾਲਾ, (ਦਲਜੀਤ ਕੌਰ)–** ਟੈਕਨੀਕਲ ਸਰਵਿ-ਸਿਜ਼ ਯੂਨੀਅਨ ਰਜਿ ਸਰਕਲ ਬਰਨਾਲਾ ਵੱਲੋਂ ਸਰਕਲ ਪੱਧਰੀ ਕਨਵੈਨਸ਼ਨ ਸਰਕਲ ਪ੍ਰਧਾਨ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ ਦੀ ਪ੍ਰਧਾਨਗੀ ਵਿੱਚ ਗੁਰੂ ਰਵਿਦਾਸ ਧਰਮਸ਼ਾਲਾ ਨੇੜੇ ਤਰਕਸ਼ੀਲ ਚੌਂਕ ਬਰਨਾਲਾ ਵਿਖੇ ਕਰਵਾਈ ਗਈ। ਇਸ ਕਨਵੈਨਸ਼ਨ ਵਿੱਚ ਵੱਡੀ ਗਿਣਤੀ ਵਿੱਚ ਸਾਥੀ ਪੂਰੇ ਉਤਸ਼ਾਹ ਨਾਲ ਸ਼ਾਮਿਲ ਹੋਏ। ਸੂਬਾ ਕਮੇਟੀ ਵੱਲੋਂ ਸਾਥੀ ਸਾਥੀ ਚੰਦਰ ਸ਼ਰਮਾ ਅਤੇ ਭੁਪਿੰਦਰ ਸਿੰਘ ਚੀਫ਼ ਆਰਜਨੀਸ਼ਨ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਆਪਣੇ ਸੰਬੋਧਨ ਵਿੱਚ ਦੋਵੇਂ ਆਗੂਆਂ ਨੇ ਚੱਲ ਰਹੇ ਸੰਘਰਸ਼ਾਂ ਸਬੰਧੀ ਅਤੇ ਪਾਵਰਕਾਮ ਦੀ ਮਨੇਜਮੈਂਟ ਨਾਲ ਹੋਈ ਗੱਲਬਾਤ ਦੀ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ ਬਿਜਲੀ ਕਾਮਿਆਂ ਦੀਆਂ ਹੱਕੀ ਅਤੇ ਜਾਇਜ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਕਰ ਰਹੀ ਹੈ। ਇਸ ਸੰਘਰਸ਼ ਦੇ ਚਲਦਿਆਂ ਹੀ ਬਿਜਲੀ ਮੰਤਰੀ ਅਤੇ ਪਾਵਰਕੌਮ ਦੀ ਮੈਨੇਜਮੈਂਟ ਨੂੰ ਜਥੇਬੰਦੀ ਨਾਲ ਲਿਖਤੀ ਤੌਰ 'ਤੇ ਗੱਲਬਾਤ ਕਰਨ ਅਤੇ ਲੰਬੇ ਸਮੇਂ ਤੋਂ ਬਿਜਲੀ ਕਾਮਿਆਂ ਦੀਆਂ ਲਮਕਾ ਅਵਸਥਾ ਵਿੱਚ ਪਈਆਂ ਮੰਗਾਂ ਨੂੰ ਮੰਨਣ ਲਈ ਮਜ਼ਬੂਰ ਹੋਣਾ ਪਿਆ ਹੈ। ਆਗੂਆਂ ਕਿਹਾ ਕਿ ਸਰਕਾਰਾਂ ਦਾ ਇਹ ਦਸਤੂਰ ਹੈ ਕਿ ਉਹ ਮੰਨ ਕੇ ਵੀ ਮੰਗਾਂ ਨੂੰ ਲਾਗੂ ਕਰਨ ਤੋਂ ਟਾਲਾ ਵੱਟਦੇ ਹਨ। ਪਾਵਰਕੌਮ



ਦੀ ਮੈਨੇਜਮੈਂਟ ਵੱਲੋਂ ਟੀਐਸਯੂ ਦੇ ਟਰਮੀਨੇਟ ਕੀਤੇ ਸਾਥੀਆਂ ਨੂੰ ਬਹਾਲ ਕਰਨ ਦੀ ਮੰਗ ਮੰਨਕੇ ਵੀ ਲਾਗੂ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਮਨੇਜਮੈਂਟ ਦੀਆਂ ਅਜਿਹੀਆਂ ਚਾਲਾਂ ਤੋਂ ਸੁਚੇਤ ਰਹਿੰਦਿਆਂ 21 ਸਤੰਬਰ ਨੂੰ ਬਿਜਲੀ ਮੰਤਰੀ ਦੇ ਹਲਕਾ ਜੰਡਿਆਲਾ ਗੁਰੂ ਵਿਖੇ ਕੀਤੇ ਜਾ ਰਹੇ ਵਿਸ਼ਾਲ ਸੂਬਾਈ ਮੁਜ਼ਾਹਰੇ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਵਾਉਣ ਦੀ ਜ਼ੋਰਦਾਰ ਅਪੀਲ ਕੀਤੀ।

ਇਸ ਸਮੇਂ ਟੀ ਐਸ ਯੂ ਵਿੱਚ ਲੰਬਾ ਸਮਾਂ ਕੰਮ ਕਰਨ ਵਾਲੇ ਆਗੂ ਸਾਥੀਆਂ ਨੇ ਵੀ ਕਨਵੈਨਸ਼ਨ ਵਿੱਚ ਸ਼ਮੂਲੀਅਤ ਕੀਤੀ। ਸਟੇਜ ਸਕੱਤਰ ਦੇ ਫਰਜ਼ ਸਰਕਲ ਸਕੱਤਰ ਕੁਲ-ਵੀਰ ਸਿੰਘ ਠੀਕਰੀਵਾਲਾ ਨੇ ਬਾਖ਼ੂਬੀ ਨਿਭਾਏ। ਇੱਕ ਮਤੇ ਰਾਹੀਂ ਹੱਕੀ ਸੰਘਰਸ਼ਾਂ ਨੂੰ ਕੁਚਲਣ ਦਾ ਭਰਮ ਪਾਲਦਿਆਂ ਐਸਮਾ ਲਾਉਣ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ।

ਇਸ ਕਨਵੈਨਸ਼ਨ ਵਿੱਚ ਕੁਲਵਿੰਦਰ ਸਿੰਘ, ਪਰਗਟ ਸਿੰਘ, ਹਾਕਮ ਸਿੰਘ ਨੂਰ, ਰੁਲਦੂ ਸਿੰਘ ਗੁੰਮਟੀ, ਗੁਰਪ੍ਰੀਤ ਸਿੰਘ, ਰਾਜਪਤੀ, ਮੁਖਤਿਆਰ ਸਿੰਘ, ਮਨਦੀਪ ਸਿੰਘ, ਗੁਰਮੇਲ ਸਿੰਘ, ਜਸਵਿੰਦਰ ਸਿੰਘ, ਦਲਜੀਤ ਸਿੰਘ ਤੋਂ ਇਲਾਵਾ ਸਾਥੀ ਰਾਜਿੰਦਰ ਸਿੰਘ,ਮਲਕੀਤ ਸਿੰਘ, ਬਲਵੰਤ ਸਿੰਘ, ਬਲੌਰ ਸਿੰਘ, ਬਲਵੀਰ ਸਿੰਘ, ਸੁਖਪਾਲ ਸਿੰਘ ਨੇ ਵੀ ਵਿਚਾਰ ਪੇਸ਼ ਕਰਦਿਆਂ ਸੀਆਰਏ 298/19 ਤਹਿਤ ਭਰਤੀ ਕੀਤੇ ਸਹਾਇਕ ਲਾਈਨ ਮੈਨਾਂ ਖ਼ਿਲਾਫ਼ ਦਰਜ ਪੁਲਿਸ ਕੇਸ ਰੱਦ ਕਰਕੇ ਰੈਗੂਲਰ ਕਰਨ ਦੀ ਮੰਗ ਕੀਤੀ ਅਤੇ ਸੰਘਰਸ਼ ਨਾਲ ਇੱਕਮੁੱਠਤਾ ਦਾ ਇਜ਼ਹਾਰ ਕੀਤਾ।

# ਜ਼ਿਲ੍ਹਾ ਪੱਧਰੀ ਅਧਿਆਪਕ ਸਨਮਾਨ ਸਮਾਰੋਹ ਵਿੱਚ 3 ਅਧਿਆਪਕ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਸਨਮਾਨਿਤ



**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਅਧਿਆਪਕ ਦਿਵਸ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਸਨਮਾਨ ਸਮਾਰੋਹ ਦੌਰਾਨ ਬਲਾਕ ਧਾਰ -1 ਦੇ ਤਿੰਨ ਅਧਿਆਪਕਾਂ ਨੂੰ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਲਈ ਸਨਮਾਨਿਤ ਕੀਤਾ ਗਿਆ। ਸਨਮਾਨ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਵਿੱਚ ਸੀਐਚਟੀ ਬਧਾਨੀ ਬੋਧਰਾਜ, ਈਟੀਟੀ ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਢਾਂਗੂ ਸੁਰਾਹ, ਖੇਮ ਰਾਜ ਅਤੇ ਐਸੋਸੀਏਟ ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਸਾਰਟੀ ਸਰਿਤਾ ਦੇਵੀ ਸ਼ਾਮਲ ਹਨ।

ਇਸ ਮੌਕੇ ਤੇ ਬੀਪੀਈਓ ਧਾਰ-1 ਕੁਲਦੀਪ ਸਿੰਘ ਨੇ ਸਨਮਾਨ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਦੀ ਅਗਵਾਈ ਹੇਠ ਅਧਿਆਪਕ ਦਿਵਸ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਸਨਮਾਨ ਸਮਾਰੋਹ ਦਾ ਆਯੋਜਨ ਜ਼ਿਲ੍ਹਾ ਸਿੱਖਿਆ ਦਫ਼ਤਰ ਵਿਖੇ ਕੀਤਾ ਗਿਆ ਸੀ। ਜਿਸ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਡੀਜੀ ਸਿੰਘ ਸਮੇਤ ਸਮੂਹ ਬੀਪੀਈਓਜ਼ ਵੱਲੋਂ ਜ਼ਿਲ੍ਹੇ ਵਿੱਚ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਲਿਆਉਣ ਲਈ ਕੁੱਝ ਨਿਵੇਕਲਾ ਕੰਮ ਕਰ ਆਪਣੀ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ ਸੀ। ਇਨ੍ਹਾਂ ਸਨਮਾਨਿਤ ਹੋਣ ਵਾਲੇ ਅਧਿਆਪਕਾਂ ਵਿੱਚ ਸੀਐਚਟੀ ਬਧਾਨੀ ਬੋਧਰਾਜ, ਈਟੀਟੀ ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਢਾਂਗੂ ਸੁਰਾਹ ਖੇਮ ਰਾਜ ਅਤੇ ਐਸੋਸੀਏਟ ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਸਾਰਟੀ ਸਰਿਤਾ ਦੇਵੀ ਨੇ ਸ਼ਾਮਲ ਹੋ ਕੇ ਬਲਾਕ ਦਾ ਨਾਂ ਰੌਸ਼ਨ ਕੀਤਾ ਹੈ, ਜੋ ਕਿ ਕਾਬਿਲੇ ਤਾਰੀਫ਼ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਇਹ ਅਧਿਆਪਕ ਹੁਣ ਪਹਿਲਾਂ ਨਾਲੋਂ ਵੀ ਜ਼ਿਆਦਾ ਮਿਹਨਤ, ਈਮਾਨਦਾਰੀ ਅਤੇ ਤਨਦੇਹੀ ਨਾਲ ਵਿਦਿਆਰਥੀਆਂ ਅਤੇ ਸਕੂਲ ਦੇ ਸਰਵਪੱਖੀ ਵਿਕਾਸ ਲਈ ਕੰਮ ਕਰਨਗੇ। ਇਸ ਤੋਂ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਦੁਨੇਰਾ ਨੂੰ ਵੱਧ ਦਾਖਲਿਆਂ ਲਈ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਸਨਮਾਨਿਤ ਕੀਤਾ ਗਿਆ ਹੈ।

# ਸੀਨੀਅਰ ਨਾਗਰਿਕਾਂ ਦੀ ਦੇਖਭਾਲ ਤੇ ਭਲਾਈ ਲਈ ਗਠਿਤ ਕਮੇਟੀ ਦੀ ਡਿਪਟੀ ਕਮਿਸ਼ਨਰ ਦੀ ਅਗਵਾਈ 'ਚ ਮੀਟਿੰਗ

**ਸੰਗਰੂਰ, (ਦਲਜੀਤ ਕੌਰ)–** ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਦੀ ਅਗਵਾਈ ਵਿੱਚ ਅੱਜ ਸੀਨੀਅਰ ਨਾਗਰਿਕਾਂ ਦੀ ਦੇਖਭਾਲ ਅਤੇ ਭਲਾਈ ਲਈ ਗਠਿਤ ਜ਼ਿਲ੍ਹਾ ਪੱਧਰੀ ਕਮੇਟੀ ਅਤੇ ਜ਼ਿਲ੍ਹੇ ਵਿੱਚ ਬਣੇ ਬਿਰਧ ਘਰਾਂ ਲਈ ਜ਼ਿਲ੍ਹਾ ਪੱਧਰੀ ਜਾਂਚ ਕਮੇਟੀ ਦੀ ਮੀ-ਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਸਮੂਹ ਸਬੰਧਤ ਵਿਭਾਗਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਕਿ ਬਜ਼ੁਰਗਾਂ ਅਤੇ ਸੀਨੀਅਰ ਨਾਗਰਿਕਾਂ ਨੂੰ ਭਲਾਈ ਸਕੀਮਾਂ, ਸਿਹਤ ਸਹੂਲਤਾਂ ਅਤੇ ਹੋਰਨਾਂ ਅਜਿਹੀਆਂ ਸਹੂਲਤਾਂ ਦਾ ਲਾਭ ਪਹਿਲ ਦੇ ਆਧਾਰ ਤੇ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਦਫ਼ਤਰਾਂ ਜਾਂ ਬੈਂਕਾਂ ਵਿੱਚ ਕਿਸੇ ਵੀ ਕੰਮ-ਕਾਜ ਲਈ ਆਉਣ ਵਾਲੇ ਬਜ਼ੁਰਗਾਂ ਅਤੇ ਸੀਨੀਅਰ ਨਾਗਰਿਕਾਂ ਲਈ ਵੱਖਰੀਆਂ ਕਤਾਰਾਂ ਦਾ ਪ੍ਰਬੰਧ ਕਰਨਾ ਯਕੀਨੀ ਬਣਾਇਆ ਜਾਵੇ।

ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਇਸੇ ਤਰ੍ਹਾਂ ਜ਼ਿਲ੍ਹੇ ਵਿੱਚ ਚੱਲ ਰਹੇ ਬਿਰਧ ਆਸ਼ਰਮਾਂ ਵਿੱਚ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਨਿਯਮਤ ਤੌਰ ਤੇ ਵਿਸ਼ੇਸ਼ ਸਿਹਤ ਜਾਂਚ ਕੈਂਪ ਲਾਉਣੇ ਯਕੀਨੀ ਬਣਾਏ ਜਾਣ ਤਾਂ ਜੋ ਹਰ ਲੋੜਵੰਦ ਬਜ਼ੁਰਗ ਦਾ ਸਿਹਤ ਪੱਖੋਂ ਖਾਸ ਖਿਆਲ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸੇ ਦੇ ਨਾਲ ਹੀ ਜੇਕਰ ਕਿਸੇ ਵੀ ਬਜ਼ੁਰਗ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਮਦਦ ਦੀ ਲੋੜ ਹੋਵੇ



ਤਾਂ ਉਹ ਨੈਸ਼ਨਲ ਐਲਡਰ ਹੈਲਪਲਾਈਨ ਨੰਬਰ 14567 ਉਪਰ ਕਾਲ ਕਰਕੇ ਮਦਦ ਲੈ ਸਕਦਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸੇ ਤਰ੍ਹਾਂ ਦਿਵਿਆਂਗ ਵਿਅਕਤੀਆਂ ਦੀ ਭਲਾਈ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇ। ਉਨ੍ਹਾਂ ਸਿਹਤ ਵਿਭਾਗ ਦੇ ਸਪੈਸ਼ਲਿਸਟ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਦਿਵਿਆਂਗਜਨਾਂ ਦੇ ਦਿਵਿਆਂਗਤਾ ਸਬੰਧੀ ਸਰਟੀਫਿਕੇਟ ਸੰਜੀਦਗੀ ਨਾਲ ਬਣਾਏ ਜਾਣ ਤਾਂ ਜੋ ਕਿਸੇ ਵੀ ਵਿਅਕਤੀ ਨੂੰ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਨੈਸ਼ਨਲ ਟਰੱਸਟ ਐਕਟ ਅਧੀਨ ਗਠਿਤ ਲੋਕਲ ਪੱਧਰੀ ਕਮੇਟੀ ਦੀ ਮੀਟਿੰਗ ਵੀ ਹੋਈ ਜਿਸ ਤਹਿਤ ਲੀਗਲ ਗਾਰਡੀਅਨ ਦੇ ਦੋ ਵੱਖ ਵੱਖ ਕੇਸ ਪ੍ਰਵਾਨ ਕੀਤੇ ਗਏ। ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨੇ ਦੱਸਿਆ ਕਿ ਸਰਕਾਰੀ ਪੈਨਸ਼ਨਰਾਂ ਅਤੇ ਉਨ੍ਹਾਂ ਦੇ ਜੀਵਨ ਸਾਥੀਆਂ ਦੀ ਸਮਾਜਿਕ ਸੁਰੱਖਿਆ ਪੈਨਸ਼ਨ ਵੈਰੀਫਾਈ ਕਰਵਾਉਣੀ ਵੀ ਯਕੀਨੀ ਬਣਾਈ ਜਾਵੇ ਤਾਂ ਜੋ ਬੁਢਾਪਾ ਪੈਨਸ਼ਨ ਦਾ ਲਾਭ ਕੇਵਲ ਲੋੜਵੰਦ ਬਜ਼ੁਰਗ ਹੀ ਹਾਸਲ ਕਰ ਸਕਣ। ਉਨ੍ਹਾਂ ਕਿਹਾ ਕਿ ਸਰਕਾਰੀ ਸੇਵਾਵਾਂ ਤੋਂ ਰਿਟਾਇਰਡ ਪੈਨਸ਼ਨਰ ਆਪਣਾ ਅਤੇ ਆਪਣੇ ਜੀਵਨ ਸਾਥੀ ਦੇ ਆਧਾਰ ਕਾਰਡ ਦੀ ਫੋਟੋ ਕਾਪੀ ਕਿਸੇ ਵੀ ਦਫ਼ਤਰੀ ਕੰਮ ਕਾਜ ਦੇ ਸਮੇਂ ਅੰਦਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਵਿਖੇ ਜਮਾਂ ਕਰਵਾ ਕੇ ਆਪਣੀ ਪੈਨਸ਼ਨ ਵੈਰੀਫਾਈ ਕਰਵਾ ਸਕਦੇ ਹਨ। ਇਸ ਮੌਕੇ ਸਹਾਇਕ ਕਮਿਸ਼ਨਰ ਰਿਚਾ ਗੋਇਲ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਲਵਲੀਨ ਵੜਿੰਗ, ਜ਼ਿਲ੍ਹਾ ਪਰਿਵਾਰ ਤੇ ਭਲਾਈ ਅਫ਼ਸਰ ਡਾ. ਇੰਦਰਜੀਤ ਸਿੰਗਲਾ ਤੋਂ ਇਲਾਵਾ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਅਤੇ ਬਿਰਧ ਆਸ਼ਰਮਾਂ ਦੇ ਪ੍ਰਬੰਧਕ ਹਾਜ਼ਰ ਸਨ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਅੰਤਰਰਾਜੀ ਹਥਿਆਰ ਸਪਲਾਈ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼, ਗਿਰੋਹ ਦੇ 05 ਮੈਂਬਰ ਗ੍ਰਿਫਤਾਰ, 21 ਪਿਸਟਲ ਬਰਾਮਦ

**ਸੰਗਰੂਰ, (ਦਲਜੀਤ ਕੌਰ)** ਸ੍ਰੀ ਮੁਖਵਿੰਦਰ ਸਿੰਘ ਛੀਨਾ, ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਪਟਿਆਲਾ ਰੇਂਜ, ਪਟਿਆਲਾ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਸ੍ਰੀ ਸੁਰੇਂਦਰ ਲਾਂਬਾ, ਐਸਐਸਪੀ ਸੰਗਰੂਰ ਦੀ ਯੋਗ ਅਗਵਾਈ ਹੇਠ ਸ੍ਰੀ ਪਲਵਿੰਦਰ ਸਿੰਘ ਚੀਮਾ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੰਗਰੂਰ ਅਤੇ ਪ੍ਰਿਥਵੀ ਸਿੰਘ ਚਹਿਲ, ਉਪ ਕਪਤਾਨ ਪੁਲਿਸ ਸਬ ਡਵੀਜਨ ਦਿੜ੍ਹਬਾ ਦੇ ਦਿਸ਼ਾ ਨਿਰਦੇਸਾਂ ਅਨੁਸਾਰ ਥਾਣੇਦਾਰ ਪ੍ਰਤੀਕ ਜਿੰਦਲ ਮੁੱਖ ਅਫ਼ਸਰ ਥਾਣਾ ਛਾਜਲੀ ਸਮੇਤ ਪੁਲਿਸ ਪਾਰਟੀ ਇਤਲਾਹ ਮਿਲਣ 'ਤੇ ਮਹਿਲਾਂ ਚੌਂਕ ਵਿਖੇ ਪੁੱਜੇ ਤਾਂ 2 ਸ਼ੱਕੀ ਵਿਅਕਤੀ ਪੁਲਿਸ ਨੂੰ ਵੇਖ ਕੇ ਖਿਸਕਣ ਲੱਗੇ, ਜਿਨ੍ਹਾਂ ਨੂੰ ਪੁਲਿਸ ਪਾਰਟੀ ਵੱਲੋਂ ਰਾਉਂਡਅੱਪ ਕਰਕੇ ਤਲਾਸ਼ੀ ਲੈਣ ਤੇ ਉਨ੍ਹਾਂ ਦੇ ਬੈਗ ਵਿੱਚੋਂ 21 ਪਿਸਟਲ ਬ੍ਰਾਮਦ ਕੀਤੇ ਗਏ ਜਿਨ੍ਹਾਂ ਦੀ ਪਹਿਚਾਣ ਬਲਜਿੰਦਰ ਸਿੰਘ ਉਰਫ ਰੌਕ ਉਰਫ ਰੋਹਿਤ ਪੁੱਤਰ ਗੁਰਮੀਤ ਸਿੰਘ ਵਾਸੀ ਮਕਾਨ ਨੰਬਰ 48 ਬੀ, ਗਲੀ ਨੰਬਰ 02, ਨੇੜੇ ਆਨੰਦਪੁਰੀ ਕਾਲੀ ਸੜਕ ਲੁਧਿਆਣਾ ਅਤੇ ਕਰਨ ਸਰਮਾਂ ਪੁੱਤਰ ਸਿਵ ਕੁਮਾਰ ਸਰਮਾਂ ਵਾਸੀ ਮਕਾਨ ਨੰਬਰ 251, ਗਲੀ ਨੰਬਰ 03, ਨਵੀ ਕੁੰਦਨਪੁਰੀ ਸਿਵਲ ਲਾਇਨ ਲੁਧਿਆਣਾ ਦੇ ਰੂਪ ਵਿੱਚ ਕੀਤੀ ਗਈ। ਜਿਨ੍ਹਾਂ ਦੇ ਖਿਲਾਫ ਮੁਕੱਦਮਾ ਨੰਬਰ 78 ਮਿਤੀ 05.09.2023 ਅ/ਧ 24(7-1)/54/59 ਆਰਮਜ਼ ਐਕਟ (ਅਮੈਂਡਮੈਂਟ ਆਫ 2019) ਥਾਣਾ ਛਾਜਲੀ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

ਏਡੀਜੀਪੀ ਨੇ ਦੱਸਿਆ ਕਿ ਦੌਰਾਨੇ ਤਫਤੀਸ਼ ਕਥਿਤ ਦੋਸ਼ੀਆਂ ਦੀ ਪੁੱਛ-ਗਿੱਛ ਤੋਂ ਇਹ ਗੱਲ ਸਾਹਮਣੇ ਆਈ ਕਿ ਕਥਿਤ ਦੋਸ਼ੀ ਲੁਧਿਆਣਾ ਤੋਂ ਮੱਧ ਪ੍ਰਦੇਸ਼ ਵਿਖੇ ਨਜਾਇਜ ਅਸਲਾ ਲੈਣ ਲਈ ਗਏ ਸਨ, ਜਿੱਥੋਂ ਉਹ ਵਾਪਸ ਆਉਂਦੇ ਹੋਏ ਬੱਸ ਬਦਲੀ ਕਰਨ ਲਈ ਮਹਿਲਾਂ ਚੌਂਕ ਤੋਂ ਉਤਰੇ ਸਨ, ਜਿੱਥੋਂ ਪੁਲਿਸ ਪਾਰਟੀ ਵੱਲੋਂ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅੱਗੇ ਪੁੱਛ-ਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਅਸਲਾ ਉਕਤ ਕਥਿਤ ਦੋਸ਼ੀਆਂ ਪਾਸੋਂ ਰਾਜੀਵ ਕੌਸ਼ਲ ਉਰਫ ਗੁੱਗੂ ਉਰਫ ਗੁਗਲੂ ਪੁੱਤਰ



ਸੁਰਿੰਦਰ ਕੌਸ਼ਲ ਵਾਸੀ ਪਿੰਡ ਦੇਹਲਾ, ਜ਼ਿਲ੍ਹਾ ਊਨਾ, ਹਿਮਾਚਲ ਪ੍ਰਦੇਸ਼ ਨੇ ਮੰਗਵਾਇਆ ਸੀ, ਤੇ ਉਸ ਨੇ ਹੀ ਮੱਧ ਪ੍ਰਦੇਸ਼ ਦੇ ਗੈਰਕਾਨੂੰਨੀ ਹਥਿਆਰ ਬਣਾਉਣ ਵਾਲੇ ਬੰਦੇ ਨਾਲ ਰਾਬਤਾ ਕਰਾਇਆ ਸੀ। ਇਨ੍ਹਾਂ ਦੀ ਪੁੱਛ-ਗਿੱਛ ਤੋਂ ਇਨ੍ਹਾਂ ਦੇ ਆਉਣ ਜਾਣ ਅਤੇ ਹੋਰ ਖਰਚਿਆਂ ਦੇ ਸਬੰਧ ਵਿੱਚ ਰਾਜੀਵ ਕੌਸ਼ਲ ਦੇ ਇਸ਼ਾਰੇ ਤੇ ਪੈਸੇ ਟਰਾਂਸਫਰ ਕਰਨ ਵਾਲੇ ਹੇਮੰਤ ਮਨਹੋਤਾ ਪੁੱਤਰ ਕੁਲਵਿੰਦਰ ਸਿੰਘ ਵਾਸੀ ਵਾਰਡ ਨੰਬਰ 02, ਗਲੀ ਨੰਬਰ 06, ਮਕਾਨ ਨੰਬਰ 1636, ਨਿਊ ਬਸੰਤ ਵਿਹਾਰ ਕਾਕੂਆਲ ਰੋਡ ਲੁਧਿਆਣਾ, ਥਾਣਾ ਬਸਤੀ ਜੋਧੇਵਾਲ ਦੀ ਪਹਿਚਾਣ ਕਰਕੇ ਉਸ ਨੂੰ ਮਿਤੀ 05.09.2023 ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਕਥਿਤ ਦੋਸ਼ੀ ਰਾਜੀਵ ਕੌਸ਼ਲ ਉਰਫ ਗੱਗੂ ਨੂੰ ਮਿਤੀ 10.09.2023 ਨੂੰ ਜ਼ਿਲ੍ਹਾ ਜੇਲ੍ਹ ਫਿਰੋਜਪੁਰ ਤੋਂ ਪ੍ਰੋਡਕਸ਼ਨ ਵਾਰੰਟ ਪਰ ਲਿਆ ਕੇ ਮੁਕੱਦਮਾ ਵਿੱਚ ਗ੍ਰਿਫਤਾਰ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਕਥਿਤ ਦੋਸੀ ਰਾਜੀਵ ਕੌਸ਼ਲ ਦੀ ਅੱਗੇ ਪੁੱਛ-ਗਿੱਛ ਤੋਂ ਇਹ ਗੱਲ ਸਾਹਮਣੇ ਆਈ ਕਿ ਰਾਜੀਵ ਕੌਸ਼ਲ ਦਾ ਰਾਬਤਾ ਰਵੀ ਬਲਾਚੌਰੀਆਂ ਅਤੇ ਲਾਰੇਂਸ ਬਿਸ਼ਨੋਈ ਦੇ ਗੈਂਗਾਂ ਦੇ ਕੁੱਝ ਅਪਰਾਧੀਆਂ ਨਾਲ ਹੈ ਅਤੇ ਇਸ ਨੇ ਰਵੀ ਬਲਾਚੌਰੀਆ ਦੇ ਕਹਿਣ ਤੇ ਇਹ ਹਥਿਆਰ ਮੱਧ ਪ੍ਰਦੇਸ਼ ਤੋਂ ਮੰਗਵਾਏ ਸਨ, ਜਿਨ੍ਹਾਂ ਨੂੰ ਅੱਗੇ ਮੋਹਾਲੀ, ਖਰੜ ਅਤੇ ਨਵਾਂ ਸ਼ਹਿਰ ਦੇ ਵੱਖ-ਵੱਖ ਅਪਰਾਧੀਆਂ ਨੂੰ ਸਪਲਾਈ ਕੀਤਾ ਜਾਣਾ ਸੀ। ਇਹ ਹਥਿਆਰ ਇਨ੍ਹਾਂ ਅਪਰਾਧੀਆਂ ਵੱਲੋਂ ਨਜਾਇਜ ਵਸੂਲੀ ਅਤੇ ਆਪਸੀ ਗੈਂਗਵਾਰ ਵਿੱਚ ਵਰਤੇ ਜਾਣ ਬਾਰੇ ਵੀ ਰਾਜੀਵ ਕੌਸ਼ਲ ਨੇ ਦੱਸਿਆ ਹੈ। ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀ ਰਾਜੀਵ ਕੌਸ਼ਲ ਪਾਸੋਂ ਇਸ ਕੰਮ ਲਈ ਵਰਤਿਆ ਗਿਆ ਮੋਬਾਇਲ ਫੋਨ ਵੀ ਫਿਰੋਜਪੁਰ ਜੇਲ ਵਿੱਚੋਂ ਬ੍ਰਾਮਦ ਕੀਤਾ ਗਿਆ ਹੈ। ਅੱਗੇ ਪੁੱਛ-ਗਿੱਛ ਤੋਂ ਹੋਰ ਖੁਲਾਸੇ ਹੋਣ ਦੀ ਸੰਭਵਾਨਾ ਹੈ।

ਏਡੀਜੀਪੀ ਨੇ ਦੱਸਿਆ ਕਿ ਇਸ ਮੁਕੱਦਮੇ ਦੇ ਸਬੰਧ ਵਿੱਚ ਜ਼ਿਲ੍ਹਾ ਪੁਲਿਸ ਸੰਗਰੂਰ ਦੀ ਟੀਮ ਵੱਲੋਂ ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਬੁਰਹਾਨਪੁਰ ਤੋਂ ਹਥਿਆਰ ਬਣਾਉਣ ਵਾਲੇ ਵਿਅਕਤੀ ਤੋਂ ਫੜੇ ਗਏ ਕਥਿਤ ਦੋਸ਼ੀਆਂ ਤੱਕ ਪਹੁੰਚਾਉਣ ਵਾਲੇ ਕੋਰੀਅਰ ਜਿਸ ਦੀ ਪਹਿਚਾਨ ਗੁੱਡੂ ਬਰੇਲਾ ਪੁੱਤਰ ਪਾਰ ਸਿੰਘ ਬਰੇਲਾ ਵਾਸੀ ਖਮਾਲਾ, ਥਾਣਾ ਨਿੰਬੋਲਾ, ਤਹਿਸੀਲ ਅਤੇ ਜ਼ਿਲ੍ਹਾ ਬੁਰਹਾਨਪੁਰ, ਮੱਧ ਪ੍ਰਦੇਸ਼ ਵਜੋਂ ਕੀਤੀ ਗਈ, ਨੂੰ ਵੀ ਮਿਤੀ 10.09.2023 ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਿਸ ਪਾਸੋਂ ਪੁੱਛ-ਗਿੱਛ ਕਰਕੇ ਹਥਿਆਰ ਬਣਾਉਣ ਵਾਲੇ ਕਥਿਤ ਦੋਸ਼ੀ ਦੀ ਗ੍ਰਿਫਤਾਰੀ ਦੇ ਯਤਨ ਕੀਤੇ ਜਾ ਰਹੇ ਹਨ।

ਇਸ ਕੇਸ ਨੂੰ ਟਰੇਸ ਕਰਨ ਲਈ ਇੰਸਪੈਕਟਰ ਅਮਰੀਕ ਸਿੰਘ, ਇੰਚਾਰਜ ਸੀ.ਆਈ.ਏ ਸੰਗਰੂਰ, ਥਾਣੇਦਾਰ ਪ੍ਰਤੀਕ ਜਿੰਦਲ ਮੁੱਖ ਅਫ਼ਸਰ ਥਾਣਾ ਛਾਜਲੀ, ਥਾਣੇਦਾਰ ਸੰਦੀਪ ਸਿੰਘ, ਮੁੱਖ ਅਫਸਰ ਥਾਣਾ ਦਿੜ੍ਹਬਾ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ ਹੈ।

# ਪੱਤਰਕਾਰ ਨੀਟਾ ਮਾਛੀਕੇ ਲਈ ਡਾ. ਸਿਮਰਜੀਤ ਧਾਲੀਵਾਲ ਨੇ ਜਨਮ ਦਿਨ ‘ਤੇ ਹੈਰਾਨੀਜਨਕ ਮਹਿਫ਼ਲ ਦਾ ਦਿੱਤਾ ਤੋਹਫਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ):** ਪੰਜਾਬੀ ਸੱਭਿਆਚਾਰ ਅੰਦਰ ਰਿਸ਼ਤਿਆਂ ਦੀ ਮਹੱਤਤਾ ਅਤੇ ਪਿਆਰ ਨੂੰ ਬਹੁਤ ਅਹਿਮੀਅਤ ਅਤੇ ਸਤਿਕਾਰ ਦਿੱਤਾ ਜਾਂਦਾ ਹੈ। ਇੰਨ੍ਹਾਂ ਹੀ ਰਿਸ਼ਤਿਆਂ ਦੀ ਬੁਨਿਆਦ ਆਤਮ-ਸਮਰਪਣ ਅਤੇ ਇਕ-ਦੂਜੇ ਪ੍ਰਤੀ ਇਮਾਨਦਾਰੀ ਨਾਲ ਹੋਰ ਮਜ਼ਬੂਤ ਬਣਦੀ ਹੈ। ਅਜਿਹੇ ਹੀ ਸੰਸਕਾਰਾਂ ਦੀ ਡੋਰ ਵਿੱਚ ਮਾਸਟਰ ਦਲਬਾਰਾ ਸਿੰਘ ਧਾਲੀਵਾਲ ਨੇ ਆਪਣੇ ਦੋ ਪੁੱਤਰਾਂ ਡਾ. ਸਿਮਰਜੀਤ ਸਿੰਘ ਧਾਲੀਵਾਲ ਅਤੇ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਨੂੰ ਬੰਨ ਕੇ ਰੱਖਿਆ ਹੈ। ਜੋ ਹਰ ਸਮੇਂ ਆਪਸੀ ਮੇਲ-ਮਿਲਾਪ ਅਤੇ ਸਮਾਜਿਕ ਕਾਰਜਾਂ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਹਨ। ਵਿਦੇਸ਼ਾਂ ਵਿੱਚ ਰਹਿੰਦਿਆਂ ਕੰਮਾਂ-ਕਾਰਾਂ ਦੀਆਂ ਜੁੰਮੇਵਾਰੀਆਂ ਨਾਲ ਕਈ ਵਾਰ ਇਨਸਾਨ ਆਪਣੇ ਕਾਰਜ ਵੀ ਭੁੱਲ ਜਾਂਦਾ ਹੈ। ਪਰ ਅਜਿਹੇ ਕਾਰਜਾਂ ਨੂੰ ਫਿਰ ਆਪਣੇ ਹੀ ਮਾਣ ਬਖਸ਼ ਸਤਿਕਾਰ ਦੇ ਪਾਤਰ ਬਣਦੇ ਹਨ।

ਬੀਤੇ ਦਿਨੀ ਅਜਿਹਾ ਹੀ ਮਾਣ ਵਧਾਉਂਦੇ ਹੋਏ ਡਾ. ਸਿਮਰਜੀਤ ਸਿੰਘ ਧਾਲੀਵਾਲ ਨੇ ਆਪਣੇ ਛੋਟੇ ਭਰਾ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਲਈ ਸਰਪਰਾਈਜ਼ (ਹੈਰਾਨ) ਕਰਦੇ ਹੋਏ ਪਾਰਟੀਨੁਮਾ ਪਰਿਵਾਰਕ ਮਹਿਫ਼ਲ ਆਪਣੇ ਗ੍ਰਹਿ ਵਿਖੇ ਰੱਖੀ। ਜਿਸ ਵਿੱਚ ਉਸ ਦੇ ਕੁਝ ਖ਼ਾਸ ਦੋਸ਼ਤਾ ਨੂੰ ਹੀ ਬੁਲਾਇਆ ਗਿਆ ਸੀ। ਉਸ ਸਮੇਂ ਜਦ ਮਹਿਫ਼ਲ ਵਿੱਚ ਅਚਾਨਕ ਪੱਤਰਕਾਰ ਨੀਟਾ ਮਾਛੀਕੇ ਨੂੰ ਬੁਲਾਇਆ ਗਿਆ ਤਾਂ ਉਹ ਆਪਣੇ ਭਰਾ ਦਾ ਪਿਆਰ ਅਤੇ ਯਾਰਾਂ ਦੀ ਯਾਰੀ ਦੇਖ ਬਹੁਤ ਭਾਵੁਕ ਅਤੇ ਖੁਸ਼ ਹੋਇਆ। ਉਸ ਸਮੇਂ ਉਨ੍ਹਾਂ ਦੀ ਪਤਨੀ ਹਰਜਿੰਦਰ ਧਾਲੀਵਾਲ ‘ਰੈਪੀ’ ਵੀ ਨਾਲ ਸੀ। ਜਦ ਕਿ ਉਨ੍ਹਾਂ ਦੇ ਪਿਤਾ ਸ. ਦਲਬਾਰਾ ਸਿੰਘ ਨੂੰ ਪਹਿਲਾਂ ਬੁਲਾ ਲਿਆ ਗਿਆ ਸੀ। ਫਿਰ ਕੇਕ ਕੱਟਣ ਦੀ ਰਸ਼ਮ ਕਰਦੇ ਹੋਏ, ਅਚਨਚੇਤ ਸੱਦੇ ‘ਤੇ ਪਹੁੰਚਣ ਲਈ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ।



ਇਸ ਬਾਅਦ ਸ਼ੁਰੂ ਹੋਈ ਮਹਿਫ਼ਲ ਵਿੱਚ ਪਹਿਲਾ ਕੁਝ ਬੁਲਾਰਿਆਂ ਨੇ ਨੀਟਾ ਮਾਛੀਕੇ ਦੀ ਪਰਿਵਾਰਕ ਅਤੇ ਸਮਾਜਿਕ ਸਾਂਝ ਬਾਰੇ ਵਿਚਾਰਾਂ ਦੀ ਸਾਂਝ ਪਾਈ। ਜਿੰਨ੍ਹਾਂ ਵਿੱਚ ਸਭ ਤੋਂਪਹਿਲਾਂ ਮਹਿਫ਼ਲ ਦੇ ਪ੍ਰਬੰਧਕ ਅਤੇ ਵੱਡੇ ਭਰਾ ਡਾ. ਸਿਮਰਜੀਤ ਸਿੰਘ ਧਾਲੀਵਾਲ ਨੇ ਬੋਲਦਿਆਂ ਕਿਹਾ ਕਿ ਅਜਿਹੀਆਂ ਮਹਿਫਲਾਂ ਤੰਦਰੁਸ਼ਤ ਅਤੇ ਖੁਸ਼ਹਾਲ ਜ਼ਿੰਦਗੀ ਲਈ ਬਹੁਤ ਜ਼ਰੂਰੀ ਹਨ। ਜਦ ਕਿ ਬਾਕੀ ਬੁਲਾਰਿਆਂ ਵਿੱਚ ਗੁਰਬਖਸ਼ੀਸ਼ ਸਿੰਘ ਗਰੇਵਾਲ, ਪੱਤਰਕਾਰ ਕੁਲਵੰਤ ਉੱਭੀ ਧਾਲੀਆਂ, ਰਣਜੀਤ ਗਿੱਲ ਜੱਗਾ ਸੁਧਾਰ ਆਦਿਕ ਨੇ ਹਾਜ਼ਰੀ ਭਰੀ। ਉਸ ਸਮੇਂ ਨੀਟਾ ਮਾਛੀਕੇ ਦੇ ਪਿਤਾ ਸ. ਮਾਸਟਰ ਦਲਬਾਰਾ ਸਿੰਘ ਧਾਲੀਵਾਲ ਨੇ ਸਭਨਾਂ ਦਾ ਪਿਆਰ ਦੇਖ ਨੀਟੇ ਦੀ ਜ਼ਿੰਦਗੀ ਦੀਆਂ ਘਟਨਾਵਾਂ ਦੀ ਸਾਂਝ ਪਾਉਦੇ ਹੋਏ ਸਭ ਦਾ ਧੰਨਵਾਦ ਕੀਤਾ।

ਰਸਮੀਂ ਆਉਂਦੀ-ਭਗਤ ਕਰਨ ਅਤੇ ਆਪਸੀ ਵਿਚਾਰਾਂ ਦੀ ਸਾਂਝ ਉਪਰੰਤ ਲੱਗੀ ਯਾਰਾਂ ਦੀ ਮਹਿਫ਼ਲ । ਜਿਸ ਵਿੱਚ ਬੁਲੰਦ ਆਵਾਜ਼ ਅਤੇ ਪਰਿਵਾਰਕ ਗਾਇਕੀ ਦੇ ਸਿਰਤਾਜ ਗਾਇਕ ਧਰਮਵੀਰ ਥਾਂਦੀ ਨੇ ਆਪਣੇ ਗੀਤਾਂ ਰਾਹੀ ਬੰਨੇ ਰੰਗ। ਇਸ ਤੋਂ ਇਲਾਵਾ ਮਹਿਫਲ ਦਾ ਸਿੰਗਾਰ ਬਣੇ ਗਾਇਕਾ ਵਿੱਚ ਬਹਾਦਰ ਸਿੱਧੂ, ਪੱਪੀ ਭਦੌੜ, ਕਮਲਜੀਤ ਬੈਨੀਪਾਲ, ਗੋਗੀ ਸੰਧੂ ਅਤੇ ਵਾਈਫ, ਕੰਵਰਪਾਲ ਗਿੱਲ, ਅਵਤਾਰ ਗਰੇਵਾਲ, ਗੁੱਲੂ ਬਰਾੜ, ਬਾਈ ਸੁਰਜੀਤ ਆਦਿਕ ਨੇ ਹਾਜ਼ਰੀਨ ਦਾ ਖ਼ੂਬ ਮੰਨੋਰੰਜਨ ਕੀਤਾ। ਜਦ ਕਿ ਸਟੇਜ਼ ਸੰਚਾਲਨ ਗੁਰਬਖਸ਼ੀਸ਼ ਸਿੰਘ ਗਰੇਵਾਲ ਨੇ ਬਾਖ਼ੂਬੀ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ।

ਇਸ ਮਹਿਫ਼ਲ ਦੇ ਸੁਨਿਹਰੇ ਪਲਾਂ ਦਾ ਅਨੰਦ ਮਾਨਣ ਵਾਲਟ ਪਤਵੰਤੇ ਸੱਜਣਾਂ ਵਿੱਚ ਜੱਸੀ ਸਟੋਨ ਟਰੱਕਿੰਗ, ਬੌਬ ਸਿੱਧੂ, ਪਾਲ ਬਿਲਾਸਪੁਰ, ਮਿੰਟੂ ਉੱਪਲੀ, ਅਮਰਜੀਤ ਦੌਧਰ, ਨੰਬਰਦਾਰ ਜਗਤਾਰ ਸਿੰਘ ਗਿੱਲ, ਡਾ. ਗੁਰਮੀਤ ਦਿਊਲ, ਗੁਰਪ੍ਰੀਤ ਤੂਰ, ਸੁੱਖ ਸਿੱਧੂ , ਸਰਦਾਰਾ ਸਿੰਘ ਗਿੱਲ, ਲਖਵੀਰ ਸਿੰਘ, ਗੁਲਜ਼ਾਰ ਬਰਾੜ ਆਦਿਕ ਅਤੇ ਨਜ਼ਦੀਕੀ ਪਰਿਵਾਰਾਂ ਨੇ ਮਹਿਫ਼ਲ ਦੇ ਖੁਸ਼ਨੁਮਾਂ ਪਲਾਂ ਦਾ ਰੱਜ ਕੇ ਅਨੰਦ ਮਾਣਿਆ। ਇਸ ਸਮੇਂ ਮਹਿਫ਼ਲ ਵਿੱਚ ਰੂਹ ਦੀ ਖੁਰਾਕ ਗੀਤ-ਸੰਗੀਤ ਅਤੇ ਹਾਜ਼ਰੀਨਾਂ ਲਈ ਵਰਿੰਦਰ ਸਿੰਘ ਦੇ ਬਣਾਏ ਸੁਆਦਿਸ਼ਟ ਦਾ ਖ਼ਾਸ ਪ੍ਰਬੰਧ ਵੀ ਸਭ ਨੂੰ ਚੰਗਾ ਲੱਗਾ। ਸਮੁੱਚੇ ਉੱਚੇਚੇ ਪ੍ਰਬੰਧਾਂ ਲਈ ਭਰਾ-ਭਰਜਾਈ ਡਾ. ਸਿਮਰਜੀਤ ਸਿੰਘ ਧਾਲੀਵਾਲ, ਕਰਮਜੀਤ ਕੌਰ ਧਾਲੀਵਾਲ ਅਤੇ ਪਰਿਵਾਰ ਵਧਾਈ ਦੇ ਪਾਤਰ ਹਨ। ਮਹਿਫਲ ਚੱਲਦਿਆਂ ਸਮੇਂ ਦਾ ਪਤਾ ਹੀ ਨਾ ਲੱਗਾ ਕਿ ਅਗਲੇ ਦਿਨ ਦੀ ਤਾਰੀਕ ਵਿੱਚ ਸ਼ਾਮਲ ਹੋ, ਮਹਿਫ਼ਲ ਅਮਿੱਟ ਪੈੜਾਂ ਛੱਡਦੀ ਹੋਈ ਯਾਦਗਾਰੀ ਹੋ ਨਿਬੜੀ।

# ਅੰਮ੍ਰਿਤਸਰ ’ਚ ਕੇਜਰੀਵਾਲ ਤੇ ਮਾਨ ਨੇ ਸੂਬੇ ਦੇ ਪਹਿਲੇ ਸਕੂਲ ਆਫ ਐਮੀਨੈਂਸ ਦਾ ਉਦਘਾਟਨ ਕੀਤਾ



**ਅੰਮ੍ਰਿਤਸਰ–** ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਸੂਬੇ ਦੇ ਪਹਿਲੇ ਸਕੂਲ ਆਫ ਐਮੀਨੈਂਸ ਦਾ ਉਦਘਾਟਨ ਕੀਤਾ। ਇਸ ਮੌਕੇ ਸ੍ਰੀ ਕੇਜਰੀਵਾਲ ਨੇ ਆਖਿਆ ਕਿ ਸੂਬੇ ਵਿੱਚ ਬਿਹਤਰ ਸਿੱਖਿਆ ਦੇਣ ਦਾ ਕੀਤਾ ਗਿਆ ਵਾਅਦਾ ਸਰਕਾਰ ਵੱਲੋਂ ਪੂਰਾ ਕੀਤਾ ਜਾ ਰਿਹਾ ਹੈ, ਜਿਸ ਦੀ ਸ਼ੁਰੂਆਤ ਅੱਜ ਕਰ ਦਿੱਤੀ ਗਈ ਹੈ। ਪੰਜਾਬ ਵਿੱਚ ਹੁਣ ਹਰ ਲੋੜਵੰਦ ਅਤੇ ਗਰੀਬ ਪਰਿਵਾਰ ਦੇ ਬੱਚੇ ਨੂੰ ਵੀ ਬੇਹਤਰ ਸਿੱਖਿਆ ਮਿਲੇਗੀ। ਉਨ੍ਹਾਂ ਦਾਅਵਾ ਕੀਤਾ ਕਿ ਤਿਆਰ ਕੀਤੇ ਪਹਿਲੇ ਸਕੂਲ ਆਫ ਐਮੀਨੈਂਸ ਵਿੱਚ ਪ੍ਰਾਈਵੇਟ ਸਕੂਲਾਂ ਨਾਲੋਂ ਬਿਹਤਰ ਸਹੂਲਤਾਂ ਮੌਜੂਦ ਹਨ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਰਕਾਰੀ ਸਕੂਲ ਵਿੱਚ ਬੱਚਿਆਂ ਨੂੰ ਦੂਰ ਦਰਾਡੇ ਤੋਂ ਲਿਆਉਣ ਲਈ ਟਰਾਂਸਪੋਰਟ ਸਹੂਲਤ ਦੀ ਵੀ ਸ਼ੁਰੂਆਤ ਕੀਤੀ। ਇਸ ਸਬੰਧੀ ਤਿਆਰ ਕੀਤੀਆਂ ਸਕੂਲ ਬੱਸਾਂ ਨੂੰ ਹਰੀ ਝੰਡੀ ਦਿੱਤੀ ਗਈ। ਮੁੱਖ ਮੰਤਰੀ ਨੇ ਕਿਹਾ ਕਿ ਹਰ ਪੰਦਰਾਂ ਦਿਨਾਂ ਬਾਅਦ ਇਕ ਨਵੇਂ ਸਕੂਲ ਆਫ ਐਮੀਨੈਂਸ ਦੀ ਸ਼ੁਰੂਆਤ ਹੋਵੇਗੀ ਅਤੇ ਸੂਬੇ ਭਰ ਵਿੱਚ ਸਾਰੇ ਸਰਕਾਰੀ ਸਕੂਲ ਇਸੇ ਤਰਜ਼ ’ਤੇ ਬਣਨਗੇ। ਇਸ ਮੌਕੇ ਉਨ੍ਹਾਂ ਨੇ ਸਕੂਲ ਦੀ ਇਮਾਰਤ ਅਤੇ ਸਕੂਲ ਵਿੱਚ ਸਥਾਪਤ ਕੀਤੀਆਂ, ਵੱਖ-ਵੱਖ ਲੈਬ ਵੀ ਦੇਖੀਆਂ। ਇਸ ਤੋਂ ਬਾਅਦ ਉਹ ਰਣਜੀਤ ਐਵੇਨਿਊ ਵਿੱਚ ਵੱਡੀ ਰੈਲੀ ਨੂੰ ਸੰਬੋਧਨ ਕਰਨ ਲਈ ਰਵਾਨਾ ਹੋ ਗਏ। ਇਸ ਦੌਰਾਨ ਰੈਲੀ ਵਾਲੇ ਸਥਾਨ ਤੇ ਹੋਰਨਾਂ ਥਾਵਾਂ ’ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

## ‘ਦੇਸ਼ ਦੁਆਬਾ’ ‘ਅੰਬੇਦਕਰ ਟਾਈਮਜ਼’

**ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:**

www.deshdoaba.com
www.ambedkartimes.com









## ਫਰੀਦਕੋਟ ਵਿਖੇ ਸੂਬਾਈ ਸਾਲਾਨਾ

# ਪਾਸ਼ ਯਾਦਗਾਰੀ ਸਾਹਿਤਕ ਸਮਾਗਮ 'ਤੇ ਵਿਸ਼ੇਸ਼

**ਜਲੰਧਰ (ਜੱਸੀ)–** ਪਾਸ਼ ਦੀ ਭੈਣ ਪਰਮਿੰਦਰ ਪੰਮੀ (ਅਮਰੀਕਾ) ਅਤੇ ਰਾਜਿੰਦਰ ਕੌਰ (ਹਾਲੈਂਡ) ਆਪਣੇ ਪਿੰਡ ਤਲਵੰਡੀ ਸਲੇਮ ਦੇ ਖੇਤ ਵਾਲੇ ਉਸ ਟਿਊਬਵੈੱਲ ਕੋਲ਼ ਖੜ੍ਹਕੇ ਪਾਸ਼ ਨਾਲ਼ ਗੱਲਾਂ ਕਰਦੀਆਂ ਨੇ ਜਿੱਥੇ ਪਾਸ਼ ਅਤੇ ਹੰਸ ਰਾਜ ਨਹਾਉਣ ਆਏ ਸੀ। ਜਿਨ੍ਹਾਂ ਨੂੰ ਪਲਾਂ ਛਿਣਾਂ ਵਿਚ ਅੰਨ੍ਹੇ ਨਿਸ਼ਾਨਚੀਆਂ ਨੇ ਮਾਰ ਕੇ ਭਰਮ ਪਾਲਿਆ ਸੀ ਕਿ ਅਸੀਂ ਉਹਨਾਂ ਨੂੰ ਸੱਚ ਮੁੱਚ ਮਾਰ ਮੁਕਾਇਆ ਹੈ।

ਉਹ ਅੰਬ ਨਾਲ਼ ਸੰਵਾਦ ਕਰਦੀਆਂ ਦੱਸਦੀਆਂ ਨੇ ਜਿਸ ਅੰਬ ਦੇ ਬੂਟੇ ਹੇਠਾਂ ਲ਼ਹੂ ਲੁਹਾਣ ਹੋਇਆ ਪਾਸ਼ ਪਿਆ ਸੀ ਕਿ ਉਹਦਾ ਲ਼ਹੂ ਗਾ ਰਿਹਾ ਸੀ :

ਮੈਂ ਤੇ ਘਾਹ ਹਾਂ
ਤੁਹਾਡੇ ਕੀਤੇ ਕਰਾਏ 'ਤੇ
ਉੱਗ ਆਵਾਂਗਾ।

ਭੈਣਾਂ, ਪਾਸ਼ ਦੀ ਇਸ ਲ਼ਹੂ ਰੱਤੀ ਮਿੱਟੀ ਨੂੰ ਚੁੱਕ ਮੱਥੇ ਲਾਉਂਦੀਆਂ ਤਲਵੰਡੀ ਸਲੇਮ ਤੋਂ ਖਟਕੜ ਕਲਾਂ ਵੱਲ ਤੁਰ ਪੈਂਦੀਆਂ ਹਨ। ਉਹ ਤਲਵੰਡੀ ਸਲੇਮ ਅਤੇ ਖਟਕੜ ਕਲਾਂ ਦੀ ਮਿੱਟੀ ਦੀ ਇੱਕੋ ਜਿਹੀ ਮਹਿਕ ਮਹਿਸੂਸ ਕਰਦੀਆਂ ਹਨ। ਉਹਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਦੇ ਵਿਹੜੇ ਖੂਹੀ ਦੀ ਮੌਣ ਵਿੱਚੋਂ ਉਸ ਖੂਹ ਦੀ ਟੁੱਟੀ ਭੱਜੀ ਮੌਣ ਦਿਖਾਈ ਦਿੰਦੀ ਹੈ ਜਿਸ ਕੋਲ਼ ਚੁਬੱਚੇ ਤੇ ਬੈਠਾ ਪਾਸ਼ ਅਤੇ ਉਸਦਾ ਜਿਗਰੀ ਯਾਰ ਗੋਲੀਆਂ ਨਾਲ ਭੁੰਨ ਦਿੱਤੇ ਗਏ।

ਖੇਤ ਵਿਹੂਣਿਆਂ ਅਤੇ ਕਰਜ਼ਿਆਂ ਦੇ ਪਹਾੜ ਹੇਠ ਦੱਬੇ ਖ਼ੇਤਾਂ ਦੇ ਮਾਲਕ ਹੋਣ ਦੇ ਭਰਮਾਂ 'ਚ ਡੰਗ ਟਪਾ ਰਹੇ ਮਿੱਟੀ ਨਾਲ਼ ਮਿੱਟੀ ਹੋ ਕੇ ਵੀ, ਖ਼ੁਦਕੁਸ਼ੀਆਂ ਦੀ ਖੇਤੀ ਕਰ ਰਹੇ ਲੋਕਾਂ ਦੀ ਬਾਤ ਪਾਉਂਦੇ ,ਖੇਤਾਂ ਦੇ ਪੁੱਤ ਪਾਸ਼ ਦਾ ਜਨਮ 9 ਸਤੰਬਰ 1950 ਨੂੰ ਤਲਵੰਡੀ ਸਲੇਮ ਹੋਇਆ ।ਉਸ ਪਿੰਡ, ਜਨਮ ਦਿਹਾੜੇ ਤੇ ਜਸ਼ਨ ਮਨਾਉਣ ਦੇ ਯਤਨਾਂ ਨੂੰ ਵੀ ਇੱਕ ਦਿਨ ਬੂਰ ਪਵੇਗਾ ਜਦੋਂ ਦੇਸ਼ ਦੁਨੀਆਂ ਤੋਂ ਕਵੀ, ਲੇਖਕ, ਵਿਦਵਾਨ, ਆਲੋਚਕ, ਚਿਤ੍ਰਕਾਰ ਅਤੇ ਰੰਗ ਕਰਮੀ ਸਿਰ ਜੋੜਕੇ ਬੈਠਣ ਵਾਲ਼ੀ ਬਸੰਤ ਰੁੱਤ ਲੈ ਕੇ ਆਉਣਗੇ। 23 ਮਾਰਚ 1988 ਨੂੰ ਸ਼ਹਾਦਤ ਉਪਰੰਤ ਅੱਜ ਤੱਕ ਵੀ ਮੌਸਮ ਉਦਾਸ ਅਤੇ ਸੁੰਨ ਹੈ। ਸ਼ਹੀਦੀ ਖੂਹ ਤੇ ਮੋਮਬੱਤੀਆਂ ਬਾਲਣ ਅਤੇ ਚੰਦ ਸ਼ਬਦ ਸਾਂਝੇ ਕਰਨ ਦਾ ਕੰਮ ਵੀ ਹੋਇਆ ਪਰ ਜਿਵੇਂ ਦੇਸ਼ ਦੁਨੀਆਂ ਤੋਂ ਆ ਕੇ ਲੋਕ ਕਵੀ ਪਾਸ਼ ਦੀ ਇਬਾਦਤਗਾਹ ਉੱਤੇ ਯਾਦਗਾਰੀ ਕਾਵਿ ਉਤਸ਼ਵ ਮਨਾਉਣ ਲੱਗਣ ਇਸਨੂੰ ਅਜੇ ਸੁਲੱਖਣੇ ਪਲਾਂ ਦੀ ਉਡੀਕ ਹੈ।

ਭੈਣਾਂ ਦੱਸਦੀਆਂ ਨੇ ਕਿ ਪਾਸ਼ ਦੀ ਕਲਮ ਜਾਏ, ਕੋਮਲ ਅਤੇ ਵਿਦਰੋਹੀ ਸ਼ਬਦਾਂ ਤੋਂ ਕੰਬੀਆਂ ਹੋਛੀਆਂ ਬੰਦੂਕਾਂ ਨੇ ਪੰਜਾਬ ਦਾ ਕਵੀ ਪੁੱਤ ਖੋਹ ਲਿਆ ਪਰ ਅੱਜ ਫਰੀਦਕੋਟ ਸਿਰ ਜੋੜ ਰਹੇ ਕਲਮਾਂ ਦੇ ਕਾਫ਼ਲੇ ਗਵਾਹੀ ਭਰ ਰਹੇ ਨੇ ਕਿ ਪਾਸ਼ ਵਰਗੇ ਕਵੀ ਕਦੇ ਮਰਿਆ ਨਹੀਂ ਕਰਦੇ।

ਅੱਜ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਵੱਲੋਂ ਕਨੇਡਾ ਅਤੇ ਵੱਖ ਵੱਖ ਥਾਵਾਂ ਸਮੇਤ ਪੰਜਾਬ ਅੰਦਰ 10 ਸਤੰਬਰ ਪਾਸ਼ ਜਨਮ ਦਿਹਾੜੇ ਨੂੰ ਸਮਰਪਿਤ ਫਰੀਦ-ਕੋਟ ਵਿਖੇ ਹੋ ਰਹੇ ਪਾਸ਼ ਯਾਦਗਾਰੀ ਸੂਬਾਈ ਸਾਲਾਨਾ ਸਾਹਿਤਕ ਸਮਾਗਮ ਮੌਕੇ ਪਾਸ਼ ਦੀ ਕਵਿਤਾ ਅਤੇ ਸਮਕਾਲ ਵਿਸ਼ੇ ਤੇ ਗੰਭੀਰ ਵਿਚਾਰ ਚਰਚਾ ਅਤੇ ਕਵੀ ਦਰਬਾਰ ਹੋ ਰਿਹੈ। ਇਸ ਮੌਕੇ ਪਾਸ਼ ਦੇ ਪਿੰਡ ਤਲਵੰਡੀ ਸਲੇਮ (ਜਲੰਧਰ) ਅਤੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ (ਨਵਾਂ ਸ਼ਹਿਰ) ਦੀ ਮਿੱਟੀ ਨੂੰ ਨਤਮਸਤਕ ਹੋ ਕੇ ਕਾਫ਼ਲੇ ਇਸ ਸਮਾਗਮ 'ਚ ਸ਼ਾਮਲ ਹੋ ਰਹੇ ਹਨ।

ਇਹਨਾਂ ਥਾਵਾਂ ਨੂੰ ਸਿਜਦਾ ਕਰਨ ਉਪਰੰਤ ਫਰੀਦਕੋਟ ਜੁੜ ਰਿਹਾ ਕਲਮਾਂ ਦਾ ਕਾਫ਼ਲਾ ਸਿਰਫ਼ ਅਤੀਤ ਦੀਆਂ ਪੈੜਾਂ ਦੀਆਂ ਬਾਤਾਂ ਨਹੀਂ ਪਾਏਗਾ ਸਗੋਂ ਸਾਡੇ ਸਮਿਆਂ ਅਤੇ ਭਵਿੱਖ ਦੀ ਬੁੱਕਲ 'ਚ ਸਮੋਈਆਂ ਚੁਣੌਤੀਆਂ ਅੱਗੇ ਚਾਨਣ ਦੇ ਵਣਜਾਰੇ ਬਣ ਕੇ ਉੱਠ ਖੜ੍ਹੇ ਹੋਣ ਦਾ ਸੁਨੇਹਾ ਦੇਵੇਗਾ। ਇਹਨਾਂ ਕਾਫ਼ਲਿਆਂ ਨੂੰ ਪਾਸ਼ ਆਪਣੇ ਬੋਲਾਂ 'ਚ ਇਉਂ ਮੁਖਾਤਿਬ ਹੈ :

ਕਿਉਂ ਜਕਦੇ ਹੋ
ਆਓ! ਉੱਠੀਏ
ਮੇਰੇ ਵੱਲ ਦੇਖੋ
ਮੈਂ ਅਜੇ ਵੀ ਜਿਊਂਦਾ ਹਾਂ
ਲਹਿਰਾਂ ਵਾਂਗੂੰ ਵਧੀਏ
ਇਹਨਾਂ ਮਗਰਾਂ ਦੇ
ਦੰਦ ਭੰਨ ਸੁੱਟੀਏ
ਪਰਤ ਜਾਈਏ
ਮੁੜ ਉੱਠੀਏ..

ਪਾਸ਼ ਅਤੇ ਭਗਤ ਸਿੰਘ ਦੀਆਂ ਯਾਦਗਾਰਾਂ ਤੇ ਫੁੱਲ ਭੇਟ ਕਰਨ ਉਪਰੰਤ ਭੈਣਾਂ ਨੇ ਦੱਸਿਆ ਕਿ ਸਤੰਬਰ ਮਹੀਨੇ ਹੀ ਇਹ ਦੋਨਾਂ ਨੇ ਜਨਮ ਲਿਆ ਅਤੇ ਮਾਰਚ ਮਹੀਨੇ 23 ਮਾਰਚ ਨੂੰ ਇਹਨਾਂ ਦੀ ਸ਼ਹਾਦਤ ਹੋਈ। ਉਹਨਾਂ ਦੇ ਜਨਮ ਅਤੇ ਸ਼ਹਾਦਤ ਦੀਆਂ ਤਾਰੀਕਾਂ ਹੀ ਇਕੱਠੀਆਂ ਨਹੀਂ ਤੁਰਦੀਆਂ ਸਗੋਂ ਉਹਨਾਂ ਦੀ ਵਿਚਾਰਧਾਰਾ, ਸੋਚ ਦ੍ਰਿਸ਼ਟੀ, ਉਹਨਾਂ ਦੇ ਉਦੇਸ਼ਾਂ ਦੀ ਸਾਂਝ ਵਿਚਲੀ ਸਮਾਨਤਾ ਵਧੇਰੇ ਸਾਰਥਿਕ ਅਤੇ ਮਹੱਤਵਪੂਰਨ ਹੈ।

ਝਲਕ ਮਾਤਰ ਜੇ ਕਹਿਣਾ ਹੋਵੇ ਤਾਂ
ਸ਼ਹੀਦ ਭਗਤ ਸਿੰਘ ਕਿਹਾ ਕਰਦਾ ਸੀ ਕੇ ਨੌਜਵਾਨਾਂ ਨੂੰ ਗ਼ਰੀਬ ਲੋਕਾਂ ਦੀਆਂ ਝੁੱਗੀਆਂ ਝੌਂਪੜੀਆਂ ਵਿੱਚ ਆਪਣੀਆਂ ਜੁਆਨੀਆਂ ਨਿਛਾਵਰ ਕਰਨੀਆਂ ਪੈਣਗੀਆਂ।
ਪਾਸ਼ ਦਾ ਕਹਿਣਾ ਸੀ ਕਿ:

ਕੱਖਾਂ ਦੀਏ ਕੁੱਲੀਏ
ਮਿਨਾਰ ਬਣ ਜਾਈਂ
ਪੈਰਾਂ ਦੀਏ ਮਿੱਟੀਏ
ਪਹਾੜ ਬਣ ਜਾਈਂ
ਨੀ ਤੂੰ ਆਪਣੀ ਕਮਾਈ
ਸਾਂਭ ਰੱਖ ਨੀ
ਕਿਰਤੀ ਦੀਏ ਕੁੱਲੀਏ
ਲੱਖ ਲੱਖ ਦਾ ਏ ਤੇਰਾ ਕੱਖ਼ ਨੀ
ਕਿਰਤੀ ਦੀਏ ਕੁੱਲੀਏ।

ਭਗਤ ਸਿੰਘ ਦਾ ਕਹਿਣਾ ਸੀ ਕਿ ਇੱਕ ਯੁੱਧ ਚੱਲ ਰਿਹਾ ਹੈ ਇਹ ਉਦੋਂ ਤੱਕ ਚਲਦਾ ਰਹੇਗਾ
ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੁੰਦੀ
ਪਾਸ਼ ਲਿਖਦਾ ਹੈ:

ਅਸੀਂ ਲੜਾਂਗੇ ਸਾਥੀ
ਕਿ ਹਾਲੇ ਤੀਕ ਲੜੇ ਕਿਉਂ ਨਹੀਂ
ਅਸੀਂ ਲੜਾਂਗੇ
ਉਦਾਸ ਮੌਸਮ ਲਈ
ਅਸੀਂ ਲੜਾਂਗੇ
ਲੜਕੇ ਮਰ ਚੁੱਕਿਆਂ ਦੀ
ਯਾਦ ਜ਼ਿੰਦਾ ਰੱਖਣ ਲਈ
ਅਸੀਂ ਲੜਾਂਗੇ ਸਾਥੀ
ਕਿ ਲੜਿਆਂ ਬਗੈਰ ਕੁੱਝ ਵੀ ਨਹੀਂ ਮਿਲਦਾ।

ਭਗਤ ਸਿੰਘ ਕੁੱਲ ਦੁਨੀਆਂ ਅੰਦਰ ਸਮਾਜਵਾਦ ਕਮਿਊਨਿਜ਼ਮ ਤੱਕ ਸਥਾਪਤ ਕਰਨ ਲਈ ਡੁੱਲ੍ਹ ਡੁੱਲ੍ਹ ਪੈਂਦੇ ਆਸ਼ਾਵਾਦ ਨਾਲ਼ ਭਰਭੂਰ ਹੈ।

ਪਾਸ਼ ਦੀਆਂ ਭੈਣਾਂ ਪੰਮੀ ਅਤੇ ਰਾਜਿੰਦਰ ਮਾਣ ਨਾਲ਼ ਕਹਿੰਦੀਆਂ ਨੇ ਕਿ ਸ਼ਹੀਦ ਭਗਤ ਸਿੰਘ ਦੇ ਬੋਲਾਂ ਨਾਲ਼ ਨਾਲ਼ ਤੁਰਦਿਆਂ ਪਾਸ਼ ਕਾਵਿ ਰੂਪੀ ਅਮੀਰ ਵਿਰਾਸਤ ਛੱਡ ਗਿਆ ਕਿ:

ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆਂ।







# ਭਾਰਤ 'ਜੀ-20 ਸਿਖਰ ਸੰਮੇਲਨ' ਦੀ ਮੇਜ਼ਬਾਨੀ ਪ੍ਰਧਾਨ ਮੰਤਰੀ ਮੋਦੀ ਦੀ ਸਫਲ ਅਗਵਾਈ ਦਾ ਵੱਡਾ ਸੰਕੇਤ ਹੈ: ਮੋਨਾ ਜੈਸਵਾਲ

**ਚੰਡੀਗੜ੍ਹ–** ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ 'ਚ ਇਸ ਸਮੇਂ ਚੱਲ ਰਹੇ 18ਵੇਂ ਜੀ-20 ਸੰਮੇਲਨ ਵਰਗੇ ਵੱਡੇ ਸਮਾਗਮ ਦੀ ਮੇਜ਼ਬਾਨੀ ਕਰਨਾ ਸਾਡੇ ਹਰਮਨ ਪਿਆਰੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਦੀ ਵੱਡੀ ਸਫਲਤਾ ਦਾ ਪ੍ਰਤੀਕ ਹੈ।'



ਭਾਰਤੀ ਜਨਤਾ ਪਾਰਟੀ ਦੀ ਸੂਬਾ ਜਨਰਲ ਸਕੱਤਰ ਅਤੇ ਪੈਟਰੋਲੀਅਮ ਮੰਤਰਾਲੇ ਦੀ ਡਾਇਰੈਕਟਰ ਸ਼੍ਰੀਮਤੀ ਮੋਨਾ ਜੈਸਵਾਲ ਨੇ ਕਿਹਾ ਕਿ ਭਾਰਤ ਲਈ ਦੁਨੀਆ ਭਰ ਦੇ 29 ਦੇਸ਼ਾਂ ਦੇ ਮੁਖੀਆਂ (19 ਜੀ-20 ਮੈਂਬਰ ਅਤੇ 10 ਮਹਿਮਾਨ ਦੇਸ਼ਾਂ) ਦੀ ਮੇਜ਼ਬਾਨੀ ਕਰਨਾ ਬਹੁਤ ਮਾਣ ਵਾਲੀ ਗੱਲ ਹੈ। ਇਹ ਸਾਡੇ ਉੱਘੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਦਾ ਜਾਦੂਈ ਕਰਿਸ਼ਮਾ ਹੈ, ਜਿਸ ਨੇ ਪਿਛਲੇ 9 ਸਾਲਾਂ ਵਿੱਚ ਭਾਰਤ ਨੂੰ ਦੁਨੀਆ ਭਰ ਦੇ ਸ਼ਕਤੀਸ਼ਾਲੀ ਦੇਸ਼ਾਂ ਦੀ ਕਤਾਰ ਵਿੱਚ ਲਿਆਂਦਾ ਹੈ। ਇਸ ਸਮੇਂ ਦੁਨੀਆ ਦੇ ਸਾਰੇ ਵੱਡੇ ਦੇਸ਼ ਨਾ ਸਿਰਫ ਭਾਰਤ ਦਾ ਸਨਮਾਨ ਕਰਦੇ ਹਨ, ਸਗੋਂ ਸਾਡੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਹਰ ਗੱਲ ਨੂੰ ਧਿਆਨ ਨਾਲ ਸੁਣਦੇ ਅਤੇ ਸਮਝਦੇ ਹਨ। ਇਹ ਸੱਚਮੁੱਚ ਸਾਡੇ ਸਾਰਿਆਂ ਲਈ ਖੁਸ਼ੀ ਦੀ ਗੱਲ ਹੈ ਕਿ ਸਾਨੂੰ ਭਾਰਤ ਵਿੱਚ ਸ਼੍ਰੀ ਮੋਦੀ ਵਰਗਾ ਵਿਸ਼ਵ ਨੇਤਾ ਮਿਲਿਆ ਹੈ, ਜਿਸ ਨਾਲ ਸਾਰੇ ਵੱਡੇ ਦੇਸ਼ ਅਤੇ ਇੱਥੋਂ ਤੱਕ ਕਿ ਪ੍ਰਮਾਣੂ ਊਰਜਾ ਨਾਲ ਲੈਸ ਵਿਸ਼ਵ ਸ਼ਕਤੀ ਅਮਰੀਕਾ ਵੀ ਜੁੜਨਾ ਚਾਹੁੰਦੇ ਹਨ।

ਸ਼੍ਰੀਮਤੀ ਮੋਨਾ ਜੈਸਵਾਲ ਨੇ ਕਿਹਾ ਕਿ ਪ੍ਰਧਾਨਮੰਤਰੀ ਮੋਦੀ ਤੋਂ ਪਹਿਲਾਂ ਜਦੋਂ ਦੇਸ਼ ਵਿੱਚ ਕਾਂਗਰਸ ਅਤੇ ਯੂ.ਪੀ.ਏ. ਦੀਆਂ ਸਰਕਾਰਾਂ ਸਨ, ਉਸ ਸਮੇਂ ਸਾਡੇ ਦੇਸ਼ ਦਾ ਦੁਨੀਆ ਵਿਚ ਏਨਾ ਮਾਣ-ਸਨਮਾਨ ਵਾਲਾ ਸਥਾਨ ਨਹੀਂ ਸੀ, ਜਿੰਨਾ ਹੁਣ ਸ਼੍ਰੀ ਨਰਿੰਦਰ ਮੋਦੀ ਦੇ ਸਮੇਂ ਵਿਚ ਭਾਰਤ ਨੂੰ ਦੁਨੀਆ ਦੇ ਸਾਰੇ ਦੇਸ਼ਾਂ ਵਿਚ ਮਾਣ-ਸਨਮਾਨ ਮਿਲ ਰਿਹਾ ਹੈ। ਸਾਡੇ ਪ੍ਰਧਾਨ ਮੰਤਰੀ ਨੇ ਜੀ-20 ਸਿਖਰ ਸੰਮੇਲਨ ਨੂੰ ਲੈ ਕੇ 'ਵਸੁਧੈਵ ਕੁਟੁੰਬਕਮ' ਦਾ ਨਾਅਰਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਗਰੁੱਪ ਆਫ ਟਵੰਟੀ (ਜੀ-20) ਅੰਤਰਰਾਸ਼ਟਰੀ ਆਰਥਿਕ ਸਹਿਯੋਗ ਲਈ ਮੁੱਖ ਮੰਚ ਹੈ। ਇਹ ਸਾਰੇ ਪ੍ਰਮੁੱਖ ਅੰਤਰਰਾਸ਼ਟਰੀ ਆਰਥਿਕ ਮੁੱਦਿਆਂ 'ਤੇ ਗਲੋਬਲ ਆਰਕੀਟੈਕਚਰ ਅਤੇ ਸ਼ਾਸਨ ਨੂੰ ਸਥਾਪਤ ਕਰਨ ਅਤੇ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਭਾਰਤ ਮਹਾਨ ਅਗਵਾਈ ਸਮਰੱਥਾ ਦੇ ਨਾਲ 1 ਦਸੰਬਰ 2022 ਤੋਂ 30 ਨਵੰਬਰ 2023 ਤੱਕ ਜੀ-20 ਦੀ ਪ੍ਰਧਾਨਗੀ ਕਰ ਰਿਹਾ ਹੈ। ਸ਼੍ਰੀਮਤੀ ਜੈਸਵਾਲ ਨੇ ਕਿਹਾ ਕਿ ਭਾਰਤ ਇਸ ਸਮੇਂ ਸਾਡੇ ਮਹਾਨ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਯੋਗ ਅਗਵਾਈ ਵਿੱਚ 'ਸੁਨਹਿਰੀ ਦੌਰ' ਵਿੱਚੋਂ ਗੁਜ਼ਰ ਰਿਹਾ ਹੈ। ਉਨ੍ਹਾਂ ਨੇ ਇਸ ਸਫਲ ਸਮਾਗਮ ਦੀ ਮੇਜ਼ਬਾਨੀ ਲਈ 140 ਕਰੋੜ ਦੇਸ਼ਵਾਸੀਆਂ ਨੂੰ ਵਧਾਈਆਂ ਦਿੱਤੀਆਂ।

# ਕੌਮੀ ਲੋਕ ਅਦਾਲਤ ਦੌਰਾਨ 20294 ਕੇਸਾਂ ਦਾ ਨਿਪਟਾਰਾ

## ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰ ਸਕੱਤਰ ਮਨਜਿੰਦਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ

**ਸੰਗਰੂਰ, (ਦਲਜੀਤ ਕੌਰ)** ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ-ਕਮ-ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ. ਐੱਸ. ਨਗਰ ਅਤੇ ਜਸਟਿਸ ਸੰਜੀਵ ਪ੍ਰਕਾਸ਼ ਸ਼ਰਮਾ, ਜੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ-ਕਮ-ਪ੍ਰਬੰਧਕੀ ਜੱਜ, ਸੈਸ਼ਨਜ਼ ਡਵੀਜਨ, ਐੱਸ. ਏ. ਐੱਸ. ਨਗਰ ਦੀਆਂ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਰ- ਜਿੰਦਰ ਸਿੰਘ ਰਾਏ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੀ ਪ੍ਰਧਾਨਗੀ ਅਤੇ ਸ੍ਰੀ ਪੀ.ਐੱਸ. ਕਾਲੇਕਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੀ ਦੇਖ ਰੇਖ ਹੇਠ ਅੱਜ ਜ਼ਿਲ੍ਹਾ ਕਚਹਿਰੀਆਂ, ਸੰਗਰੂਰ ਅਤੇ ਉਪ ਮੰਡਲ ਪੱਧਰ ਸੁਨਾਮ, ਮੂਨਕ, ਧੂਰੀ ਅਤੇ ਮਲੇਰਕੋਟਲਾ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ।




ਇਸ ਮੌਕੇ ਸ੍ਰੀ ਮਨਜਿੰਦਰ ਸਿੰਘ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ. ਏ.ਐੱਸ ਨਗਰ ਵਿਸ਼ੇਸ਼ ਤੌਰ ਤੇ ਪਹੁੰਚੇ, ਉਹਨਾਂ ਵਲੋਂ ਸ੍ਰੀ ਰਜਿੰਦਰ ਸਿੰਘ ਰਾਏ, ਜ਼ਿਲ੍ਹਾ ਤੇ ਸੈਸ਼ਨ ਜੱਜ ਸਾਹਿਬ ਨਾਲ ਜ਼ਿਲ੍ਹਾ ਕੋਰਟ ਕੰਪਲੈਕਸ, ਸੰਗਰੂਰ ਵਿੱਚ ਲਗਾਏ ਗਏ ਸਮੂਹ ਬੈਂਚਾਂ ਦਾ ਦੌਰਾ ਕੀਤਾ ਗਿਆ ਅਤੇ ਪਾਰਟੀਆਂ ਨੂੰ ਆਪਣੇ ਕੇਸਾਂ ਦੇ ਨਿਪਟਾਰੇ ਰਜਾਮੰਦੀ ਨਾਲ ਇਸ ਨੈਸ਼ਨਲ ਲੋਕ ਅਦਾਲਤ ਵਿਚ ਨਿਬੇੜਨ ਲਈ ਉਤਸ਼ਾਹਿਤ ਕੀਤਾ ਗਿਆ।

ਇਸ ਨੈਸ਼ਨਲ ਲੋਕ ਅਦਾਲਤ ਵਿੱਚ ਅਦਾਲਤਾਂ ਵਿੱਚ ਲੰਬਿਤ ਕੇਸ ਅਤੇ ਪ੍ਰੀ-ਲੀਟੀਗੇਟਿਵ (ਅਜਿਹੇ ਝਗੜੇ ਜਿਹੜੇ ਅਜੇ ਅਦਾਲਤਾਂ ਵਿੱਚ ਦਾਇਰ ਨਹੀਂ ਕੀਤੇ ਗਏ ਹਨ) ਕੇਸਾਂ ਦੇ ਨਿਪਟਾਰੇ ਲਈ ਜ਼ਿਲ੍ਹਾ ਪੱਧਰ ਤੇ ਕੁੱਲ 14 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ ਅਤੇ ਉਪ ਮੰਡਲ ਪੱਧਰਾਂ ਤੇ ਕੁੱਲ 07 ਲੋਕ ਅਦਾਲਤ ਬੈਂਚਾਂ ਦਾ ਗਠਨ ਕੀਤਾ ਗਿਆ ਜਿਨ੍ਹਾਂ ਦੀ ਪ੍ਰਧਾਨਗੀ ਨਿਆਂਇਕ ਅਧਿਕਾਰੀ ਸਾਹਿਬਾਨ ਵੱਲੋਂ ਕੀਤੀ ਗਈ। ਲੋਕ ਅਦਾਲਤ ਬੈਂਚਾਂ ਦੇ ਸਹਿਯੋਗ ਲਈ ਹਰ ਲੋਕ ਅਦਾਲਤ ਬੈਂਚ ਵਿੱਚ ਦੋ ਮੈਂਬਰ ਸਾਹਿਬਾਨ ਨੂੰ ਨਾਮਜ਼ਦ ਕੀਤਾ ਗਿਆ ਸੀ।

ਅੱਜ ਦੀ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਸ੍ਰੀ ਰਜਿੰਦਰ ਸਿੰਘ ਰਾਏ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਸੰਗਰੂਰ, ਸ੍ਰੀਮਤੀ ਬਲਜਿੰਦਰ ਸਿੱਧੂ, ਸ੍ਰੀਮਤੀ ਸਾਰੂ ਮਹਿਤਾ, ਸ੍ਰੀ ਬਲਵਿੰਦਰ ਕੁਮਾਰ, ਸ੍ਰੀਮਤੀ ਗਰੀਸ਼ ਅਤੇ ਸ੍ਰੀਮਤੀ ਦੀਪਤੀ ਗੁਪਤਾ, ਮਾਨਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸਹਿਬਾਨ, ਸੰਗਰੂਰ, ਸ੍ਰੀ ਹਰਵਿੰਦਰ ਸਿੰਘ ਸਿੰਧੀਆਂ, ਸਿਵਲ ਜੱਜ (ਸ.ਡ.), ਸ੍ਰੀ ਗੁਰਕ੍ਰਿਪਾਲ ਸਿੰਘ ਸੇਖੋਂ, ਮਾਨਯੋਗ, ਸੀ.ਜੇ.ਐਮ, ਸੰਗਰੂਰ, ਸ੍ਰੀਮਤੀ ਸੁਮਿਤ ਸੱਭਰਵਾਲ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜ਼ਨ), ਮਿਸ ਰਾਜਨਦੀਪ ਕੌਰ, ਸ੍ਰੀ ਮਨੂੰ ਸਿੰਗਲਾ, ਮਿਸ ਨਵਜੋਤ ਕੌਰ ਅਤੇ ਮਿਸ ਰਮਨਦੀਪ ਕੌਰ, ਸਿਵਲ ਜੱਜ (ਜੂਨੀਅਰ ਡੀਵੀਜ਼ਨ) ਅਤੇ ਸ੍ਰੀ ਕੁਲਜੀਤ ਪਾਲ ਸਿੰਘ, ਚੇਅਰਮੈਨ, ਸਥਾਈ ਲੋਕ ਅਦਾਲਤ, ਸੰਗਰੂਰ ਜੀਆਂ ਨੇ ਲੋਕ ਅਦਾਲਤ ਬੈਂਚਾਂ, ਸੰਗਰੂਰ ਤੋਂ ਇਲਾਵਾ ਸ੍ਰੀ ਜ਼ੋਤ ਨਰਿੰਜਨ ਸਿੰਘ ਗਿੱਲ, ਪ੍ਰਧਾਨ, ਕੰਜ਼ੂਮਰ ਫੋਰਮ, ਸੰਗਰੂਰ ਅਤੇ ਸ੍ਰੀ ਸੁਰਿੰਦਰ ਸਿੰਘ ਪਾਲ ਸਿੰਘ, ਤਹਿਸੀਲਦਾਰ, ਰੈਵਨਿਊ ਕੋਰਟ, ਸੰਗਰੂਰ ਦੇ ਬੈਂਚ ਦੀ ਪ੍ਰਧਾਨਗੀ ਕੀਤੀ। ਸ੍ਰੀਮਤੀ ਰੂਪਾ ਧਾਲੀਵਾਲ, ਸ੍ਰੀ ਹਸਨਦੀਪ ਬਾਜਵਾ ਅਤੇ ਸ੍ਰੀ ਹਰਸ਼ਬੀਰ ਸਿੰਘ ਸੰਧੂ, ਸਿਵਲ ਜੱਜ (ਜੂਨੀਅਰ ਡੀਵੀਜ਼ਨ), ਮਲੇਰਕੋਟਲਾ ਜੀਆਂ ਨੇ ਲੋਕ ਅਦਾਲਤ ਬੈਂਚਾਂ, ਮਲੇਰਕੋਟਲਾ ਦੀ ਪ੍ਰਧਾਨਗੀ ਕੀਤੀ, ਇਸ ਤੋਂ ਇਲਾਵਾ ਸ੍ਰੀ ਰਾਮ ਲਾਲ, ਨਾਇਬ ਤਹਿਸੀਲਦਾਰ, ਰੈਵਨਿਊ ਕੋਰਟ, ਮਲੇਰਕੋਟਲਾ ਦੇ ਬੈਂਚ ਦੀ ਪ੍ਰਧਾਨਗੀ ਕੀਤੀ। ਸ੍ਰੀ ਗੁਰਭਿੰਦਰ ਸਿੰਘ ਜੋਹਲ, ਸ੍ਰੀ ਦਲੀਪ ਕੁਮਾਰ, ਮਾਨਯੋਗ ਵਧੀਕ ਸਿਵਲ ਜੱਜ (ਜੂਨੀਅਰ ਡੀਵੀਜ਼ਨ), ਸੁਨਾਮ, ਜੀਆਂ ਨੇ ਲੋਕ ਅਦਾਲਤ ਬੈਂਚ ਸੁਨਾਮ ਦੀ ਪ੍ਰਧਾਨਗੀ ਕੀਤੀ। ਸ੍ਰੀਮਤੀ ਨੇਹਾ ਗੋਇਲ, ਵਧੀਕ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਧੂਰੀ ਨੇ ਲੋਕ ਅਦਾਲਤ ਬੈਂਚ, ਧੂਰੀ ਦੀ ਪ੍ਰਧਾਨਗੀ ਕੀਤੀ। ਸ੍ਰੀਮਤੀ ਇੰਦੂ ਬਾਲਾ, ਵਧੀਕ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਮੂਨਕ ਨੇ ਲੋਕ ਅਦਾਲਤ ਬੈਂਚ, ਮੂਨਕ ਦੀ ਪ੍ਰਧਾਨਗੀ ਕੀਤੀ।

ਅੱਜ ਦੀ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਕੁੱਲ 31269 ਕੇਸ ਨਿਪਟਾਰੇ ਲਈ ਰੱਖੇ ਗਏ ਸਨ ਜਿਨ੍ਹਾਂ ਵਿੱਚੋਂ 20294 ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਗਿਆ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਵੱਲੋਂ ਕੀਤੇ ਗਏ ਇਸ ਨੈਸ਼ਨਲ ਲੋਕ ਅਦਾਲਤ ਦੇ ਪ੍ਰਚਾਰ ਸਦਕਾ ਇਸ ਨੈਸ਼ਨਲ ਲੋਕ ਅਦਾਲਤ ਦੌਰਾਨ 538105618/- ਰੁਪਏ ਦੇ ਅਵਾਰਡ ਪਾਸ ਕੀਤੇ ਗਏ।

ਇਸ ਮੌਕੇ ਤੇ ਸ੍ਰੀ ਮਨਜਿੰਦਰ ਸਿੰਘ, ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ, ਜੀ ਵੱਲੋਂ ਦੱਸਿਆ ਗਿਆ ਕਿ ਨੈਸ਼ਨਲ ਲੋਕ ਅਦਾਲਤ ਵਿੱਚ ਲੋਕਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਭਾਰੀ ਉਤਸ਼ਾਹ ਦਿਖਾਇਆ ਗਿਆ। ਲੋਕ ਅਦਾਲਤ ਦੀ ਮਹੱਤਤਾ ਬਾਰੇ ਦੱਸਦੇ ਹੋਏ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਲੋਕ ਅਦਾਲਤ ਰਾਹੀਂ ਨਿਪਟਾਏ ਗਏ ਕੇਸਾਂ ਵਿੱਚ ਲਗਾਈ ਗਈ ਕੋਰਟ ਫੀਸ ਵਾਪਸ ਕੀਤੀ ਜਾਂਦੀ ਹੈ, ਦੋਵੇ ਧਿਰਾਂ ਦੇ ਧਨ ਅਤੇ ਸਮੇਂ ਦੀ ਬੱਚਤ ਹੁੰਦੀ ਹੈ, ਧਿਰਾਂ ਵਿੱਚ ਆਪਸੀ ਦੁਸ਼ਮਣੀ ਘਟਦੀ ਹੈ ਅਤੇ ਪਿਆਰ ਵਧਦਾ ਹੈ ਅਤੇ ਲੋਕ ਅਦਾਲਤ ਰਾਹੀਂ ਕੀਤੇ ਗਏ ਫੈਸਲੇ ਦੇ ਖਿਲਾਫ ਅੱਗੇ ਕੋਈ ਅਪੀਲ ਨਹੀਂ ਹੁੰਦੀ ਜਿਸ ਨਾਲ ਝਗੜਾ ਹਮੇਸ਼ਾਂ ਲਈ ਖਤਮ ਹੋ ਜਾਂਦਾ ਹੈ।

ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਸਾਹਿਬ ਅਤੇ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਕੇਸਾਂ ਦਾ ਨਿਪਟਾਰਾ ਕਰਵਾ ਕੇ ਛੇਤੀ ਅਤੇ ਸਸਤਾ ਨਿਆਂ ਪ੍ਰਾਪਤ ਕਰੋ।

# ਤਰਕਸ਼ੀਲ ਸੁਸਾਇਟੀ ਵੱਲੋਂ ਕਰਵਾਈ ਗਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਨੂੰ ਭਰਪੂਰ ਹੁੰਗਾਰਾ ਮਿਲਿਆ- ਕੁੱਲੇਵਾਲ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਤਰਕਸ਼ੀਲ ਸੁਸਾਇਟੀ ਪੰਜਾਬ ਰਜਿ ਜੋਨ ਦੀ ਅਹਿਮ ਮੀਟਿੰਗ ਜਥੇਬੰਦਕ ਮੁਖੀ ਸੱਤਪਾਲ ਸਲੋਹ ਅਤੇ ਸੂਬਾ ਕਮੇਟੀ ਮੈਂਬਰ ਮੁਖੀ ਸੱਭਿਆਚਾਰਕ ਵਿਭਾਗ ਤਰਕਸ਼ੀਲ ਸੁਸਾਇਟੀ ਪੰਜਾਬ, ਜੋਗਿੰਦਰ ਕੁੱਲੇਵਾਲ ਜੀ ਦੀ ਅਗਵਾਈ ਵਿੱਚ ਮਲਕੀਤ ਚੰਦ ਮੇਹਲੀ ਹਾਲ ਬੰਗਾ ਵਿਖੇ ਹੋਈ। ਮਾਸਟਰ ਜਗਦੀਸ਼ ਰਾਏ ਪੁਰ ਡੱਬਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੀਟਿੰਗ ਵਿੱਚ ਨਵਾਂਸ਼ਹਿਰ, ਬੰਗਾ,ਰਾਹੋਂ ਅਤੇ ਗੜ੍ਹਸ਼ੰਕਰ ਇਕਾਈਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਪਿਛਲੇ ਦਿਨੀਂ ਹੋਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਅਤੇ ਡਾ.ਨਰਿੰਦਰ ਦਾਬੋਲਕਰ ਦੀ ਸ਼ਹਾਦਤ ਨੂੰ ਸਮਰਪਿਤ ਕਰਵਾਏ ਗਏ ਸੈਮੀਨਾਰ ਦੌਰਾਨ ਰਹੀਆਂ ਕਮੀਆਂ ਪੇਸ਼ੀਆਂ ਅਤੇ ਦਰਸ਼ਕਾਂ ਤੇ ਪਏ ਪ੍ਰਭਾਵ ਸੰਬੰਧੀ ਰੀਵਿਊ ਕੀਤਾ ਗਿਆ।ਸੰਸਥਾ ਦੇ ਆਰਥਿਕ ਹਾਲਾਤ ਸੁਧਾਰਨ ਲਈ ਯਤਨ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਤਰਕਸ਼ੀਲ ਮੈਗਜੀਨ ਅੰਕ ਸਤੰਬਰ - ਅਕਤੂਬਰ



ਦ 425 ਮੈਗਜੀਨ ਇਕਾਈਆਂ ਨੂੰ ਵੰਡੇ ਗਏ। ਮਾਸਟਰ ਰਾਜ ਕੁਮਾਰ ਗੜ੍ਹਸ਼ੰਕਰ, ਬਲਵਿੰਦਰ ਨਵਾਂਸ਼ਹਿਰ, ਬਲਜਿੰਦਰ ਸ਼ਹਿਬਾਜ਼ ਪੁਰ, ਸੁਖਵਿੰਦਰ ਗੋਗਾ ਨੇ ਦੱਸਿਆ ਕਿ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦਾ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਚੰਗਾ ਪ੍ਰਭਾਵ ਗਿਆ ਹੈ।

ਵਿਦਿਆਰਥੀਆਂ ਨੇ ਪ੍ਰੀਖਿਆ ਵਧੀਆ ਤਿਆਰੀ ਕਰਕੇ ਪੂਰੇ ਉਤਸ਼ਾਹ ਨਾਲ ਦਿੱਤੀ। ਸੱਤਪਾਲ ਸਲੋਹ ਨੇ ਦੱਸਿਆ ਇਸ ਵਾਰ ਪਿਛਲੇ ਸਾਲ ਨਾਲੋਂ ਦੁੱਗਣੇ ਵਿਦਿਆਰਥੀਆਂ ਨੇ ਇਹ ਪ੍ਰੀਖਿਆ ਦਿੱਤੀ । ਸਕੂਲਾਂ ਦੇ ਪ੍ਰਿੰਸੀਪਲ ਸਹਿਬਾਨਾਂ ਅਤੇ ਅਧਿਆਪਕ ਸਾਹਿਬਾਨਾ ਵਲੋਂ ਦਿੱਤੇ ਸਹਿਯੋਗ ਦੀ ਉਹਨਾਂ ਨੇ ਬਹੁਤ ਸ਼ਲਾਘਾ ਕੀਤੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਮੁਕੰਦ ਲਾਲ, ਜਸਵੀਰ ਬੇਗਮ ਪੁਰ, ਮਾਸਟਰ ਰਾਮ ਪਾਲ ਰਾਹੋਂ, ਗੁਰਨਾਮ ਗੜ੍ਹਸ਼ੰਕਰ, ਮਾਸਟਰ ਨਰੇਸ਼ ਭੰਮੀਆਂ, ਹਰਜਿੰਦਰ ਸੂੰਨੀ ਆਦਿ ਹਾਜ਼ਰ ਸਨ। ਹਾਜਰ ਸਾਥੀਆਂ ਨੇ ਵਿਚਾਰ-ਵਟਾਂਦਰਾ ਕੀਤਾ ਕਿ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਇਕਾਈਆਂ ਵੱਲੋਂ ਸਮਰੱਥਾ ਅਨੁਸਾਰ ਵੱਖ-ਵੱਖ ਅਗਾਂਹ ਵਧੂ ਸਮਾਜਕ, ਸੱਭਿਆਚਾਰਕ ਸਰਗਰਮੀਆਂ ਕੀਤੀਆਂ ਜਾਣਗੀਆਂ।

# ਕੌਮੀ ਲੋਕ ਅਦਾਲਤ 'ਚ 3481 ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ,ਕੰਵਲਜੀਤ ਸਿੰਘ ਬਾਜਵਾ ਦੀ ਅਗਵਾਈ ਹੇਠ ਅਤੇ ਸੀ.ਜੇ.ਐਮ-ਕਮ- ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਕਮਲਦੀਪ ਸਿੰਘ ਧਾਲੀਵਾਲ ਦੀ ਦੇਖ-ਰੇਖ ਹੇਠ ਜ਼ਿਲ੍ਹਾਂ ਕੋਰਟ ਕੰਪਲੈਕਸ, ਨਵਾਂਸ਼ਹਿਰ ਅਤੇ ਸਬ-ਡਵੀਜ਼ਨ ਕੋਰਟ, ਤਹਿਸੀਲ ਬਲਾਚੌਰ ਵਿਖੇ ਕੌਮੀ ਲੋਕ ਅਦਾਲਤ ਲਗਾਈ ਗਈ। ਇਸ ਮੌਕੇ ਜ਼ਿਲ੍ਹਾ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਕੰਵਲਜੀਤ ਸਿੰਘ ਬਾਜਵਾ ਵੱਲੋਂ ਕੌਮੀ ਲੋਕ ਅਦਾਲਤ ਦੇ ਸਾਰੇ ਬੈਂਚਾਂ ਦਾ ਜ਼ਾਇਜਾ ਲਿਆ ਗਿਆ। ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ 13 ਬੈਚਾਂ ਵੱਲੋ ਵੱਖ-ਵੱਖ ਤਰ੍ਹਾਂ ਦੇ 3796 ਕੇਸਾਂ ਵਿੱਚੋਂ 3481 ਕੇਸਾਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮੌਕੇ 'ਤੇ ਨਿਪਟਾਰਾ ਕਰਦਿਆ 15,48,03,657 ਰੁਪਏ ਦੇ ਅਵਾਰਡ ਸੁਣਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਕੰਵਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਵੱਖ-ਵੱਖ ਕੇਸਾਂ ਦੀ




ਸੁਣਵਾਈ ਲਈ ਜ਼ਿਲ੍ਹਾਂ ਕੋਰਟ ਕੰਪਲੈਕਸ, ਨਵਾਂਸ਼ਹਿਰ ਵਿਖੇ 12 ਬੈਂਚ ਅਤੇ ਸਵ-ਡਵੀਜ਼ਨ, ਬਲਾਚੌਰ ਵਿਖੇ 01 ਬੈਂਚ ਲਗਾਏ ਗਏ। ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਚੇਅਰਮੈਨ ਸਥਾਈ ਲੋਕ ਅਦਾਲਤ (ਜਨ-ਉਪਯੋਗੀ ਸੇਵਾਵਾਂ) ਬਲਵੰਤ ਸਿੰਘ, ਵਧੀਕ ਜ਼ਿਲ੍ਹਾਂ ਤੇ ਸ਼ੈਸਨ ਜੱਜ-1 ਕਰੂਨੇਸ਼ ਕੁਮਾਰ, ਜ਼ਿਲ੍ਹਾਂ ਖਪਤਕਾਰ ਝਗੜਾ ਨਿਵਾਰਣ ਕਮਿਸ਼ਨ ਕੁਲਜੀਤ ਸਿੰਘ, ਸਿਵਲ ਜੱਜ (ਸੀਨੀਅਰ ਡਵੀਜ਼ਨ) ਪਰਮਿੰਦਰ ਕੌਰ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਜਗਬੀਰ ਸਿੰਘ ਮਹਿੰਦੀਰੱਤਾ, ਵਧੀਕ ਸਿਵਲ ਜੱਜ (ਸੀਨੀਅਰ ਡਵੀਜਨ) ਕੋਂਪਲ ਧੰਜਲ, ਸਿਵਲ ਜੱਜ (ਜੂਨੀਅਰ ਡਵੀਜਨ) ਮੋਨਿਕਾ ਚੌਹਾਨ, ਸਿਵਲ ਜੱਜ (ਜੂਨੀਅਰ ਡਵੀਜਨ) ਸਰਵੇਸ਼ ਸਿੰਘ, ਅਤੇ ਸਬ-ਡਵੀਜ਼ਨਲ ਜੁਡੀਸ਼ੀਅਲ ਮੈਜਿਸਟ੍ਰੇਟ ਬਲਾਚੌਰ ਸੁਖਵਿੰਦਰ ਸਿੰਘ ਵੱਲੋ ਇਸ ਕੌਮੀ ਲੋਕ ਅਦਾਲਤ ਵਿੱਚ ਲੱਗੇ ਵੱਖ-ਵੱਖ ਤਰ੍ਹਾਂ ਦੇ ਕੇਸਾਂ ਦਾ ਦੋਵੇ ਧਿਰਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਇਨ੍ਹਾਂ ਬੈਚਾਂ ਦੇ ਨਾਲ ਮੈਂਬਰ ਦੇ ਤੌਰ ਤੇ ਐਡਵੋਕੇਟ ਸ਼ਾਮਲ ਸਨ। ਇਸ ਮੌਕੇ ਜ਼ਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ ਕੰਵਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਦਾ ਵਿਸ਼ੇਸ ਮੰਤਵ ਸਮਝੌਤੇ, ਰਾਜੀਨਾਮੇ ਰਾਹੀ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ, ਤਾਂ ਜੋ ਸਬੰਧਤ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ-ਨਾਲ ਉਨ੍ਹਾਂ ਦੀ ਆਪਸੀ ਦੁਸ਼ਮਣੀ ਵੀ ਘਟਾਈ ਜਾ ਸਕੇ 'ਤੇ ਲੋਕਾਂ ਵਿੱਚ ਆਪਸੀ ਭਾਈਚਾਰੇ ਵਿੱਚ ਪਿਆਰ ਬਣਿਆ ਰਹੇ । ਉਨ੍ਹਾਂ ਕਿਹਾ ਕਿ ਇਸ ਦਾ ਆਮ ਲੋਕਾਂ ਨੂੰ ਵੱਧ ਤੋ ਵੱਧ ਲਾਭ ਲੈਣਾ ਚਾਹੀਦਾ ਹੈ।

# ਲਾਇਨਜ਼ ਕਲੱਬ ਫਗਵਾੜਾ ਅਤੇ ਯੂਨਾਈਟਿਡ ਅਕਾਊਂਟੈਂਟਸ ਐਸੋਸੀਏਸ਼ਨ ਨੇ ਅਧਿਆਪਕਾਂ ਦਾ ਕੀਤਾ ਸਨਮਾਨ

**ਫਗਵਾੜਾ 12 ਸਤੰਬਰ (ਬੀ.ਕੇ.ਰੱਤੂ)–** ਲਾਇਨਜ਼ ਕਲੱਬ ਫਗਵਾੜਾ ਅਤੇ ਯੂਨਾਈਟਿਡ ਅਕਾਊਂਟੈਂਟਸ ਐਸੋਸੀਏਸ਼ਨ ਫਗਵਾੜਾ ਦੇ ਸਾਂਝੇ ਉਪਰਾਲੇ ਤਹਿਤ ਗੁਰੂ ਹਰਗੋਬਿੰਦ ਨਗਰ ਸਥਿਤ ਬਿਗ ਸੇਵਨ ਰੈਸਟੋਰੈਂਟ ਵਿਖੇ ਰਾਸ਼ਟਰੀ ਅਧਿਆਪਕ ਦਿਵਸ ਦੇ ਸਬੰਧ 'ਚ ਸਨਮਾਨ ਸਮਾਗਮ ਕਰਵਾਇਆ ਗਿਆ। ਕਲੱਬ ਦੇ ਸਕੱਤਰ ਬਲਜਿੰਦਰ ਸਿੰਘ ਬਾਂਸਲ ਦੀ ਪ੍ਰਧਾਨਗੀ ਹੇਠ ਯੁਨਾਈਟਿਡ ਅਕਾਉਂਟਸ ਐਸੋਸੀਏਸ਼ਨ ਦੇ ਚੇਅਰਮੈਨ ਅਤੇ ਇਸ ਪ੍ਰੋਜੈਕਟ ਦੇ ਡਾਇਰੈਕਟਰ ਦੇਵ ਕਾਲੀਆ ਦੀ ਦੇਖ-ਰੇਖ




ਹੇਠ ਕਰਵਾਏ ਗਏ ਇਸ ਸਮਾਗਮ ਦੌਰਾਨ ਰਾਸ਼ਟਰਪਤੀ ਐਵਾਰਡ ਨਾਲ ਨਵਾਜੇ ਜਾ ਚੁੱਕੇ ਰਿਟਾ. ਪ੍ਰਿੰਸੀਪਲ ਡਾ. ਕੈਲਾਸ਼ ਭਾਰਦਵਾਜ ਅਤੇ ਉਨ੍ਹਾਂ ਦੀ ਧਰਮ ਪਤਨੀ ਪ੍ਰੋ. ਸਰਲਾ ਭਾਰਦਵਾਜ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਲਾਇਨ ਕਲੱਬ ਅਤੇ ਅਕਾਉਂਟਸ ਐਸੋਸੀਏਸ਼ਨ ਵਲੋਂ ਮੁੱਖ ਮਹਿਮਾਨ ਪ੍ਰਿੰਸੀਪਲ ਕੈਲਾਸ਼ ਭਾਰਦਵਾਜ ਅਤੇ ਪ੍ਰੋ. ਸਰਲਾ ਭਾਰਦਵਾਜ ਤੋਂ ਇਲਾਵਾ ਗੁਰੂ ਨਾਨਕ ਕਾਲਜ ਫਗਵਾੜਾ ਤੋਂ ਸੇਵਾਮੁਕਤ ਪ੍ਰੋ. ਭੁਪਿੰਦਰ ਕੌਰ, ਮਾਸਟਰ ਵਰਿੰਦਰ ਸਿੰਘ ਕੰਬੋਜ, ਅਕਾਉਂਟਸ ਅਧਿਆਪਕ ਰਵਿੰਦਰ ਗੁਲਾਟੀ, ਸੇਂਟ ਜੋਸਫ ਕਾਨਵੈਂਟ ਸਕੂਲ ਦੀ ਮਿਸਟ੍ਰੈਸ ਰਜਨੀ ਸੋਨੀ, ਮਿਸਟ੍ਰੈਸ ਰਸ਼ਮੀ ਗਾਂਧੀ, ਸ਼੍ਰੀ ਮਹਾਵੀਰ ਜੈਨ ਮਾਡਲ ਸੀ.ਸੈ ਸਕੂਲ ਦੇ ਅਧਿਆਪਕ ਪਰਦੀਪ ਸਿੰਘ ਅਤੇ ਸਵਾਮੀ ਸੰਤ ਦਾਸ ਸਕੂਲ ਅਧਿਆਪਕ ਜੀਵਨ ਜੋਤੀ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਯਾਦਗਾਰੀ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਕੈਲਾਸ਼ ਭਾਰਦਵਾਜ ਨੇ ਦੋਵਾਂ ਸੰਸਥਾਵਾਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਧਿਆਪਕ ਇੱਕ ਸੱਭਿਅਕ ਸਮਾਜ ਦੀ ਉਸਾਰੀ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ ਇਸ ਲਈ ਉਨ੍ਹਾਂ ਦੇ ਮਨੋਬਲ ਨੂੰ ਉੱਚਾ ਚੁੱਕਣ ਲਈ ਅਜਿਹੇ ਯਤਨ ਇਕ ਚੰਗਾ ਉਪਰਾਲਾ ਹੈ। ਰਿਟਾ. ਪ੍ਰੋ. ਭੁਪਿੰਦਰ ਕੌਰ ਨੇ ਸਨਮਾਨ ਲਈ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਹੀ ਆਪਣੇ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਦੇ ਨਾਲ-ਨਾਲ ਚੰਗੇ ਸੰਸਕਾਰ ਦੇਣ ਦੀ ਕੋਸ਼ਿਸ਼ ਕੀਤੀ ਅਤੇ ਸੇਵਾਮੁਕਤੀ ਤੋਂ ਬਾਅਦ ਵੀ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੇ ਰਹਿਣਗੇ। ਮਾਸਟਰ ਵਰਿੰਦਰ ਸਿੰਘ ਕੰਬੋਜ ਨੇ ਅਧਿਆਪਕ ਦਿਵਸ ਦੀ ਮਹੱਤਤਾ ਬਾਰੇ ਦੱਸਦਿਆਂ ਭਾਰਤ ਰਤਨ ਡਾ: ਐਸ. ਰਾਧਾਕ੍ਰਿਸ਼ਨਨ ਜਿਨ੍ਹਾਂ ਦੇ ਜਨਮ ਦਿਨ ਨੂੰ ਭਾਰਤ ਸਰਕਾਰ ਵੱਲੋਂ ਅਧਿਆਪਕ ਦਿਵਸ ਵਜੋਂ ਮਾਨਤਾ ਦਿੱਤੀ ਗਈ ਹੈ, ਨੂੰ ਯਾਦ ਕਰਦਿਆਂ ਕਿਹਾ ਕਿ ਸਿੱਖਿਆ ਦੇ ਪ੍ਰਸਾਰ ਵਿੱਚ ਉਨ੍ਹਾਂ ਵੱਲੋਂ ਨਿਭਾਈ ਗਈ ਭੂਮਿਕਾ ਨੇ ਅਧਿਆਪਕਾਂ ਦਾ ਮਾਣ ਨਾ ਸਿਰਫ ਭਾਰਤ ਬਲਕਿ ਸਾਰੀ ਦੁਨੀਆ ਵਿਚ ਵਧਾਇਆ ਹੈ। ਸਮਾਗਮ ਦੌਰਾਨ ਮਾਸਟਰ ਵਰਿੰਦਰ ਸਿੰਘ ਕੰਬੋਜ ਦੀ ਧਰਮ ਪਤਨੀ ਅਤੇ ਸਾਬਕਾ ਕੌਂਸਲਰ ਪਰਮਜੀਤ ਕੌਰ ਕੰਬੋਜ ਦੇ ਜਨਮ ਦਿਨ ਅਤੇ ਲਾਇਨ ਦੇਵ ਕਾਲੀਆ ਅਤੇ ਉਨ੍ਹਾਂ ਦੀ ਪਤਨੀ ਸਪਨਾ ਕਾਲੀਆ ਦੇ ਵਿਆਹ ਦੀ ਵਰ੍ਹੇਗੰਢ ਮੌਕੇ ਕੇਕ ਕੱਟ ਕੇ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ। ਅਖੀਰ ਵਿਚ ਲਾਇਨਜ਼ ਕਲੱਬ ਫਗਵਾੜਾ ਦੇ ਚਾਰਟਰ ਪ੍ਰਧਾਨ ਲਾਇਨ ਸੁਖਵਿੰਦਰ ਸਿੰਘ ਟੈਰੀ ਨੇ ਆਏ ਹੋਏ ਸਾਰੇ ਪਤਵੰਤਿਆਂ ਦਾ ਧੰਨਵਾਦ ਕੀਤਾ। ਸਟੇਜ ਦੀ ਸੇਵਾ ਮਦਨ ਮੋਹਨ ਖੱਟਰ ਨੇ ਬਾਖੂਬੀ ਨਿਭਾਈ। ਇਸ ਮੌਕੇ ਲਾਇਨ ਬੱਲੀ ਰਾਮ ਕੈਸ਼ੀਅਰ, ਲਾਇਨ ਗੁਰਦੇਵ ਸਿੰਘ, ਲਾਇਨ ਹਰਜਿੰਦਰ ਵਿਰਕ, ਲਾਇਨ ਨਵੀਨ ਸ਼ਰਮਾ, ਲਾਇਨ ਸਰਬਜੀਤ ਸਿੰਘ, ਲਾਇਨ ਨਵੀਨ ਸੂਦ, ਲਾਇਨ ਗੁਲਬਹਾਰ ਬੱਤਾ, ਲਾਇਨ ਨਵਜੋਤ ਸਿੰਘ, ਲਾਇਨ ਜਸਵੀਰ ਮਨੀਲਾ, ਗੁਰਿੰਦਰ ਸਿੰਘ ਲਾਡੀ ਤੋਂ ਇਲਾਵਾ ਧਰਮਿੰਦਰ ਸੋਨੀ, ਮਨਜੀਤ ਸਿੰਘ, ਨਵੀਨ ਕੁਮਾਰ, ਸ਼ੇਖਰ ਉੱਪਲ, ਰੋਹਿਤ ਕਾਲੀਆ, ਅੰਜਨਾ ਕਾਲੀਆ, ਚਰਾਗ਼ ਸੋਨੀ ਆਦਿ ਹਾਜ਼ਰ ਸਨ।

# ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਅਤੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਵਲੋਂ 17 ਸਤੰਬਰ ਨੂੰ ਮਾਣਕਪੁਰ ਵਿੱਚ ਕਰਵਾਏ ਜਾ ਰਹੇ ਸਮਾਰੋਹ ਦਾ ਬੈਨਰ ਅਤੇ ਪੋਸਟਰ ਜਾਰੀ ਕੀਤੇ

## ਇਸ ਸਨਮਾਨ ਸਮਾਰੋਹ ਵਿੱਚ ਪ੍ਰਤੀਯੋਗਤਾ ਵਿੱਚ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ ਅਤੇ ਪੂਨਾ ਪੈਕਟ ਦਿਵਸ ਸਬੰਧੀ ਸੈਮੀਨਾਰ ਹੋਵੇਗਾ

ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਪਿੰਡ ਮਾਣਕਪੁਰ ਨੰਗਲ ਅਤੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਵਲੋਂ 17 ਸਤੰਬਰ 2023 ਦਿਨ ਐਤਵਾਰ ਨੂੰ ਸ਼ਾਮ ਛੇ ਵਜੇ ਪ੍ਰਤੀਯੋਗਿਤਾ ਵਿੱਚ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਕਰਵਾਏ ਜਾ ਰਹੇ ਵਿਸ਼ਾਲ ਸਨਮਾਨ ਸਮਾਰੋਹ ਅਤੇ ਪੂਨਾ ਪੈਕਟ ਦਿਵਸ ਸਬੰਧੀ ਸੈਮੀਨਾਰ ਲਈ ਫਲੈਕਸ ਅਤੇ ਪੋਸਟਰ ਸ੍ਰੀ 108 ਸੰਤ ਨਿਰੰਜਨ ਦਾਸ ਮੌਜੂਦਾ ਗੱਦੀ ਨਸ਼ੀਨ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬਲਾਂ ਜਲੰਧਰ ਅਤੇ ਸੰਤ ਗੋਪਾਲਾ ਨੰਦ ਗੱਦੀ ਨਸ਼ੀਨ 108 ਸੰਤ ਗੁਪਤਾ ਨੰਦ ਜੀ ਮਹਾਰਾਜ ਡੇਰਾ ਸ਼੍ਰੀ ਗੁਰੂ ਰਵਿਦਾਸ ਮੱਠ ਪੱਸੀਵਾਲ ਨੰਗਲ ਵੱਲੋਂ ਜਾਰੀ ਕੀਤੇ ਗਏ। ਇਸ ਮੌਕੇ ਹਾਜਰ ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਪਿੰਡ ਮਾਣਕਪੁਰ ਅਤੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਦੇ ਆਗੂਆਂ ਸਰਪੰਚ ਗਿਆਨ ਚੰਦ, ਤੇਜ ਕੁਮਾਰ, ਡਾਕਟਰ ਜੇ ਐਸ ਕਹਿਲ, ਕੁਲਦੀਪ ਚੰਦ, ਪਵਨ ਕੁਮਾਰ ਆਦਿ ਨੇ ਦੱਸਿਆ ਕਿ ਡਾਕਟਰ ਬੀ ਆਰ ਅੰਬੇਡਕਰ ਨੌਜਵਾਨ ਸਭਾ ਪਿੰਡ ਮਾਣਕਪੁਰ ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਨੇ ਮਿਸ਼ਨ ਪੇਅ ਬੈਕ ਟੂ ਸੁਸਾਇਟੀ ਨਾਲ ਮਿਲਕੇ ਪ੍ਰਬੁੱਧ ਭਾਰਤ ਫਾਊਂਡੇਸ਼ਨ ਫ਼ਗਵਾੜਾ ਵਲੋਂ ਮਿਤੀ 27 ਅਗਸਤ ਨੂੰ ਲਿਖਤੀ ਪੇਪਰ ਕਰਵਾਇਆ ਗਿਆ ਸੀ ਜਿਸ ਵਿੱਚ ਨਾਲ ਲੱਗਦੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਪਿੰਡਾਂ ਕਥੇੜਾ, ਦੋਭੇਟਾ, ਮੈਦਾ ਮਾਜਰਾ, ਮੇਘਪੁਰ, ਪੱਟੀ, ਮਾਣਕਪੁਰ, ਰਾਏਪੁਰ, ਸੰਤੋਸ਼ਗੜ੍ਹ ਆਦਿ ਤੋਂ ਲੱਗਭੱਗ 120 ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਉਨ੍ਹਾਂ ਦੱਸਿਆ ਕਿ ਇਹ ਪ੍ਰਤੀਯੋਗਤਾ ਕਰਵਾਉਣ ਦਾ ਮੁੱਖ ਮੰਤਬ ਸਮਾਜ ਦੇ ਰਹਿਬਰਾਂ, ਦੇਸ਼ ਅਤੇ ਸਮਾਜ ਪ੍ਰਤੀ ਜਾਗਰੂਕਤਾ ਵਧਾਉਣਾ ਸੀ। ਉਨ੍ਹਾਂ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਬੱਚਿਆਂ ਲਈ ਉਮਰ ਅਤੇ ਕਲਾਸ ਦੇ ਹਿਸਾਬ ਨਾਲ ਦੋ ਵੱਖ ਵੱਖ ਗਰੁੱਪ ਬਣਾਏ ਗਏ ਹਨ ਅਤੇ ਹਰੇਕ ਗਰੁੱਪ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਰਹਿਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਮਿਤੀ 17 ਸਤੰਬਰ ਦਿਨ ਐਤਵਾਰ ਨੂੰ ਸੈਂਟਰ ਫਾਰ ਅੰਬੇਡਕਰਇਜ਼ਮ ਪਿੰਡ ਮਾਣਕਪੁਰ ਵਿਖੇ ਵਿਸ਼ਾਲ ਸਮਾਗਮ ਕੀਤਾ ਜਾਵੇਗਾ ਅਤੇ ਇਸ ਵਿੱਚ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਇਨਾਮ ਦਿਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਪੂਨਾ ਪੈਕਟ ਦਿਵਸ ਸਬੰਧੀ ਸੈਮੀਨਾਰ ਕਰਵਾਇਆ ਜਾਵੇਗਾ ਜਿਸ ਵਿੱਚ ਵਿਸ਼ਾ ਮਾਹਿਰ ਇਸ ਸਬੰਧੀ ਜਾਗਰੁਕ ਕਰਨਗੇ।







**ਕੁਲਦੀਪ ਚੰਦ, 91-94175-63054**

# ਜਰਖੜ ਖੇਡਾਂ ਦੇ ਬਾਨੀ ਪ੍ਰਧਾਨ ਅਤੇ ਸਿੱਖਿਆ ਬੋਰਡ ਦੇ ਸਾਬਕਾ ਚੇਅਰਮੈਨ ਰਾਜਾ ਹਰਨਰਿੰਦਰ ਸਿੰਘ ਨਹੀਂ ਰਹੇ

**ਲੁਧਿਆਣਾ–** ਜਰਖੜ ਖੇਡਾਂ ਦੇ ਬਾਨੀ ਪ੍ਰਧਾਨ ਅਤੇ ਸਿੱਖਿਆ ਬੋਰਡ ਦੇ ਸਾਬਕਾ ਚੇਅਰਮੈਨ, ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਸਾਬਕਾ ਪ੍ਰਿੰਸੀਪਲ ਰਾਜਾ ਹਰਨਰਿੰਦਰ ਸਿੰਘ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ 91 ਵਰਿਆ ਦੇ ਸਨ। ਓਹ ਆਪਣੇ ਪਿੱਛੇ ਇੱਕ ਬੇਟਾ ,ਇੱਕ ਬੇਟੀ ਅਤੇ ਹੋਰ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ। ਉਹਨਾਂ ਦੀ ਬੇਟੀ ਜਸਲੀਨ ਕੌਰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਮੌਜੂਦਾ ਪ੍ਰਿੰਸੀਪਲ ਹੈ। ਉਹ ਇਸ ਵਕਤ ਆਪਣੀ ਬੇਟੀ ਕੋਲ ਹੀ ਰਹਿੰਦੇ ਸਨ। ਓਹਨਾਂ ਦਾ ਅੰਤਿਮ ਸੰਸਕਾਰ ਜਲੰਧਰ ਵਿਖੇ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਨਮਿੱਤ ਅੰਤਿਮ ਅਰਦਾਸ 19 ਸਤੰਬਰ ਦਿਨ ਮੰਗਲਵਾਰ ਨੂੰ ਦੁਪਹਿਰ 1ਤੋਂ 2 ਵਜੇ ਤੱਕ ਗੁਰਦਵਾਰਾ ਸਿੰਘ ਸਭਾ ਮਾਡਲ ਟਾਊਨ ਜਲੰਧਰ ਵਿਖੇ ਹੋਵੇਗੀ।

ਚੇਅਰਮੈਨ ਰਾਜਾ ਹਰਨਰਿੰਦਰ ਸਿੰਘ ਜਰਖੜ ਦਾ ਜਨਮ 14 ਅਕਤੂਬਰ 1932 ਨੂੰ ਲਾਹੌਰ ਵਿੱਚ ਡਾਕਟਰ ਜਗਨੰਦਨ ਸਿੰਘ ਸਾਬਕਾ ਡਰੈਕਟਰ ਸਿਹਤ ਵਿਭਾਗ ਤੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦਾ ਮੁੱਢਲਾ ਪਾਲਣ ਪੋਸ਼ਣ ਪਿੰਡ ਜਰਖੜ ਵਿਖੇ ਹੋਇਆ। ਸਕੂਲ ਦੀ ਪੜ੍ਹਾਈ ਲਾਹੌਰ ਤੋਂ ਕੀਤੀ ਜਦਕਿ MA ਦੀ ਡਿਗਰੀ ਸਰਕਾਰੀ ਕਾਲਜ ਲੁਧਿਆਣਾ ਤੋਂ 1956 ਵਿੱਚ ਕੀਤੀ । 1958 ਵਿੱਚ ਖਾਲਸਾ ਕਾਲਜ ਲੁਧਿਆਣਾ ਵਿਖੇ ਲੈਕਚਰਾਰ ਵਜੋਂ ਨਿਯੁਕਤ ਹੋਏ। 1959 ਵਿੱਚ ਉਹ ਗੜ੍ਹਦੀਵਾਲਾ ਵਿਖੇ ਪ੍ਰਿੰਸੀਪਲ ਬਣੇ ਫਿਰ 1969 ਵਿੱਚ ਉਹ ਖ਼ਾਲਸਾ ਕਾਲਜ ਨਕੋਦਰ ਵਿਖੇ ਪ੍ਰਿੰਸੀਪਲ ਬਣੇ। 1977 ਵਿੱਚ ਉਹ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪ੍ਰਿੰਸੀਪਲ ਰਹੇ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੋਰ ਵੱਖ ਵੱਖ ਅਹੁਦਿਆਂ ਤੇ ਬਿਰਾਜਮਾਨ ਰਹੇ। 1986 ਤੋਂ 1987 ਤੱਕ ਜਰਖੜ ਖੇਡਾਂ ਦੇ ਪ੍ਰਧਾਨ ਰਹੇ। ਉਹਨਾਂ ਨੇ ਪਿੰਡ ਜਰਖੜ ਦੇ ਸਕੂਲ ਨੂੰ ਅਪਗ੍ਰੇਡ ਕਰਕੇ ਪਹਿਲਾ 10ਵੀ ਫੇਰ 12ਵੀ ਤੱਕ ਬਣਾਇਆ। ਉਹ ਆਪਣੇ ਸਮੇਂ ਦੇ ਕ੍ਰਿਕਟ ਦੇ ਵਧੀਆ ਖਿਡਾਰੀ ਵੀ ਰਹੇ ਹਨ। ਉਹਨਾਂ ਦੇ ਸਤਿਕਾਰ ਯੋਗ ਪਿਤਾ ਡਾਕਟਰ ਜਗਨੰਦਨ ਸਿੰਘ ਸਿਹਤ ਵਿਭਾਗ ਦੇ ਡਾਇਰੈਕਟਰ ਰਹੇ ਹਨ ਉਹਨਾਂ ਨੇ ਪਿੰਡ ਜਰਖੜ ਪ੍ਰਤੀ ਬਹੁਤ ਹੀ ਵਧੀਆ ਸੇਵਾਵਾਂ ਦਿੱਤੀਆਂ ਹਨ। ਚੇਅਰਮੈਨ ਰਾਜਾ ਹਰਨਰਿੰਦਰ ਸਿੰਘ ਦੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟ੍ਰਸਟ ਅਤੇ ਜਰਖੜ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਜਗਦੇਵ ਸਿੰਘ ਜਰਖੜ, ਪ੍ਰਿੰਸੀਪਲ ਰਾਮਦੇਵ, ਸੁਰਜੀਤ ਹਾਕੀ ਸੁਸਾਇਟੀ ਵੱਲੋ ਇਕਬਾਲ ਸਿੰਘ ਸੰਧੂ, ਸੁਰਿੰਦਰ ਸਿੰਘ ਭਾਪਾ, ਅਤੇ ਹੋਰ ਆਗੂਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਉਨ੍ਹਾਂ ਦੀਆਂ ਸਮਾਜ ਪ੍ਰਤੀ ਦਿੱਤੀਆਂ ਸੇਵਾਵਾਂ ਦੀ ਸਲਾਘਾ ਕੀਤੀ।



# ਕਿਸਾਨਾਂ ਦੀ ਆਵਾਜ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਭਗਵੰਤ ਮਾਨ ਸਰਕਾਰ- ਚੀਮਾ

**ਚੰਡੀਗੜ੍ਹ–** ਪੰਜਾਬ ਭਾਜਪਾ ਦੇ ਸੂਬਾ ਜਨਰਲ ਸਕੱਤਰ ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਤੋਂ ਭੱਜ ਚੁੱਕੀ ਹੈ। ਪੰਜਾਬ ਸਰਕਾਰ ਉਲਟਾ ਕਿਸਾਨਾਂ ਦੀ ਆਵਾਜ਼ ਦਬਾਉਣ ਲਈ ਜ਼ਿਆਦਤੀਆਂ ਕਰ ਰਹੀ ਹੈ, ਜੋ ਬਰਦਾਸ਼ਤ ਯੋਗ ਨਹੀਂ ਹੈ। ਉਹਨਾਂ ਕਿਹਾ ਕਿ ਅਜੇ ਤੱਕ ਭਗਵੰਤ ਮਾਨ ਸਰਕਾਰ ਨੇ ਪੰਜਾਬ ਦੇ ਕਿਸਾਨਾ ਨੂੰ ਗੁਲਾਬੀ ਸੁੰਡੀ ਅਤੇ ਗੜੇਮਾਰੀ ਨਾਲ ਬਰਬਾਦ ਹੋਈਆਂ ਫਸਲਾਂ ਦਾ ਮੁਆਵਜ਼ਾ ਨਹੀਂ ਦਿੱਤਾ ਅਤੇ ਨਾਂ ਹੀ ਹੜਾਂ ਨਾਲ ਹੋਏ ਨੁਕਸਾਨ ਦੀ ਕੋਈ ਪੂਰਤੀ ਕੀਤੀ ਹੈ। ਭਗਵੰਤ ਮਾਨ ਵਲੋਂ ਸਿਰਫ ਫੋਕੀ ਬਿਆਨ ਬਾਜ਼ੀ ਕੀਤੀ ਜਾ ਰਹੀ ਹੈ। ਪੰਜਾਬੀਆਂ ਨੂੰ ਸਿਰਫ ਵੱਡੇ ਵੱਡੇ ਝੂਠੇ ਸੁਪਨੇ ਦਿਖਾ ਕੇ ਮੂਰਖ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਸਾਹਿਬ ਕਹਿੰਦੇ ਸਨ ਕਿ ਮਰੀ ਮੁਰਗੀ, ਬੱਕਰੀ ਸਭ ਕੁਝ ਦਾ ਮੁਆਵਜ਼ਾ ਦਿੱਤਾ ਜਾਵੇਗਾ, ਪਰ ਪੰਜਾਬ ਸਰਕਾਰ ਨੇ ਅਜੇ ਤੱਕ ਹੜਾਂ ਨਾਲ ਬਰਬਾਦ ਹੋਈਆਂ ਫਸਲਾਂ, ਨੁਕਸਾਨੇ ਗਏ ਘਰ ਅਤੇ ਹੋਈਆਂ ਮੌਤਾਂ ਦਾ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਹੜਾਂ ਨਾਲ ਹੋਏ ਨੁਕਸਾਨ ਦੀ ਪੂਰਤੀ ਲਈ ਜੋ 218.40 ਕਰੋੜ ਰੁਪਏ ਭੇਜੇ ਸਨ, ਉਹ ਵੀ ਪੰਜਾਬ ਦੇ ਲੋਕਾਂ ਨੂੰ ਨਹੀਂ ਦਿੱਤੇ ਜਾ ਰਹੇ। ਉਹਨਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨੀਆਂ ਜਾਣੀ ਪੰਜਾਬ ਸਰਕਾਰ ਕਿਸਾਨਾਂ ਨਾਲ ਕੀਤੇ ਸਾਰੇ ਵਾਅਦੇ ਤੁਰੰਤ ਪੂਰੇ ਕਰੀ ਗੁਲਾਬੀ ਸੁੰਡੀ, ਗੜੇਮਾਰੀ ਅਤੇ ਹੜਾਂ ਨਾਲ ਹੋਏ ਨੁਕਸਾਨ ਦੀ ਤੁਰੰਤ ਭਰਪਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਦੇ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਹੈ। ਮੁੱਖ ਮੰਤਰੀ ਹੜ ਪੀੜਤਾਂ ਦੀ ਮੱਦਦ ਕਰਨ ਦੀ ਬਜਾਏ ਬਾਹਰਲੇ ਸੂਬਿਆਂ ਵਿੱਚ ਆਮ ਆਦਮੀ ਪਾਰਟੀ ਦੇ ਚੋਣ ਪ੍ਰਚਾਰ ਵਿੱਚ ਮਸਤ ਹਨ, ਜੋ ਕਿ ਬਹੁਤ ਹੀ ਨਿੰਦਨਯੋਗ ਹੈ। ਪੰਜਾਬ ਭਾਜਪਾ ਇਸ ਦੀ ਘੋਰ ਨਿੰਦਾ ਕਰਦੀ ਹੈ।

ਬਿਕਰਮਜੀਤ ਸਿੰਘ ਚੀਮਾ ਨੇ ਮੰਗ ਕੀਤੀ ਕਿ ਹੜਾਂ ਨਾਲ ਜਿੰਨਾਂ ਪਰਿਵਾਰਾਂ ਦਾ ਜਾਨੀ ਨੁਕਸਾਨ ਹੋਇਆ ਹੈ, ਉਹਨਾਂ ਨੂੰ ਪੰਜਾਹ ਲੱਖ ਰੁਪਏ ਮੁਆਵਜ਼ਾ, ਪਰਿਵਾਰ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੀ ਗੁਲਾਬੀ ਸੁੰਡੀ, ਗੜੇਮਾਰੀ ਤੇ ਹੜਾਂ ਨਾਲ ਹੋਏ ਨੁਕਸਾਨ ਲਈ 50000 ਹਜ਼ਾਰ ਰੁਪਏ ਪ੍ਰਤੀ ਏਕੜ ਕਿਸਾਨਾਂ ਨੂੰ ਮੁਆਵਜ਼ਾ ਅਤੇ 10000 ਹਜ਼ਾਰ ਰੁਪਏ ਪ੍ਰਤੀ ਏਕੜ ਖੇਤ ਮਜ਼ਦੂਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ।





## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪੰਜਵੀਂ ਜਮਾਤ ਦੇ ਦਾਖਲੇ ਸਮੇਂ ਬੋਰਡ ਵਲੋਂ ਬੱਚਿਆਂ ਕੋਲੋ ਸਰਟੀਫਿਕੇਟ ਫੀਸਾਂ ਦੇ ਨਾਮ ਤੇ ਉਗਰਾਹੀ ਕਰਨਾ ਲਾਜਮੀ ਸਿੱਖਿਆ ਅਧਿਕਾਰ ਕਨੂੰਨ ਦੀ ਉਲੰਘਣਾ- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ

## ਗਰੀਬ ਬੱਚਿਆਂ ਦੀ ਲੁੱਟ ਤਰੁੰਤ ਰੋਕੇ ਸਰਕਾਰ:- ਸੁਖਵਿੰਦਰ ਸਿੰਘ ਚਾਹਲ



**ਜਲੰਧਰ, ਫਿਲੌਰ, ਅੱਪਰਾ (ਜੱਸੀ)-** ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪੰਜਵੀਂ ਜਮਾਤ ਦੇ ਦਾਖਲੇ ਲਈ ਬੋਰਡ ਦੇ ਸਰਟੀਫਿਕੇਟ ਦੇਣ ਦੀ ਫੀਸ 200 ਰੁਪਏ ਵਸੂਲ ਕਰਨ ਦੀ ਸਖਤ ਨਿਖੇਧੀ ਕੀਤੀ ਹੈ।

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਲੋਂ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਨੂੰ ਪੱਤਰ ਈਮੇਲ ਕਰਕੇ ਮੰਗ ਕੀਤੀ ਹੈ ਕਿ ਇਹ ਸਰਟੀਫਿਕੇਟ ਦੇ ਨਾਮ ਤੇ ਲਈ ਜਾ ਰਹੀ ਫੀਸ ਤਰੁੰਤ ਬੰਦ ਕੀਤੀ ਜਾਵੇ। ਉਹਨਾਂ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਸਰਕਾਰ ਮੁਫ਼ਤ ਸਿੱਖਿਆ ਦਾ ਲੋਕਾਂ ਵਿੱਚ ਪਰਚਾਰ ਕਰ ਰਹੀ ਹੈ ਤੇ ਦੂਸਰੇ ਪਾਸੇ ਗਰੀਬ ਬੱਚਿਆਂ ਕੋਲੋ ਸਰਟੀਫਿਕੇਟ ਫੀਸ ਦੇ ਨਾਮ ਤੇ ਉਗਰਾਹੀ ਕੀਤੀ ਜਾ ਰਹੀ ਹੈ। ਇਸ ਸਮੇਂ ਆਗੂਆਂ ਨੇ ਕਿਹਾ ਕਿ ਪੰਜਵੀਂ ਤੱਕ ਦੇ ਬੱਚਿਆਂ ਕੋਲੋ ਕਿਸੇ ਵੀ ਤਰ੍ਹਾਂ ਦੀ ਫੀਸ ਲੈਣਾ ਲਾਜਮੀ ਸਿੱਖਿਆ ਅਧਿਕਾਰ ਕਨੂੰਨ ਦੀ ਉਲੰਘਣਾ ਹੈ। ਉਹਨਾਂ ਕਿਹਾ ਕਿ ਪਿਛਲੇ ਸਾਲ ਵੀ ਡਿਜੀਟਲ ਤੇ ਹਾਰਡ ਕਾਪੀ ਦੇ ਨਾਮ ਤੇ ਵਸੂਲੀ ਕੀਤੀ ਗਈ।

ਆਗੂਆਂ ਨੇ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਨੂੰ ਪੱਤਰ ਭੇਜ ਕੇ ਤਰੁੰਤ ਦਖਲ ਦੇਣ ਦੀ ਮੰਗ ਕੀਤੀ ।ਇਸ ਸਬੰਧੀ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ , ਸੂਬਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਦੇ ਬਿਆਨ ਨੂੰ ਜਾਰੀ ਕਰਦਿਆਂ ਸੂਬਾਈ ਪ੍ਰੈਸ ਸਕੱਤਰ ਸੁਰਜੀਤ ਸਿੰਘ ਮੋਹਾਲੀ ਕਰਨੈਲ ਫਿਲੌਰ ਆਦਿ ਆਗੂਆਂ ਨੇ ਕਿਹਾ ਬੋਰਡ ਵਲੋਂ ਵਾਧੂ ਫੀਸਾਂ ਰਾਹੀਂ ਕੀਤੀ ਜਾ ਰਹੀ ਵਸੂਲੀ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦੀ ਲੁੱਟ ਹੈ । ਇਸ ਸਮੇਂ ਤੀਰਥ ਸਿੰਘ ਬਾਸੀ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾਂ, ਗੁਰਦੀਪ ਬਾਜਵਾ, ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ਼, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਸੁਖਵਿੰਦਰ ਸਿੰਘ ਮੱਕੜ, ਜਸਵਿੰਦਰ ਸਮਾਣਾ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੋਰੇਵਾਲ, ਦਿਲਦਾਰ ਸਿੰਘ ਭੰਡਾਲ਼, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜ਼ਰ ਸਨ।

****

# ਬੈਰਗਾਮੋ ਵਿਖੇ ਧੰਨ-ਧੰਨ ਨਾਭ ਕੰਵਰ ਰਾਜਾ ਸਾਹਿਬ ਜੀ ਦੀ 83 ਵੀਂ ਬਰਸੀ ਤੇ ਵਿਸ਼ੇਸ਼ ਸਮਾਗਮ ਦਾ ਆਯੋਜਨ

## ਗੁਰਦੁਆਰਾ ਸਾਹਿਬ ਵਿਖੇ ਭਾਰੀ ਗਿਣਤੀ 'ਚ ਸੰਗਤਾਂ ਹੋਈਆਂ ਨਤਮਸਤਕ




**ਰੋਮ (ਇਟਲੀ) ਟੇਕ ਚੰਦ ਜਗਤਪੁਰ, ਦਲਵੀਰ ਕੈਂਥ-** ਅਲੌਕਿਕ ਸ਼ਕਤੀ ਦੇ ਮਾਲਕ, ਰੂਹਾਨੀਅਤ ਦੇ ਮੁਜੱਸਮਾ,ਮਹਾਨ ਪਾਕਿ-ਪਵਿਤਰ ਰੂਹ ਧੰਨ-ਧੰਨ ਨਾਭ ਕੰਵਰ ਰਾਜਾ ਸਾਹਿਬ ਜੀ ਦੀ 83 ਵੀਂ ਬਰਸੀ ਤੇ ਵਿਸ਼ੇਸ਼ ਸਮਾਗਮ ਦਾ ਆਯੋਜਿਨ ਗੁਰਦੁਆਰਾ ਸਿੰਘ ਸਭਾ ਕੌਰਤੇਨੌਵਾ (ਬੈਰਗਾਮੋ) ਵਿਖੇ ਸਮੂੰਹ ਸੰਗਤ ਦੇ ਸਹਿਯੋਗ ਨਾਲ ਕੀਤਾ ਗਿਆ,ਜਿਸ ਵਿਚ ਸੰਗਤਾਂ ਭਾਰੀ ਗਿਣਤੀ ਵਿਚ ਗੁਰਦੁਆਰਾ ਸਾਹਿਬ ਚ ਨਤਮਸਤਕ ਹੋਈਆਂ।ਤਿੰਨ ਦਿਨਾਂ ਚੱਲੇ ਇਸ ਸਮਾਗਮ ਵਿਚ ਪੰਜਾਬ ਤੋ ਉਚੇਚੇ ਤੌਰ ਤੇ ਪਹੁੰਚੇ ਢਾਡੀ ਜਥੇ ਗਿਆਨੀ ਸੁੱਖਨਰੰਜਨ ਸਿੰਘ ਦਾ ਢਾਡੀ ਜਥਾ ਅਤੇ ਢਾਡੀ ਜਥਾ ਗਿਆਨੀ ਜਤਿੰਦਰ ਸਿੰਘ ਨੂਰਪੁਰੀ ਨੇ ਧੰਨ-ਧੰਨ ਸ੍ਰੀ ਨਾਭ ਕੰਵਰ ਰਾਜਾ ਸਾਹਿਬ ਜੀ ਦੀ ਜੀਵਨੀ ਅਤੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ।।ਸ੍ਰੀ ਆਖੰਡ ਪਾਠ ਦੇ ਭੋਗ ਉਪਰੰਤ ਸਮਾਗਮ ਨੂੰ ਸੰਬੋਧਨ ਕਰਦਿਆ ਪ੍ਰਮੁੱਖ ਬੁਲਾਰਿਆ ਨੇ ਕਿਹਾ ਕਿ ਸੰਤਾਂ ਮਹਾਤਮਾਂ ਦੇ ਉਪਦੇਸ਼ ਤੇ ਚੱਲਣ ਲਈ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੁੜ ਕੇ ਜੀਵਨ ਸਫਲ ਬਨਾਉਣਾ ਚਾਹੀਦਾ ਹੈ। ਮਨੁੱਖਤਾਂ ਦੀ ਭਲਾਈ ਲਈ ਆਪਣੀ ਕਿਰਤ ਕਮਾਈ ਵਿਚੋ ਦਸਬੰਧ ਜਰੂਰ ਕੱਡਣੀ ਚਾਹੀਦੀ ਹੈ।ਇਸ ਮੌਕੇ ਪ੍ਰਬੰਧਕ ਕਮੇਟੀ ਵਲੋ ਢਾਡੀ ਜਥੇ ਅਤੇ ਆਈਆਂ ਹੋਈਆਂ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਕਮੇਟੀ ਵਲੋ ਉਚੇਚੇ ਤੌਰ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।ਗੁਰੂ ਦਾ ਲੰਗਰ ਅਟੁੱਟ ਵਰਤਾਇਆ ਗਿਆ।

# ਡੈਮੋਕ੍ਰੇਟਿਕ ਆਸ਼ਾ ਵਰਕਰ ਫੈਸਿਲੀਟੇਟਰ ਯੂਨੀਅਨ ਪਾਸ਼ਟਾਂ ਬਲਾਕ ਦੀ ਹੋਈ ਚੋਣ, ਰੇਸ਼ਮ ਕੌਰ ਪ੍ਰਧਾਨ ਤੇ ਆਸ਼ਮਾ ਸਕੱਤਰ ਬਣੇ




**ਫਗਵਾੜਾ (ਬੀ.ਕੇ.ਰੱਤੂ)-** ਡੈਮੋਕ੍ਰੇਟਿਕ ਆਸ਼ਾ ਵਰਕਰ ਫੈਸਿਲੀਟੇਟਰ ਯੂਨੀਅਨ ਪੰਜਾਬ ਜਿਲਾ ਕਪੂਰਥਲਾ ਦੇ ਬਲਾਕ ਪਾਸ਼ਟਾਂ ਦੀ ਵਿਸ਼ੇਸ਼ ਮੀਟਿੰਗ ਜਥੇਬੰਦੀ ਦੇ ਸੂਬਾ ਪ੍ਰਧਾਨ ਮਨਦੀਪ ਕੌਰ ਬਿਲਗਾ,ਜਿਲਾ ਪ੍ਰਧਾਨ ਕੁਲਵਿੰਦਰ ਕੌਰ,ਦੀ ਦੇਖ ਰੇਖ ਹੇਠ ਕਮੇਟੀ ਘਰ ਫਗਵਾੜਾ ਵਿਖੇ ਕੀਤੀ ਗਈ।ਜਿਸ ਵਿੱਚ ਡੀ ਐਮ ਐਫ ਦੇ ਸੂਬਾ ਆਗੂ ਹਰਿੰਦਰ ਦੁਸਾਂਝ, ਜ਼ਿਲ੍ਹਾ ਆਗੂ ਗੁਰਿੰ- ਦਰਜੀਤ ਸਿੰਘ, ਜਥੇਬੰਦੀ ਦੇ ਆਗੂ ਰਜਿੰਦਰਪਾਲ ਕੌਰ, ਬਲਵਿੰਦਰ ਕੌਰ ਟਿੱਬਾ, ਹਰਵਿੰਦਰ ਕੌਰ ਕਾਲਾ ਸੰਘਿ- ਆਂ, ਕਮਲਜੀਤ ਕੌਰ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਸਰਵਸੰਮਤੀ ਨਾਲ ਬਲਾਕ ਪਾਸ਼ਟਾਂ ਦੀ ਚੋਣ ਕੀਤੀ ਗਈ। ਜਿਸ ਵਿੱਚ ਰੇਸ਼ਮ ਕੌਰ ਨੂੰ ਪ੍ਰਧਾਨ, ਆਸਮਾ ਨੂੰ ਸਕੱਤਰ, ਮਨਜੀਤ ਕੌਰ ਨੂੰ ਵਿੱਤ ਸਕੱਤਰ, ਹਰਵਿੰਦਰ ਕੌਰ ਜਾਇੰਟ ਸਕੱਤਰ,ਰਾਜਦੀਪ ਕੌਰ ਪ੍ਰੈਸ ਸਕੱਤਰ, ਊਸ਼ਾ ਰਾਣੀ ਸਹਾਇਕ ਵਿੱਤ ਸਕੱਤਰ, ਕਮਲਜੀਤ ਕੌਰ ਮੀਤ ਪ੍ਰਧਾਨ,ਅਤੇ ਪਰਮਜੀਤ ਕੌਰ ਤੇ ਸੁਖਵਿੰਦਰ ਕੌਰ ਨੂੰ ਕਾਰਜਕਾਰਨੀ ਮੈਂਬਰ ਚੁਣਿਆ ਗਿਆ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 15 ਸਤੰਬਰ ਨੂੰ ਪਟਿਆਲਾ ਰੈਲੀ ਵਿੱਚ ਪਾਸ਼ਟਾਂ ਬਲਾਕ ਅਤੇ ਕਪੂਰਥਲਾ ਜ਼ਿਲ੍ਹੇ ਵਿੱਚੋ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

# ਲੜਕੀਆਂ ਲਈ 'ਸਾਫਟ ਸਕਿੱਲਜ਼ ਅਤੇ ਪਰਸਨੈਲਿਟੀ ਡਿਵੈਲਪਮੈਂਟ' ਟ੍ਰੇਨਿੰਗ ਵਰਕਸ਼ਾਪ ਦੀ ਸ਼ੁਰੂਆਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਅੱਜ 'ਨਾਂਦੀ ਫਾਊਂਡੇਸ਼ਨਜ਼ ਮਹਿੰਦਰਾ ਪ੍ਰਾਈਡ ਕਲਾਸਰੂਮ' ਦੇ ਸਹਿਯੋਗ ਨਾਲ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ 'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮ ਤਹਿਤ 'ਸਾਫਟ ਸਕਿੱਲਜ਼ ਅਤੇ ਪਰਸਨੈਲਿਟੀ ਡਿਵੈਲਪਮੈਂਟ' 6 ਰੋਜ਼ਾ (ਕੁੱਲ 36 ਘੰਟੇ) ਮੁਫ਼ਤ ਟ੍ਰੇਨਿੰਗ ਵਰਕਸ਼ਾਪ ਦੀ ਸ਼ੁਰੂਆਤ ਕੀਤੀ ਗਈ। ਇਸ ਵਿਸ਼ੇਸ਼ ਟ੍ਰੇਨਿੰਗ ਵਰਕਸ਼ਾਪ ਵਿਚ ਸਰਕਾਰੀ ਕਾਲਜ ਦੀਆਂ 70 ਵਿਦਿਆਰਥਣਾਂ ਹਿੱਸਾ ਲੈ ਰਹੀਆਂ ਹਨ। ਵਰਕਸ਼ਾਪ ਦੀ ਸ਼ੁਰੂਆਤ




ਕਰਦਿਆਂ 'ਨਾਂਦੀ ਫਾਊਂਡੇਸ਼ਨਜ਼ ਮਹਿੰਦਰਾ ਪ੍ਰਾਈਡ ਕਲਾਸਰੂਮ' ਦੇ ਟ੍ਰੇਨਰ ਅੰਜੂ ਜੈਨ ਨੇ ਵਿਦਿਆਰਥਣਾਂ ਨੂੰ ਰੋਜ਼ਗਾਰ ਪ੍ਰਾਪਤ ਕਰਨ ਅਤੇ ਹੁਨਰ ਨੂੰ ਵਿਕਸਤ ਕਰਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ, ਤਾਂ ਜੋ ਉਹ ਆਪਣੇ ਜੀਵਨ ਦੀਆਂ ਔਕੜਾਂ ਨੂੰ ਦੂਰ ਕਰਦਿਆਂ ਕਾਮਯਾਬ ਬਣ ਸਕਣ ਅਤੇ ਰੋਜ਼ਗਾਰ ਪ੍ਰਾਪਤ ਕਰ ਸਕਣ। ਕਰੀਆਰ ਕਾਊਂਸਲਰ ਅਦਿੱਤਿਆ ਰਾਣਾ ਨੇ ਵਿਦਿਆਰਥਣਾਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਵਿਦਿਆਰਥੀ ਜੀਵਨ ਵਿਚ ਉਹ ਪੜ੍ਹਾਈ ਕਰਦਿਆਂ ਕੇਵਲ ਕਿਤਾਬੀ ਗਿਆਨ ਵਿਚ ਹੀ ਨਾ ਉਲਝੀਆਂ ਰਹਿੰਦੀਆਂ ਹਨ ਅਤੇ ਜਦੋਂ ਉਹ ਰੋਜ਼ਗਾਰ ਦੀ ਭਾਲ ਵਿਚ ਜਾਂਦੀਆਂ ਹਨ ਤਾਂ ਉਹ ਸਾਫਟ ਸਕਿੱਲਜ਼ ਅਤੇ ਪਰਸਨੈਲਿਟੀ ਡਿਵੈਲਪਮੈਂਟ ਦੀ ਕਮੀ ਹੋਣ ਕਾਰਨ ਇੰਟਰਵਿਊ ਪਾਸ ਕਰਨ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਲਈ ਪ੍ਰਾਰਥੀਆਂ ਲਈ ਸਾਫਟ ਸਕਿੱਲਜ਼ ਅਤੇ ਪਰਸਨੈਲਿਟੀ ਡਿਵੈਲਪਮੈਂਟ ਦੀ ਟ੍ਰੇਨਿੰਗ ਬੇਹੱਦ ਜ਼ਰੂਰੀ ਹੈ ਅਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਦੇ ਸਵਾਲ ਪੁੱਛੇ ਜਾਂਦੇ ਹਨ, ਕਿਸ ਤਰ੍ਹਾਂ ਇੰਟਰਵਿਊ ਵਿਚ ਬੈਠਣਾ ਹੈ ਅਤੇ ਕਿਸ ਤਰ੍ਹਾਂ ਆਪਣੀ ਡਰੈਸਿੰਗ ਰੱਖਣੀ ਹੈ, ਆਦਿ ਬਾਰੇ ਪਤਾ ਹੋਣਾ ਜ਼ਰੂਰੀ ਹੈ, ਜੋ ਇਸ ਟ੍ਰੇਨਿੰਗ ਵਿਚ ਮੁਹੱਈਆ ਕਰਵਾਈ ਜਾਵੇਗੀ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਗੁਰਮੇਲ ਸਿੰਘ ਨੇ ਕਿਹਾ ਕਿ ਇਸ ਵਰਕਸ਼ਾਪ ਵਿਚ ਆਈਆਂ ਸਾਰੀਆਂ ਵਿਦਿਆਰਥਣਾਂ ਨੂੰ ਇਸ ਮੁਫ਼ਤ ਟ੍ਰੇਨਿੰਗ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਸ 6 ਰੋਜ਼ਾ ਟ੍ਰੇਨਿੰਗ ਤੋਂ ਬਾਅਦ ਵਿਦਿਆਰਥਣਾਂ ਨੂੰ ਇਕ ਸਰਟੀਫਿਕੇਟ ਵੀ ਦਿੱਤਾ ਜਾਵੇਗਾ, ਜੋ ਕਿ ਉਨ੍ਹਾਂ ਨੂੰ ਭਵਿੱਖ ਵਿਚ ਰੋਜ਼ਗਾਰ ਹਾਸਲ ਵਿਚ ਬੇਹੱਦ ਲਾਹੇਵੰਦ ਸਾਬਿਤ ਹੋਵੇਗਾ। ਇਸ ਮੌਕੇ ਪਲੇਸਮੈਂਟ ਅਫ਼ਸਰ ਰਾਕੇਸ਼ ਕੁਮਾਰ, ਵਾਈਸ ਪ੍ਰਿੰਸੀਪਲ ਡਾ. ਜਸਵੀਰਾ ਮਿਨਹਾਸ, ਇੰਚਾਰਜ ਕਰੀਆਰ ਕਾਊਂਸਲਿੰਗ ਤੇ ਪਲੇਸਮੈਂਟ ਸੈੱਲ ਮੈਡਮ ਰੰਜਨਾ ਤੇ ਹੋਰ ਹਾਜ਼ਰ ਸਨ।

# ਪੰਜਾਬੀ ਸੱਭਿਆਚਾਰ ਦੇ ਹੁਸੀਨ ਰੰਗਾਂ ਨੂੰ ਕਨੇਡਾ ਵਿੱਚ ਪ੍ਰਫੁਲਤ ਕਰੇਗੀ ਕਲਾਕਾਰਾਂ ਦੀ ਤਿੱਕੜੀ

## ਲੋਕ ਗਾਇਕ ਸੋਹਣ ਸ਼ੰਕਰ- ਕੁਲਦੀਪ ਚੁੰਬਰ ਅਤੇ ਐਸ ਰਿਸ਼ੀ ਹੋਣਗੇ ਆਪਣੇ ਨਵੇਂ ਗੀਤਾਂ ਰਾਹੀਂ ਸਰੋਤਿਆਂ ਦੇ ਰੂਬਰੂ

**ਕੈਨੇਡਾ (ਵੈਨਕੂਵਰ/ ਸਰੀ)-**ਪੰਜਾਬ ਭਰ ਤੋਂ ਵੱਖ-ਵੱਖ ਪੰਜਾਬੀ ਗਾਇਕ ਸਮੇਂ-ਸਮੇਂ ਤੇ ਪੰਜਾਬੀ ਸੱਭਿਆਚਾਰਕ ਮਾਂ ਬੋਲੀ ਦੀ ਸੇਵਾ ਅਤੇ ਵਿਰਸੇ ਵਿਰਾਸਤ ਨੂੰ ਹੋਰ ਵੀ ਚਾਰ ਚੰਦ ਲਾਉਣ ਲਈ ਇਥੇ ਕਨੇਡਾ ਵਿਚ ਪ੍ਰਵਾਸ ਕਰਦੇ ਰਹਿੰਦੇ ਹਨ ਅਤੇ ਆਪਣੀ ਆਪਣੀ ਕਲਾ ਰਾਹੀਂ ਲੋਕਾਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੁੜਨ ਦਾ ਸੁਨੇਹਾ ਦਿੰਦੇ ਰਹਿੰਦੇ ਹਨ। ਇਸ ਹੀ ਕੜੀ ਅਧੀਨ ਇੱਥੇ ਪੁੱਜੇ ਵੱਖ-ਵੱਖ ਪੰਜਾਬੀ ਲੋਕ ਗਾਇਕ ਜਿਹਨਾਂ ਵਿੱਚ ਸੋਹਣ ਸ਼ੰਕਰ, ਕੁਲਦੀਪ ਚੁੰਬਰ, ਐਸ ਰਿਸ਼ੀ ਨੇ ਵੀ ਪ੍ਰੈਸ ਮੀਡੀਆ ਸਾਹਮਣੇ ਆਪਣੇ ਵਿਚਾਰ ਰੱਖਦੇ ਹੋਏ ਇਹ ਕਿਹਾ ਕਿ




ਉਹ ਵੀ ਬਹੁਤ ਜਲਦ ਇਥੇ ਲੋਕ ਮੇਲਿਆਂ ਰਾਹੀਂ ਸਰੋਤਿਆਂ ਦੇ ਰੂਬਰੂ ਹੋਣਗੇ। ਇਹਨਾਂ ਗਾਇਕਾਂ ਦੀ ਤਿੱਕੜੀ ਨੇ ਕਿਹਾ ਕਿ ਉਨ੍ਹਾਂ ਨੂੰ ਪੰਜਾਬੀ ਸਰੋਤਿਆਂ ਵਲੋਂ ਪਹਿਲਾਂ ਵੀ ਰੱਜਵਾਂ ਪਿਆਰ ਉਹਨਾਂ ਦੇ ਗਾਏ ਪੰਜਾਬੀ ,ਧਾਰਮਿਕ, ਸੂਫ਼ੀ ਅਤੇ ਹੋਰ ਵੱਖ-ਵੱਖ ਰੰਗਾਂ ਦੇ ਗੀਤਾਂ ਰਾਹੀਂ ਮਿਲਦਾ ਰਿਹਾ ਹੈ। ਪੰਜਾਬ ਵਿੱਚ ਲੱਗਣ ਵਾਲੇ ਲੋਕ ਮੇਲਿਆਂ ਵਿੱਚ ਮਿਲਦੇ ਮਾਣ ਸਨਮਾਨ ਅਤੇ ਪਿਆਰ ਮੁਹੱਬਤ ਦੀ ਬਦੌਲਤ ਓਹ ਬਹੁਤ ਹੀ ਜਲਦ ਇਥੇ ਕਨੇਡਾ ਵਿਚ ਆਪਣੇ ਨਵੇਂ ਗੀਤਾਂ ਦੇ ਗੁਲਦਸਤੇ ਰਾਹੀਂ ਭਰਵੀਂ ਹਾਜ਼ਰੀ ਲਗਵਾਉਣਗੇ। ਜਿਕਰਯੋਗ ਹੈ ਕਿ ਇੱਥੋਂ ਦੀ ਮਸਰੂਫ ਜ਼ਿੰਦਗੀ ਦੇ ਹੁਸੀਨ ਰੰਗਾਂ ਨਾਲ ਅਠਖੇਲੀਆਂ ਕਰਦੇ ਇਹ ਵੱਖ ਵੱਖ ਗਾਇਕ ਕਲਾਕਾਰ ਸੋਹਣ ਸ਼ੰਕਰ ਟ੍ਰੈਕ (ਬੱਗੇ ਬੱਗੇ ਬੈਲ ਰੱਖਣੇ) ਲੋਕ ਗਾਇਕ ਐਸ ਰਿਸ਼ੀ, ਟ੍ਰੈਕ (ਜ਼ਿੰਦਗੀ) ਅਤੇ ਗਾਇਕ ਕੁਲਦੀਪ ਚੁੰਬਰ ਟ੍ਰੈਕ (ਨੱਚ ਲੈ ) ਰਾਹੀਂ ਲੋਕ ਕਚਹਿਰੀ ਵਿੱਚ ਪ੍ਰਵਾਨ ਹਨ।

# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਠਾਨਕੋਟ ਵੱਲੋਂ ਅਧਿਆਪਕ ਦਿਵਸ ਨੂੰ ਸਮਰਪਿਤ ਸਮਾਗਮ ਆਯੋਜਿਤ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਦੀ ਅਗਵਾਈ ਹੇਠ ਜ਼ਿਲ੍ਹੇ ' ਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕਰਨ ਲਈ ਅਧਿਆਪਕ ਦਿਵਸ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਸਮਾਗਮ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਵਿਖੇ ਕਰਵਾਇਆ ਗਿਆ। ਜਿਸ ਵਿੱਚ ਜ਼ਿਲ੍ਹੇ ਦੇ ਸੱਤਾਂ ਬਲਾਕਾਂ ਵਿੱਚੋਂ 33 ਅਧਿਆਪਕਾਂ ਨੂੰ ਵਧੀਆ ਸੇਵਾਵਾਂ ਦੇਣ ਲਈ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ।

ਸਮਾਗਮ ਦੌਰਾਨ ਸਨਮਾਨਿਤ ਹੋਣ ਵਾਲੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਮੁੱਖ ਮਹਿਮਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਨੇ ਅਧਿਆਪਕ ਦਿਵਸ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਅਧਿਆਪਕ ਦੀ ਚੰਗਾ ਸਮਾਜ ਸਿਰਜਣ ਵਿੱਚ ਭੂਮਿਕਾ ਬਾਰੇ ਚਾਨਣਾ ਪਾਇਆ। ਉਹਨਾਂ ਅੱਗੇ ਕਿਹਾ ਕਿ ਅਧਿਆਪਕਾਂ ਨੇ ਸਕੂਲਾਂ ਵਿੱਚ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਬੜੀ ਮਿਹਨਤ ਕੀਤੀ ਹੈ ਅਤੇ ਸਰਕਾਰੀ ਸਕੂਲਾਂ ਵਿੱਚ ਦਾਖਲੇ ਲਈ ਲੋਕਾਂ ਦਾ ਝੁਕਾਅ ਵੀ ਵਧਿਆ ਹੈ।

ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਅਤੇ ਵੱਖ-ਵੱਖ ਬੀਪੀਈਓਜ਼ ਨੇ ਕਿਹਾ ਕਿ ਅਧਿਆਪਕ ਹੋਣ ਦਾ ਭਾਵ ਸਿਰਫ਼ ਜਮਾਤ 'ਚ ਵਿਦਿਆਰਥੀਆਂ ਨੂੰ ਸੰਬੋਧਨ ਕਰਨਾ ਜਾਂ ਕਿਤਾਬੀ ਗਿਆਨ ਦੇਣਾ ਹੀ ਨਹੀਂ ਸਗੋਂ ਉਸ ਤੋਂ ਕਿਤੇ ਵੱਧ ਬੱਚਿਆਂ ਨੂੰ ਵਿਚਾਰਸ਼ੀਲ ਅਤੇ ਕਲਪਨਾਸ਼ੀਲ ਬਣਾਉਣਾ ਹੈ ਅਤੇ ਸਮਾਜਿਕ ਚੁਣੌਤੀਆਂ ਦੇ ਨਾਲ ਜੂਝਣ ਲਈ ਤਿਆਰ ਕਰਨਾ ਹੈ।

# ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਨਸ਼ਾ ਵਿਰੋਧੀ ਪ੍ਰਣ ਦਿਵਸ ਦੇ ਤੌਰ ਤੇ ਮਨਾਏਗਾ ਮਜਦੂਰ ਕਿਸਾਨ ਮੋਰਚਾ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਸ਼ਹੀਦ-ਏ-ਆਜਮ ਭਗਤ ਸਿੰਘ ਜੀ ਦਾ ਜਨਮ ਦਿਹਾੜਾ ਨਸ਼ਾ ਵਿਰੋਧੀ ਪ੍ਰਣ ਦਿਵਸ ਦੇ ਤੌਰ 'ਤੇ ਮਨਾਉਣ ਦਾ ਫੈਸਲਾ ਅੱਜ ਸਾਂਝਾ ਕਿਸਾਨ ਮਜਦੂਰ ਮੋਰਚਾ ਯੂਨਿਟ ਬਲਾਚੌਰ ਸ਼ਹਿਰ ਦੀ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦੇ ਹੋਏ ਸਰਦਾਰ ਹਰਪਾਲ ਸਿੰਘ ਮੱਕੋਵਾਲ ਨੇ ਦੱਸਿਆ ਕਿ ਜਥੇਬੰਦੀ ਦੇ ਸ਼ਹਿਰੀ ਯੂਨਿਟ ਨੇ 28 ਸੰਤਬਰ ਨੂੰ ਬਲਾਚੌਰ ਵਿਖੇ ਨਸ਼ਾ ਵਿਰੋਧੀ ਪ੍ਰਣ ਦਿਵਸ ਮੌਕੇ ਇੱਕ ਸੈਮੀਨਾਰ ਦਾ ਅਯੋਜਨ ਕਰਨ ਦਾ ਫੈਸਲਾ ਕੀਤਾ ਹੈ। ਜਿਸਨੂੰ ਉੱਘੇ ਮਾਹਿਰ ਡਾਕਟਰ, ਸਮਾਜ ਸ਼ਾਸ਼ਤਰੀ ਅਤੇ ਜਥੇਬੰਦੀ ਦੇ ਆਗੂ ਸੰਬੋਧਨ ਕਰਨਗੇ। ਇਸ ਮੌਕੇ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜਦੂਰ ਮੋਰਚਾ ਪੰਜਾਬ ਨੇ ਸ਼ਹਿਰੀ ਕਮੇਟੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਦੀਆਂ ਕਿਸਾਨ ਮਜਦੂਰ ਜਥੇਬੰਦੀਆਂ ਨੇ ਨਸ਼ੀਲੇ-ਪਦਾਰਥਾਂ ਦੇ ਕਹਿਰ ਨੂੰ ਰੋਕਣ ਲਈ ਜਨ ਚੇਤਨਾ ਲਹਿਰ ਦਾ ਆਗਾਜ਼ ਕੀਤਾ ਹੈ। ਜਿਸਦੇ ਸਿੱਟੇ ਵਜੋਂ ਪੰਜਾਬ ਵਿਚ



ਨਸ਼ੀਲੇ ਪਦਾਰਥਾਂ ਦੀ ਵੱਡੇ ਪੱਧਰ 'ਤੇ ਪੁਲਿਸ ਵੱਲੋਂ ਬਰਾਮਦਗੀ ਕੀਤੀ ਜਾ ਰਹੀ ਹੈ ਅਤੇ ਵੱਡੀਆਂ ਮੱਛੀਆਂ ਅਤੇ ਕਾਲੀਆਂ ਭੇਡਾਂ ਵਿਰੁੱਧ ਕਾਰਵਾਈ ਅਮਲ ਵਿੱਚ ਆ ਰਹੀ ਹੈ। ਸਾਥੀ ਰਾਣਾ ਨੇ ਕਿਹਾ ਕਿ ਨਸ਼ਾ ਮੁਕਤ ਪੰਜਾਬ ਲਈ ਲੜਾਈ ਕਾਫ਼ੀ ਲੰਬੀ ਅਤੇ ਟੇਡੀ ਹੈ ਕਿਉਂਕਿ ਕੌਮਾਂਤਰੀ ਬਾਰਡਰ ਅਤੇ ਬੰਦਰਗਾਹਾਂ 'ਤੇ ਨਿਗਰਾਨੀ ਕਾਫ਼ੀ ਨਹੀਂ ਹੈ। ਉਹਨਾਂ ਕਿਹਾ ਕਿ ਪੰਜਾਬੀਆਂ ਨੂੰ ਨਸ਼ਿਆਂ ਵਿਰੁੱਧ ਇਤਿਹਾਸਕ ਕਿਸਾਨ ਅੰਦੋਲਨ ਦੀ ਤਰਜ 'ਤੇ ਸੰਘਰਸ਼ ਕਰਨਾ ਪਵੇਗਾ ਅਤੇ ਇਸਦੀ ਪਹਿਲੀ ਸ਼ਰਤ ਜਨ ਚੇਤਨਾ ਅਤੇ ਜਨ ਭਾਗੀਦਾਰੀ ਹੈ। ਉਹਨਾਂ ਸਮੂਹ ਲੋਕਾਂ ਅਤੇ ਰਾਜਨੀਤਕ ਧਿਰਾ ਨੂੰ ਨਸ਼ਿਆਂ ਵਿਰੁੱਧ ਚੱਲ ਰਹੀ ਜਨ ਲਹਿਰ ਦਾ ਹਿੱਸਾ ਬਣਨ ਦੀ ਅਪੀਲ ਕੀਤੀ । ਇਸ ਮੌਕੇ ਮੋਹਨ ਲਾਲ ਕੈਂਥ, ਪਰਸ਼ੋਤਮ ਸਿੰਘ ਮਹਿੰਦੀਪੁਰ, ਮਨੋਹਰ ਲਾਲ, ਡਾ. ਭਾਣਾ, ਬੂਟਾ ਮੁਹੰਮਦ, ਚੰਨਣ ਸਿੰਘ, ਰਾਏ ਸਿੰਘ ਰਾਣਾ, ਕਰਨੈਲ ਸਿੰਘ ਭੱਲਾ, ਹਰਦੀਪ ਸਿੰਘ ਗਹੂੰਣ, ਸੂਬੇਦਾਰ ਫਤਿਹ ਸਿੰਘ ਅਤੇ ਅਮ੍ਰਿਤਪਾਲ ਸਿੰਘ ਨੇ ਵੀ ਵਿਚਾਰ ਪੇਸ਼ ਕੀਤੇ ।

# ਕੌਮੀ ਯੋਗਾ ਮੁਕਾਬਲਿਆਂ ਦੇ ਦੂਜੇ ਦਿਨ ਵਿਦਿਆਰਥੀਆਂ ਵੱਲੋਂ ਯੋਗਾ ਦਾ ਸ਼ਾਨਦਾਰ ਪ੍ਰਦਰਸ਼ਨ

## ਦੇਸ਼ ਭਰ ਦੇ ਜਵਾਹਰ ਨਵੋਦਿਆ ਵਿਦਿਆਲਿਆਂ ਦੇ 335 ਵਿਦਿਆਰਥੀ ਲੈ ਰਹੇ ਹਨ ਭਾਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**- ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿੱਚ ਦੇਸ਼ ਦੇ 649 ਜਵਾਹਰ ਨਵੋਦਿਆ ਵਿਦਿਆਲਿਆਂ ਦੇ 335 ਵਿਦਿਆਰਥੀ ਦੇ ਤਿੰਨ ਰੋਜਾ ਕੌਮੀ ਯੋਗਾ ਮੁਕਾਬਲਿਆਂ ਦੇ ਦੂਜੇ ਦਿਨ ਵਿਦਿਆਰਥੀਆਂ ਵੱਲੋਂ ਯੋਗਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਕਲਾਤਮਿਕ ਯੋਗਾ ਮੁਕਾਬਲਿਆਂ ਵਿੱਚ 14 ਸਾਲ ਵਰਗ ਲੜਕਿਆਂ ਵਿਚ ਦੀਵਾਂਸ਼ੂ (ਲਖਨਊ ਰੀਜਨ) ਨੇ ਪਹਿਲਾ, ਮਯੰਕ ਕੁਮਾਰ (ਪਟਨਾ ਰੀਜਨ) ਨੇ ਦੂਜਾ, ਨਾਤਿਕ (ਜੈਪੁਰ ਰੀਜਨ) ਨੇ ਤੀਜਾ, 14 ਸਾਲ ਵਰਗ ਦੀਆਂ ਲੜਕੀਆਂ ਅਸ਼ਿਤਾ ਗੁਪਤਾ (ਲਖਨਊ ਰੀਜਨ) ਨੇ ਪਹਿਲਾ, ਵਿਸ਼ਨੂੰ ਪ੍ਰਿਯਾ (ਹੈਦਰਾਬਾਦ ਰੀਜਨ) ਨੇ ਦੂਜਾ ਅਤੇ ਮਹਿਮਾ ਚੌਧਰੀ (ਜੈਪੁਰ ਰੀਜਨ) ਨੇ ਤੀਜਾ ਸਥਾਨ ਹਾਸਲ ਕੀਤਾ। 17 ਸਾਲ ਵਰਗ ਦੇ ਲੜਕਿਆਂ ਵਿੱਚੋਂ ਰਕੇਸ਼ ਮਾਨਾ (ਪਟਨਾ ਰੀਜਨ) ਨੇ ਪਹਿਲਾ, ਐਸ ਜਸਵਥ ਸਾਏ (ਹੈਦਰਾਬਾਦ ਰੀਜਨ) ਨੇ ਦੂਜਾ, ਅਰਮਾਨ (ਲਖਨਊ ਰੀਜਨ) ਨੇ ਤੀਜਾ ਅਤੇ 17 ਸਾਲ ਵਰਗ ਲੜਕੀਆਂ ਵਿੱਚੋਂ ਪ੍ਰੀਤੀ ਰਨਬਿਦਾ (ਭੋਪਾਲ ਰੀਜਨ) ਨੇ ਪਹਿਲਾ, ਜਯੋਤਿਕਾ ਕੁਮਾਰੀ (ਪਟਨਾ ਰੀਜਨ) ਨੇ ਦੂਜਾ ਅਤੇ ਸ਼ਾਨਵੀ ਯਾਦਵ (ਲਖਨਊ ਰੀਜਨ) ਨੇ ਤੀਜਾ ਸਥਾਨ



ਹਾਸਲ ਕਰਕੇ ਜਿੱਤ ਦੇ ਝੰਡੇ ਗੱਡੇ। ਰਵਾਇਤੀ ਯੋਗਾ ਆਸਨਾਂ ਦੇ ਟੀਮਾਂ ਦੇ ਮੁਕਾਬਲਿਆਂ ਵਚਿ 14 ਸਾਲ ਵਰਗ ਦੇ ਲੜਕਿਆਂ ਵਿੱਚੋਂ ਲਖਨਊ ਰੀਜਨ ਪਹਿਲੇ, ਭੋਪਾਲ ਰੀਜਨ ਦੂਜੇ ਅਤੇ ਜੈਪੁਰ ਰੀਜਨ ਤੀਜੇ, 14 ਸਾਲ ਵਰਗ ਦੀਆਂ ਲੜਕੀਆਂ ਵਿੱਚੋਂ ਭੋਪਾਲ ਰੀਜਨ ਪਹਿਲੇ, ਜੈਪੁਰ ਰੀਜਨ ਦੂਜੇ ਅਤੇ ਲਖਨਊ ਰੀਜਨ ਤੀਜੇ ਸਥਾਨ 'ਤੇ ਰਹੇ।

ਰਵਾਇਤੀ ਯੋਗਾ ਆਸਣਾਂ ਦੇ ਟੀਮਾਂ ਦੇ ਮੁਕਾਬਲਿਆਂ ਵਿਚ 17 ਸਾਲ ਵਰਗ ਦੇ ਲੜਕਿਆਂ ਵਿੱਚੋਂ ਲਖਨਊ ਰੀਜਨ ਪਹਿਲੇ, ਭੋਪਾਲ ਦੂਜੇ ਅਤੇ ਪਟਨਾ ਰੀਜਨ ਤੀਜੇ, 17 ਸਾਲ ਵਰਗ ਦੀਆਂ ਲੜਕੀਆਂ ਵਿੱਚੋਂ ਭੋਪਾਲ ਰੀਜਨ ਪਹਿਲੇ, ਪਟਨਾ ਰੀਜਨ ਦੂਜੇ ਅਤੇ ਜੈਪੁਰ ਰੀਜਨ ਤੀਜੇ ਸ਼ਥਾਨ 'ਤੇ ਰਹੇ।

ਪ੍ਰਿੰਸੀਪਲ ਰੰਜੂ ਦੁੱਗਲ ਨੇ ਜਾਣਕਾਰੀ ਦਿੱਤੀ ਕਿ ਇਸ ਮੌਕੇ ਨਵੋਦਿਆ ਵਿਦਿਆਲਿਆ ਸਮਿਤੀ ਖੇਤਰੀ ਦਫ਼ਤਰ ਚੰਡੀਗੜ੍ਹ ਦੇ ਸਹਾਇਕ ਕਮਿਸ਼ਨਰ ਸੰਤੋਸ਼ ਸ਼ਰਮਾ, ਅਨੀਤਾ ਕੁਮਾਰੀ, ਆਰ. ਕੇ ਵਰਮਾ, ਡੀ ਡੀ ਸ਼ਰਮਾ, ਵੱਖ-ਵੱਖ ਜਵਾਹਰ ਨਵੋਦਿਆ ਵਿਦਿਆਲਿਆਂ ਦੇ ਪ੍ਰਿੰਸੀਪਲ ਐਸ. ਡੀ. ਸ਼ਰਮਾ, ਰਵਿੰਦਰ ਕੁਮਾਰ, ਰਵਿੰਦਰ ਸਿੰਘ, ਨਿਸ਼ੀ ਗੋਇਲ, ਸੁਨੀਤਾ, ਦਿਨੇਸ਼ ਸਰਸਵਤ, ਟੀਮਾਂ ਦੇ ਮੈਨੇਜਰ, ਸੀਨੀਅਰ ਅਧਿਆਪਕ ਸੰਜੀਵ ਕੁਮਾਰ ਤੋਂ ਇਲਾਵਾ ਵੱਖ-ਵੱਖ ਸਕੂਲਾਂ ਤੋਂ ਆਏ ਅਤੇ ਨਵੋਦਿਆ ਫਲਾਹੀ ਦੇ ਸਟਾਫ ਮੈਂਬਰ ਹਾਜ਼ਰ ਸਨ।।







# 'ਨੈਕ' ਦੇ ਮੂਲਾਂਕਨ 'ਚ ਖਾਲਸਾ ਕਾਲਜ ਗੜ੍ਹਸ਼ੰਕਰ ਦਾ ਸ਼ਾਨਦਾਰ ਪ੍ਰਦਰਸ਼ਨ

## ਬੀ++ ਗ੍ਰੇਡ ਹਾਸਿਲ, ਪ੍ਰਧਾਨ ਸ਼੍ਰੋਮਣੀ ਕਮੇਟੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਵਧਾਈ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਦੀਆਂ ਉੱਚ ਵਿਦਿਅਕ ਸੰਸਥਾਵਾਂ ਦਾ ਮੂਲਾਂਕਣ ਕਰਨ ਸੰਬੰਧੀ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ ਸਥਾਪਤ ਰਾਸ਼ਟਰੀ ਮੂਲਾਂਕਣ ਅਤੇ ਮਾਨਤਾ ਪ੍ਰੀਸ਼ਦ ਸੰਸਥਾ (ਨੈਕ) ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਕੀਤੇ ਗਏ ਦੋ ਦਿਨਾਂ ਨਿਰੀਖਣ ਵਿਚ ਕਾਲਜ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ ਹੈ। ਜਿਥੇ ਕਾਲਜ ਵਲੋਂ 2 ਵਾਰ ਕਰਵਾਏ ਗਏ 'ਨੈਕ' ਦੇ ਮੁਲਾਕਣ ਵਿਚ 'ਬੀ' ਗ੍ਰੇਡ ਹਾਸਿਲ ਕੀਤਾ ਜਾ ਚੁੱਕਾ ਹੈ ਤੇ ਉਥੇ ਇਸ ਵਾਰ ਕਾਲਜ ਨੇ 'ਨੈਕ' ਮੁਲਾਂਕਣ ਵਿਚ ਪਹਿਲਾ ਨਾਲੋਂ ਬੇਹਤਰ ਪ੍ਰਦਰਸ਼ਨ ਕਰਦੇ ਹੋਏ 'ਬੀ++' (ਬੀ ਪਲੱਸ ਪਲੱਸ) ਦਾ ਗ੍ਰੇਡ ਹਾਸਿਲ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਨੇ ਕਾਲਜ ਨੂੰ 'ਨੈਕ' ਮੁਲਾਂਕਣ ਵਿਚ 'ਬੀ++' ਗ੍ਰੇਡ ਆਉਣ 'ਤੇ ਸਟਾਫ਼ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਭਵਿੱਖ ਵਿਚ ਹੋਰ ਬੇਹਤਰੀਨ ਕਾਰਗੁਜ਼ਾਰੀ ਲਈ ਸ਼ੁਭ ਇਛਾਵਾਂ ਦਿੱਤੀਆਂ। ਇਸ ਸਬੰਧੀ ਕਾਲਜ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਗਿਆ ਜਿਸ ਮੌਕੇ ਡਾ. ਅਮਨਪ੍ਰੀਤ ਸਿੰਘ ਸਹਾਇਕ ਡਾਇਰੈਕਟਰ 'ਡਾਇਰੈਕਟੋਰੇਟ ਆਫ਼ ਐਜੂਕੇਸ਼ਨ' ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਇਸ ਮੌਕੇ ਡਾ. ਅਮਨਪ੍ਰੀਤ ਸਿੰਘ ਨੇ 'ਨੈਕ' ਦੇ ਮੁਲਾਂਕਣ ਲਈ ਸਮੁੱਚੇ ਸਟਾਫ਼ ਵਲੋਂ ਪਿਛਲੇ ਸਾਲਾਂ ਤੋਂ ਨਿਭਾਈ ਜਾ ਰਹੀ ਭੂਮਿਕਾ ਦੀ ਸਰਾਹਨਾ ਕਰਦਿਆਂ ਵਧਾਈ ਦਿੱਤੀ ਤੇ ਭਵਿੱਖ ਵਿਚ ਹੋਰ ਚੰਗਾ ਪ੍ਰਦਰਸ਼ਨ ਕਰਨ ਲਈ ਨੁਕਤੇ ਸਾਂਝੇ ਕੀਤੇ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਸਿੰਘ ਨੇ 'ਨੈਕ' ਮੁਲਾਂਕਣ ਦੌਰਾਨ ਕਾਲਜ ਮੈਨੇਜਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਦਾਰੇ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕਰਦੇ ਹੋਏ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਉਨ੍ਹਾਂ ਕਿਹਾ ਕਿ ਭਵਿੱਖ ਵਿਚ ਅਦਾਰੇ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਸਮੂਹ ਸਟਾਫ਼ ਦੇ ਸਹਿਯੋਗ ਨਾਲ ਯਤਨ ਕੀਤੇ ਜਾਣਗੇ। ਇਸ ਮੌਕੇ ਨੈਕ ਕੋ-ਆਰਡੀਨੇਟਰ ਪ੍ਰੋ. ਕੰਵਰ ਕੁਲਵੰਤ ਸਿੰਘ, ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਹੋਏ।

# ਬਸਪਾ ਸੂਬਾ ਸਕੱਤਰ ਸ਼੍ਰੀ ਓਂਕਾਰ ਝੰਮਟ ਦਾ ਚਲੇ ਜਾਣਾ ਪਾਰਟੀ ਨੂੰ ਵੱਡਾ ਘਾਟਾ



ਬਸਪਾ ਦੇ ਸੂਬਾ ਸਕੱਤਰ ਸ਼੍ਰੀ ਓਂਕਾਰ ਝੰਮਟ ਜੀ ਅਚਨਚੇਤ ਅਕਾਲ ਚਲਾਣਾ ਕਰ ਗਏ। ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਸ਼੍ਰੀ ਓਂਕਾਰ ਝੰਮਟ ਜੀ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਕੁਦਰਤ ਪਰਿਵਾਰ, ਰਿਸ਼ਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਸ਼੍ਰੀ ਓਂਕਾਰ ਝੰਮਟ ਜੀ ਦੇ ਚਲੇ ਜਾਣ ਨਾਲ ਬਹੁਜਨ ਅੰਦੋਲਨ ਨੂੰ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ ਹੈ। ਸਤੰਬਰ ਮਹੀਨੇ ਦੀ ਮੀਟਿੰਗ ਹੁਣ ਮਿਤੀ 14/09/2023, ਦਿਨ ਵੀਰਵਾਰ* ਨੂੰ ਪਹਿਲਾਂ ਦੀ ਤਰ੍ਹਾਂ ਹੀ ਪਾਰਟੀ ਦੇ ਸੂਬਾ ਦਫਤਰ ਜਲੰਧਰ, ਮਾਨਿਆਵਰ ਕਾਂਸ਼ੀ ਰਾਮ ਜੀ ਭਵਨ ਵਿਖੇ, ਦਿੱਤੇ ਸਮੇਂ ਸਵੇਰੇ 11.00 ਵਜੇ ਨੂੰ ਪਹਿਲਾਂ ਦਿੱਤੇ ਨੁਕਤਿਆਂ ਅਨੁਸਾਰ ਹੀ ਹੋਵੇਗੀ।

**– ਜਸਵੀਰ ਸਿੰਘ ਗੜ੍ਹੀ, ਸੂਬਾ ਪ੍ਰਧਾਨ**

ਅਦਾਰਾ 'ਦੇਸ਼ ਦੁਆਬਾ' ਸ਼੍ਰੀ ਓਂਕਾਰ ਝੰਮਟ ਦੇ ਅਚਨਚੇਤ ਅਕਾਲ ਚਲਾਣੇ ਤੇ ਗਹਿਰਾ ਦੁੱਖ ਪ੍ਰਗਟ ਕਰਦਾ ਹੈ।

# ਦੇਸ ਰਾਜ ਕਾਲੀ ਯਾਦਗਾਰੀ ਸਮਾਗਮ ਨੇ ਲਿਆ ਅਹਿਦ, ਰਚਨਾਵਾਲੀ ਅਤੇ ਉਸ ਦੀਆਂ ਪੈੜਾਂ ਸਾਂਭਣਾ ਸਮੇਂ ਦੀ ਲੋੜ

**ਜਲੰਧਰ–** ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਉੱਘੇ ਲੇਖਕ, ਪੱਤਰਕਾਰ, ਕਹਾਣੀਕਾਰ, ਨਾਵਲਕਾਰ, ਸਾਹਿਤਕ, ਸਭਿਆਚਾਰਕ ਅਤੇ ਜਮਹੂਰੀ ਕਾਮੇ ਦੇਸ ਰਾਜ ਕਾਲੀ ਦੀ ਯਾਦ 'ਚ ਅੱਜ ਗੁਰਦੁਆਰਾ ਅਰਬਨ ਅਸਟੇਟ ਫੇਜ਼ 2 ਵਿਖੇ ਅੰਤਿਮ ਅਰਦਾਸ ਉਪਰੰਤ ਸ਼ਰਧਾਂਜ਼ਲੀ ਸਮਾਗਮ ਕਰਕੇ ਉਹਨਾਂ ਦੀ ਕਰਨੀ ਨੂੰ ਸਿਜਦਾ ਕੀਤਾ ਗਿਆ। ਦੱਬੇ ਕੁਚਲੇ ਲੋਕਾਂ ਦੀ ਜ਼ਿੰਦਗੀ 'ਚ ਮੂਲੋਂ ਤਬਦੀਲੀ ਲਿਆ ਕੇ ਉਸਨੂੰ ਉਸਨੂੰ ਖ਼ੂਬਸੂਰਤ ਬਣਾਉਣ ਲਈ ਕਲਮਾਂ ਦਾ ਸਫ਼ਰ ਜਾਰੀ ਰੱਖਣ ਦਾ ਪੰਡਾਲ ਵੱਲੋਂ ਅਹਿਦ ਲਿਆ ਗਿਆ।

ਇਸ ਸਮਾਗਮ 'ਚ ਪੰਜਾਬ ਦੇ ਮੰਨੇ-ਪ੍ਰਮੰਨੇ ਸਾਹਿਤਕਾਰ, ਲੇਖਕ, ਕਹਾਣੀਕਾਰ, ਆਲੋਚਕ, ਕਵੀ, ਬੁੱਧੀਮਾਨ, ਨਾਵਲਕਾਰ, ਸਮਾਜ ਸੇਵੀ, ਚਿੰਤਨਸ਼ੀਲ ਅਤੇ ਸੰਘਰਸ਼ਸ਼ੀਲ ਜੱਥੇਬੰਦੀਆਂ ਅਤੇ ਸੰਗਰਾਮ ਦੀਆਂ ਜਾਣੀਆਂ-ਪਹਿਚਾਣੀਆਂ ਸਖਸ਼ੀਅਤਾਂ ਸ਼ਾਮਲ ਹੋਈਆਂ। ਉਹਨਾਂ ਸਭਨਾਂ ਨੇ ਦੇਸ ਰਾਜ ਕਾਲੀ ਦੀ ਜੀਵਨ ਸਾਥਣ ਅੰਜਲੀ, ਬੇਟੀਆਂ ਯੂਨੀਸ਼ ਗੱਪੂ, ਸ਼ਾਲੂ ਸ਼ਿਵਾਲਿਕਾ ਅਤੇ ਬੇਟੇ ਕਰਨ ਨਾਲ ਦੁੱਖ ਸਾਂਝਾ ਕੀਤਾ।

ਸਮਾਗਮ ਨੂੰ ਕਵੀ ਡਾ. ਸੁਰਜੀਤ ਪਾਤਰ, ਵਿਦਵਾਨ ਡਾ. ਸੁਖਦੇਵ ਸਿਰਸਾ, ਡਾ. ਸਰਬਜੀਤ ਸਿੰਘ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਆਰ.ਐਮ.ਪੀ.ਆਈ ਦੇ ਆਗੂ ਮੰਗਤ ਰਾਮ ਪਾਸਲਾ, ਵਿਦਵਾਨ ਲੇਖਕ ਆਲੋਚਕ ਡਾ. ਮਨ-ਮੋਹਨ, ਚਰਨਜੀਤ ਸਿੰਘ ਅਟਵਾਲ, ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ, ਐਸ.ਸੀ.ਐਸ.ਟੀ. ਕਮਿਸ਼ਨ ਦੇ ਸਾਬਕਾ ਚੇਅਰਮੈਨ ਰਾਜੇਸ਼ ਥਾਪਾ, ਉੱਘੇ ਪੱਤਰਕਾਰ ਜਤਿੰਦਰ ਪੰਨੂ, ਯਾਦਵਿੰਦਰ ਕਰਫਿਊ, ਦੀਪਕ ਬਾਲੀ ਨੇ ਸੰਬੋਧਨ ਕੀਤਾ। ਇਸ ਮੌਕੇ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਡਾ. ਸੇਵਾ ਸਿੰਘ, ਪ੍ਰੋ. ਸੁਰਜੀਤ ਜੱਜ, ਹਰਵਿੰਦਰ ਭੰਡਾਲ, ਨਾਮਵਰ ਖੋਜੀ ਲੇਖਕ ਕਿਰਪਾਲ ਕਜ਼ਾਕ, ਹਰਮੀਤ ਵਿਦਿਆਰਥੀ, ਅਜਮੇਰ ਸਿੰਘ ਸਿੱਧੂ, ਸ਼ਬਦੀਸ਼, ਤਸਕੀਨ, ਡਾ. ਅਰਵਿੰਦਰ ਕੌਰ ਕਾਕੜਾ, ਸੀਤਲ ਸਿੰਘ ਸੰਘਾ, ਡਾ. ਜਸਪਾਲ ਸਿੰਘ, ਸੰਤ ਪ੍ਰਦੀਪ ਗਿਰੀ, ਨਵਾਂ ਜ਼ਮਾਨਾ ਦੇ ਟਰੱਸਟੀ ਐਡਵੋਕੇਟ ਰਾਜਿੰਦਰ ਮੰਡ, ਪੈਰਾ ਮੈਡੀਕਲ ਦੇ ਆਗੂ ਡਾ. ਇੰਦਰਜੀਤ ਸਿੰਘ ਗਿੱਲ, ਮੋਹਣ ਲਾਲ ਫਿਲੌਰੀਆ, ਸੁਸ਼ੀਲ ਦੁਸਾਂਝ, ਡਾ. ਕਰਮਜੀਤ, ਸਤਪਾਲ ਭੀਖੀ, ਡਾ. ਕੁਲਦੀਪ ਦੀਪ, ਡਾ. ਅਨੂਪ ਸਿੰਘ, ਡਾ. ਦਰਸ਼ਨ ਬੁੱਟਰ ਅਤੇ ਮਦਨ ਵੀਰਾ ਆਦਿ ਸੈਂਕੜੇ ਲੋਕਾਂ ਨੇ ਦੇਸ ਰਾਜ ਕਾਲੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸਾਹਿਤ ਅਕਾਦਮੀ ਦੀ ਤਰਫ਼ੋਂ ਡਾ. ਸਰਬਜੀਤ ਕੌਰ ਸੋਹਲ ਨੇ ਜਾਣਕਾਰੀ ਸਾਂਝੀ ਕੀਤੀ ਕਿ ਦੇਸ ਰਾਜ ਕਾਲੀ ਦੀ ਸਮੁੱਚੀ ਰਚਨਾਵਲੀ ਨੂੰ ਢੁਕਵੀਆਂ ਜਿਲਦਾਂ 'ਚ ਸੰਭਾਲਿਆ ਜਾਏਗਾ। ਸਮੂਹ ਬੁਲਾਰਿਆਂ ਨੇ ਜੋਰ ਦੇ ਕੇ ਕਿਹਾ ਕਿ ਦੇਸ ਰਾਜ ਕਾਲੀ ਸਾਡੇ ਕੋਲੋਂ ਉਸ ਵੇਲੇ ਵਿਛੜੇ ਹਨ ਜਦੋਂ ਮੁਲਕ ਨੂੰ ਅਜੇਹੇ ਬੁੱਧੀਮਾਨ ਲੇਖਕਾਂ, ਕਹਾਣੀਕਾਰਾਂ, ਨਾਵਲਕਾਰਾਂ ਦੀ ਬੇਹੱਦ ਲੋੜ ਹੈ। ਬੁਲਾਰਿਆਂ ਕਿਹਾ ਕਿ ਮੁਲਕ ਦੇ ਜੰਗਲ, ਜਲ, ਜ਼ਮੀਨ, ਔਰਤਾਂ, ਸਿੱਖਿਆ, ਸਿਹਤ, ਰੁਜ਼ਗਾਰ, ਇਤਿਹਾਸ, ਸਾਹਿਤ, ਕਲਾ, ਮਾਂ ਬੋਲੀ, ਸਾਂਝੇ ਇਤਿਹਾਸ, ਵਿਰਾਸਤ ਨੂੰ ਲੁੱਟਣ, ਵਿਗਾੜਨ, ਫ਼ਿਰਕੇਦਾਰਾਨਾ ਅਤੇ ਰਾਜਕੀ ਹਮਲੇ ਹੋ ਰਹੇ ਹਨ।

ਅੱਜ ਜਿਵੇਂ ਮੁਲਕ ਨੂੰ ਫ਼ਿਰਕੂ ਲੀਹਾਂ ਤੇ ਵੰਡਣ, ਲੜਾਉਣ ਲਈ ਕਦਮ ਚੁੱਕੇ ਜਾ ਰਹੇ ਹਨ। ਇਹਨਾਂ ਮੌਕਿਆਂ ਵੇਲੇ ਜਿਵੇਂ ਦੇਸ ਰਾਜ ਕਾਲੀ ਬੇਬਾਕ ਅਤੇ ਨਿਧੱੜਕ ਆਵਾਜ਼ ਬੁਲੰਦ ਕਰਦਾ ਸੀ ਉਸੇ ਤਰ੍ਹਾਂ ਜਾਗਦੀ ਜਮੀਰ ਵਾਲੇ ਕਾਫ਼ਲੇ ਮੈਦਾਨ 'ਚ ਨਿਤਰਨ ਲਈ ਤਿਆਰ ਕਰਨਾ ਹੀ ਦੇਸ ਰਾਜ ਕਾਲੀ ਨੂੰ ਸੱਚੀ ਸ਼ਰਧਾਂਜ਼ਲੀ ਹੋਏਗੀ।

ਨਾਥਾਂ ਜੋਗੀਆਂ ਤੋਂ ਲੈ ਕੇ ਸ਼ਾਹੀਨ ਬਾਗ਼, ਮਨੀਪੁਰ ਆਦਿਵਾਸੀ ਅਤੇ ਦਿੱਲੀ ਕਿਸਾਨ ਮੋਰਚਾ ਆਦਿ ਦੀਆਂ ਪੈੜ੍ਹਾਂ ਨੱਪਦੇ ਸਦਾ ਸਫ਼ਰ 'ਤੇ ਰਹਿਣ ਵਾਲੇ ਕਲਮਕਾਰ ਦੇਸ ਰਾਜ ਕਾਲੀ ਦੀ ਯਾਦ ਜਿੰਦਾ ਰੱਖਣ ਲਈ ਸਮਾਗਮ 'ਚ ਜੁੜੇ ਲੋਕਾਂ ਨੇ ਸਵੈ ਨਾਲ ਗੰਭੀਰ ਕੌਲ ਕਰਾਰ ਕੀਤੇ। ਪਰਿਵਾਰ ਦੀ ਤਰਫ਼ੋਂ ਕਵੀ ਮੱਖਣ ਮਾਨ ਅਤੇ ਡਾ. ਸੈਲੇਸ਼ ਨੇ ਵਿਸ਼ੇਸ਼ ਤੌਰ ਤੇ ਆਏ ਸਭਨਾਂ ਹਾਜ਼ਰੀਨ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਸੰਗਤ ਰਾਮ ਨੇ ਅਦਾ ਕੀਤੀ।

# ਖ਼ਾਲਸਾ ਕਾਲਜ ਵਿਖੇ ਐਜੂਕੇਸ਼ਨ ਵਿਭਾਗ ਨੇ ਵਿਦਾਇਗੀ ਸਮਾਰੋਹ ਦਾ ਆਯੋਜਨ




**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ਕਰ ਵਿਖੇ ਕਾਲਜ ਦੇ ਐਜੂਕੇਸ਼ਨ ਵਿਭਾਗ ਵਿਚ ਚੱਲ ਰਹੇ ਬੀ.ਏ. ਬੀ.ਐਡ ਅਤੇ ਬੀ.ਐਸਸੀ. ਬੀ.ਐਡ ਕੋਰਸ ਦੇ ਵਿਦਿਆਰਥੀਆਂ ਵਲੋਂ ਪਾਸ ਆਊਟ ਵਿਦਿਆਰਥੀਆਂ ਨੂੰ ਪਾਰਟੀ ਦੇਣ ਲਈ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਵਿਚ ਬੀ.ਐਸਸੀ. ਬੀ.ਐਡ. ਦੇ ਵਿਦਿਆਰਥੀ ਕਰਨ ਬੱਸੀ ਨੂੰ ਮਿਸਟਰ ਫੇਅਰਵੈੱਲ ਅਤੇ ਬੀ.ਏ. ਬੀ.ਐਡ. ਦੀ ਵਿਦਿਆਰਥਣ ਜਸਪ੍ਰੀਤ ਕੌਰ ਨੂੰ ਮਿਸ ਫੇਅਰਵੈੱਲ ਚੁਣਿਆ ਗਿਆ। ਬੈਸਟ ਸਟੂਡੈਂਟ ਦਾ ਅਵਾਰਡ ਬੀ.ਏ. ਬੀ.ਐਡ. ਦੇ ਵਿਦਿਆਰਥੀ ਸੌਰਵ ਨੂੰ ਚਾਰਾ ਸਾਲਾਂ ਦੇ ਕੋਰਸ ਦੌਰਾਨ ਹਰ ਪੱਖੋਂ ਵਧੀਆ ਕਾਰਗੁਜ਼ਾਰੀ ਲਈ ਚੁਣਿਆ ਗਿਆ। ਇਸ ਮੌਕੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਤੋਂ ਡਾ. ਅਮਨਪ੍ਰੀਤ ਸਿੰਘ ਸਹਾਇਕ ਡਾਇਰੈਕਟਰ ਅਤੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਤੇ ਉਨ੍ਹਾਂ ਨੂੰ ਚੰਗੇਰੇ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਵਿਭਾਗ ਮੁੱਖੀ ਡਾ. ਸੰਘਾ ਗੁਰਬਖਸ਼ ਕੌਰ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਕਾਲਜ ਨਾਲ ਜੁੜੇ ਰਹਿਣ ਅਤੇ ਜ਼ਿੰਦਗੀ ਵਿਚ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਮਨਬੀਰ ਕੌਰ, ਡਾ. ਕੁਲਦੀਪ ਕੌਰ, ਡਾ. ਹਰਵਿੰਦਰ ਕੌਰ, ਡਾ. ਅਰਵਿੰਦਰ ਕੌਰ, ਪ੍ਰੋ. ਨਰੇਸ਼ ਕੁਮਾਰੀ, ਸੁਪਰਡੈਂਟ ਪਰਮਿੰਦਰ ਸਿੰਘ ਤੇ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਹੋਏ।

# ਗਿਆਨੀ ਅਮਰਜੀਤ ਸਿੰਘ ਚੰਡੀਗੜ੍ਹ ਵਾਲਿਆਂ ਦੇ ਪੁੱਤਰ ਗੁਰਕੀਰਤ ਸਿੰਘ ਦੀ ਅੰਡਰ 21 ਹਾਕੀ ਟੀਮ ਵਿੱਚ ਨਿਯੁਕਤੀ ਹੋਈ



**ਨਿਊ ਯਾਰਕ–** ਅਮਰੀਕਾ ਦੀ ਧਰਤੀ ਤੇ ਸਿੱਖ ਪੰਜਾਬੀ ਭਾਈਚਾਰੇ ਵਿੱਚ ਉਸ ਵਕਤ ਖੁਸ਼ੀ ਦੀ ਲਹਿਰ ਦੌੜ ਗਈ ਜਦੋਂ ਇਹ ਖ਼ਬਰ ਸੈਕਰਾਮੈਂਟੋ ਤੋ ਆਈ ਕਿ ਗਿਆਨੀ ਅਮਰਜੀਤ ਸਿੰਘ ਜੀ ਦੇ ਸਪੁੱਤਰ ਗੁਰਕੀਰਤ ਸਿੰਘ ਦੀ ਅਮਰੀਕਾ ਦੀ ਅੰਡਰ 21 ਹਾਕੀ ਟੀਮ ਵਿੱਚ ਨਿਯੁਕਤੀ ਹੋ ਗਈ ਹੈ। ਗੁਰਕੀਰਤ ਸਿੰਘ ਪੰਜਾਬ ਚੰਡੀਗੜ੍ਹ ਹਾਕੀ ਅਕੈਡਮੀ ਵਿੱਚ ਅਮਰੀਕਾ ਆਉਣ ਤੋਂ ਪਹਿਲਾ ਖੇਡਦਾ ਸੀ। ਬਹੁਤ ਥੋੜੇ ਸਮੇਂ ਵਿੱਚ ਗੁਰਕੀਰਤ ਸਿੰਘ ਨੇ ਸਖ਼ਤ ਮਿਹਨਤ ਨਾਲ, ਪਰਿਵਾਰ ਦੀਆਂ ਅਰਦਾਸਾਂ ਅਤੇ ਸਤਿਗੁਰੂ ਕਿਰਪਾ ਨਾਲ ਇਹ ਮੁਕਾਮ ਹਾਸਲ ਕੀਤਾ ਹੈ। ਗਿਆਨੀ ਅਮਰਜੀਤ ਸਿੰਘ ਆਪ ਵੀ ਪੰਥ ਪ੍ਰਸਿੱਧ ਕਥਾ ਵਾਚਕ ਹਨ ਅਤੇ ਹੁਣ ਸੈਕਰਾਮੈਂਟੋ ਕੈਲੇਫੋਰਨੀਆ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। ਦੁਨੀਆ ਭਰ ਵਿੱਚੋਂ ਗੁਰਕੀਰਤ ਸਿੰਘ ਦੀ ਪ੍ਰਾਪਤੀ ਤੇ ਪਰਿਵਾਰ ਨੂੰ ਵਧਾਈਆਂ ਮਿਲ ਰਹੀਆਂ ਹਨ।

# ਜਮੀਨ ਹੱਦਬੰਦੀ ਕਨੂੰਨ ਲਾਗੂ ਕਰਾਉਣ ਲਈ 28 ਸਤੰਬਰ ਦੀ ਵਿਸ਼ਾਲ ਕਾਨਫਰੰਸ ਵਿੱਚ ਪਹੁੰਚਣ ਦਾ ਸੱਦਾ



**ਸੰਗਰੂਰ, (ਦਲਜੀਤ ਕੌਰ)–** ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਵੱਲੋਂ ਅੱਜ ਪਿੰਡ ਝਨੇੜੀ ਅਤੇ ਘਰਾਚੋਂ ਵਿੱਚ ਕਮੇਟੀ ਦੀ ਮੀਟਿੰਗ ਕੀਤੀ ਗਈ। ਜਿਸ ਵਿੱਚ 28 ਸਤੰਬਰ ਨੂੰ ਪਿੰਡ ਸ਼ਾਦੀਹਰੀ ਵਿਚ ਜ਼ਮੀਨ ਹੱਦਬੰਦੀ ਕਨੂੰਨ ਲਾਗੂ ਕਰਵਾਉਣ ਲਈ ਹੋ ਰਹੀ ਵਿਸ਼ਾਲ ਕਾਨਫਰੰਸ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਗਿਆ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਗੁਰਚਰਨ ਸਿੰਘ ਘਰਾਚੋਂ ਨੇ ਦੱਸਿਆ ਕਿ 28 ਸਤੰਬਰ ਦੀ ਤਿਆਰੀ ਲਈ ਭਵਾਨੀਗੜ੍ਹ ਇਲਾਕੇ ਵਿੱਚ ਜਥਾ ਮਾਰਚ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਅਤੇ ਇਸ ਦੀ ਤਿਆਰੀ ਲਈ ਕੰਧ ਪੋਸਟਰ ਲਗਾਏ ਜਾਣਗੇ ਅਤੇ ਹੱਥ ਪਰਚਾ ਵੰਡ ਕੇ ਲੋਕਾਂ ਤੱਕ ਪਹੁੰਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਮੀਨ ਦੀ ਕਾਣੀ ਵੰਡ ਕਾਰਨ ਦਲਿਤਾਂ ਦੀ ਹਾਲਤ ਬਹੁਤ ਹੀ ਤਰਸਯੋਗ ਬਣੀ ਹੋਈ ਹੈ ਅਤੇ ਜ਼ਮੀਨ ਵਿਹੂਣੇ ਹੋਣ ਕਾਰਨ ਉਹਨਾਂ ਨੂੰ ਨਿੱਤ ਦਿਹਾੜੀ ਜਾਤੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨ੍ਹਾਂ ਕਿਹਾ ਕਿ 1972 ਵਿੱਚ ਬਣੇ ਭੂਮੀ ਸੁਧਾਰ ਕਨੂੰਨ ਦੇ ਅਮਲੀ ਰੂਪ ਵਿੱਚ ਲਾਗੂ ਨਾ ਹੋਣ ਕਾਰਨ ਇੱਕ ਪਾਸੇ ਕੁਝ ਕੁ ਲੋਕਾਂ ਕੋਲ ਸੈਂਕੜੇ ਏਕੜ ਜ਼ਮੀਨਾਂ ਹਨ ਅਤੇ ਦੂਸਰੇ ਪਾਸੇ ਵੱਡੀ ਗਿਣਤੀ ਲੋਕਾਂ ਕੋਲ ਰਹਿਣ ਲਈ ਆਪਣਾ ਘਰ ਵੀ ਨਹੀਂ ਹੈ। ਉਹਨਾਂ ਇਸ ਪਾੜੇ ਨੂੰ ਖਤਮ ਕਰਨ ਲਈ ਸੰਘਰਸ਼ ਤੇਜ਼ ਕਰਨ ਦਾ ਸੱਦਾ ਦਿੱਤਾ।

ਇਸ ਮੌਕੇ ਮੀਟਿੰਗ ਵਿਚ ਇਕੱਠੇ ਹੋਏ ਲੋਕਾਂ ਨੇ ਪੂਰੇ ਉਤਸ਼ਾਹ ਨਾਲ ਵੱਡੀ ਗਿਣਤੀ ਵਿੱਚ ਕਾਨਫਰੰਸ ਵਿੱਚ ਪਹੁੰਚਣ ਦਾ ਭਰੋਸਾ ਦਿੱਤਾ। ਇਸ ਮੌਕੇ ਉਪਰੋਕਤ ਤੋਂ ਬਿਨਾਂ ਜੀਵਨ ਸਿੰਘ, ਕਰਮਜੀਤ ਸਿੰਘ, ਚਮਕੌਰ ਸਿੰਘ, ਚਰਨਜੀਤ ਕੌਰ, ਜਸਪਾਲ ਕੌਰ ਆਦਿ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

# ਵਰਤਮਾਨ ਸਮੱਸਿਆਵਾਂ- ਸਮਾਧਾਨ ਤੇ ਗਿਆਨੀ ਦਿੱਤ ਸਿੰਘ ਜੀ

ਗਿਆਨੀ ਦਿੱਤ ਸਿੰਘ ਜੀ ਦਾ ਸੰਸਾਰਕ ਜੀਵਨ 21 ਅਪ੍ਰੈਲ, 1850 ਤੋਂ 6 ਸਤੰਬਰ 1901 ਈਸਵੀ ਤੱਕ ਬਹੁਤ ਹੀ ਸੀਮਿਤ ਜਿਹੇ ਸਮੇਂ ਵਿੱਚ ਹੈ, ਪਰ ਆਪ ਦੀ ਕਰਨੀ ਹੈਰਾਨੀਜਨਕ ਹੈ। ਆਪ ਇੱਕ ਅਨੁਭਵੀ ਕਵੀ, ਵਾਰਤਾਕਾਰ, ਪੱਤਰਕਾਰ, ਟੀਕਾਕਾਰ, ਇਤਿਹਾਸਕਾਰ, ਗੋਸ਼ਟੀਕਾਰ ਤੇ ਪ੍ਰਭਾਵਸ਼ਾਲੀ ਬੁਲਾਰੇ ਸਨ। ਉਨ੍ਹਾਂ ਦਾ ਸਾਧਾਰਨ ਲੋਕਾਂ ਨੂੰ ਸਮਝਾਉਣ ਦਾ ਢੰਗ ਕਾਬ-ਏ-ਤਾਰੀਫ਼ ਸੀ।

ਇੱਕ ਸਦੀ ਤੋਂ ਉੱਪਰ ਸਮਾਂ ਬੀਤਣ ਦੇ ਬਾਵਜੂਦ ਵੀ ਉਨ੍ਹਾਂ ਦੀਆਂ ਰਚਨਾਵਾਂ ਦੀ ਅਹਿਮੀਅਤ ਸਦਾ ਰਹੇਗੀ ਅੱਜ ਵੀ ਸਾਡੇ ਦੇਸ਼ ਦੀ ਤਸਵੀਰ ਉਹੀ ਹੈ, ਜੋ ਉਨ੍ਹਾਂ 'ਗੁੱਗਾਗਪੌੜਾ' ਪੁਸਤਕ ਵਿੱਚ ਪੇਸ਼ ਕੀਤੀ ਹੈ....

ਦੇਖੋ ਮੂਰਖ ਦੇਸ਼ ਅਸਾਡਾ<br>
ਕਿਕੁਰ ਡੁੱਬਦਾ ਜਾਂਦਾ<br>
ਸੱਪਾਂ ਕੁੱਤਿਆਂ ਬਿੱਲਿਆਂ ਕਾਵਾਂ<br>
ਆਪਨੇ ਪੀਰ ਬਣਾਂਦਾ।<br>
ਇੱਧਰ ਗੁਰਾਂ ਦੇ ਨਾਂ ਉੱਤੇ ਜਿਉਂਦੇ


ਪੰਜਾਬ ਦੀ ਹਾਲਤ ਦੇਖੀਏ ਤਾਂ ਹਰ 10-20 ਕਿ-ਲੋਮੀਟਰ ਉੱਤੇ ਨਾਮਦਾਨ ਦੇਣ ਵਾਲਿਆਂ ਦਾ ਡੇਰਾ ਆ ਜਾਂਦਾ ਹੈ, ਹਰ ਪੰਜਵੇਂ ਪਿੰਡ 'ਚ ਧਾਗੇ ਤਵੀਤ ਦੇਣ ਵਾਲੇ, ਹਰ ਦਸਾਂ ਪਿੰਡਾਂ ਪਿੱਛੇ ਢੋਲ-ਚਿਮਟਾ ਕੁੱਟ ਕੇ ਭੂਤ ਕੱਢਣ ਵਾਲੇ, ਥਾਂ-ਥਾਂ ਕਬਰਾਂ, ਮੜ੍ਹੀਆਂ ਦੀ ਪੂਜਾ ਤੇ ਹਰ ਜ਼ਿਲ੍ਹੇ 'ਚ ਕਿਤੇ ਨਾ ਕਿਤੇ ਸ਼ਰਾਬਾਂ, ਖੀਰਾਂ, ਦੁੱਧਾਂ ਦੇ ਚੜ੍ਹਾਵੇ ਚੜ੍ਹਦੇ ਹਨ। ਇਹ ਸਾਰੀਆਂ ਬਿਮਾਰੀਆਂ ਸਿੱਖ ਘਰਾਣਿਆਂ ਵਿੱਚ ਹਨ। 'ਨਕਲੀ ਸਿੱਖ ਪ੍ਰਬੋਧ' ਪੁਸਤਕ ਵਿੱਚ ਐਸੀ ਸੋਚ ਵਾਲੇ ਸਿੱਖਾਂ ਨੂੰ ਗਿਆਨੀ ਜੀ ਨੇ ਫਿ-ਟਕਾਰਾਂ ਪਾਈਆਂ ਹਨ।

ਗੁਰਮਤਿ ਕੋ ਆਦਰ ਨਹੀਂ,<br>
ਅਨਮਤੋਂ ਕੇ ਦਾਸ।<br>
ਕਹੋ ਭਲਾ ਇਸ ਕਰਮ ਤੇ,<br>
ਕਿਉਂ ਹੋ ਕਾਰਜ ਰਾਸ?<br>
ਗੁਰੂ ਗ੍ਰੰਥ ਕੁਛ ਕਹਤ ਹੈ,<br>
ਯਹ ਕਰਹੈਂ ਕੁਛ ਔਰ।<br>
ਕਹੋ ਅਜੇਹਾ ਖਾਲਸਾ,<br>
ਕਿਉਂ ਪਾਵੇ ਗੁਰ ਠੌਰ।<br>
ਕਹਨੀ ਸੂਰਤ ਸਿੰਘ ਕੀ,<br>
ਰਹਨੀ ਗੀਦੜ ਦੇਖ।<br>
ਗੁਰ ਆਗਯਾ ਕਰ ਭੰਗ ਇਨ,<br>
ਹਰ ਲੀਨੇ ਨਿਜ ਲੇਖ।<br>
ਗੁਰੂ ਬਨਾਏ ਔਰ ਥੇ,<br>
ਇਹ ਬਨ ਬੈਠੇ ਔਰ।<br>
ਬਨੇ ਭੂੰਡ ਯਹ ਗੋਬਰੀ,<br>
ਗੁਰ ਕੀਨੇ ਥੇ ਭੌਰ।

ਹੁਣ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਕੋਈ ਵੀ ਝੂਠੀ ਅਫ਼ਵਾਹ ਉਡਾ ਦੇਵੇ ਤੇ ਕੋਈ ਵੀ ਨਵਾਂ ਪਾਖੰਡ ਰਚਾ ਲਵੇ ਫੇਰ ਅੰਨੇ ਤੇ ਅਗਿਆਨੀ ਲੋਕ ਧੜਾ-ਧੜ ਪਿੱਛੇ ਲੱਗ ਜਾਂਦੇ ਹਨ। ਇੱਥੇ ਕਿਹਾ ਜਾਂਦਾ ਭਾਵੇਂ ਸੁਆਹ ਦੀਆਂ ਪੁੜੀਆਂ ਵੇਚ ਲਓ, ਭਾਵੇਂ ਤਵੀਤ ਵੇਚ ਲਵੋ, ਛੱਪੜਾਂ ਦਾ ਪਾਣੀ, ਮੋਮਬੱਤੀਆਂ, ਹਰੀਆਂ ਚੂੜੀਆਂ, ਨਾਰੀਅਲ, ਸ਼ਨੀਵਾਰ ਨਿੰਬੂ ਮਿਰਚਾਂ, ਮੂਰਤੀਆਂ ਨੂੰ ਦੁੱਧ ਪਿਲਾਵੋ, ਨਜ਼ਰਾਂ ਉਤਾਰੋ ਆਦਿ ਹਰ ਭਰਮ ਨਿਤ ਦਿਨ ਵੱਧਦਾ ਹੈ। ਇਸ ਤਰ੍ਹਾਂ ਦੀ ਵਹਿਮੀ ਮਾਨਸਿਕਤਾ ਨੂੰ ਹਰ ਸ਼ੈਤਾਨ ਲੁੱਟ ਰਿਹਾ ਹੈ। ਇਹ ਬੌਧਿਕ ਤੇ ਆਰਥਿਕ ਲੁੱਟ ਹੈ। ਗਿ. ਦਿੱਤ ਸਿੰਘ ਜੀ ਨੇ 'ਦੰਭ ਵਿਦਾਰਨ' ਪੁਸਤਕ ਵਿੱਚ ਸਾਡੇ ਦੇਸ ਦੀ ਹੀ ਤਸਵੀਰ ਪੇਸ਼ ਕੀਤੀ ਹੈਜਿਸ

ਤੇ ਜਿਸ ਨੇ ਜੋ ਕਹਾ,<br>
ਮਾਨ ਗਏ ਮਤ ਹੀਨ।<br>
ਤਿਸ ਹੀ ਪਰ ਦ੍ਰਿੜ ਹੋ ਗਏ,<br>
ਜਾਣਹਿ ਤੱਤ ਕਬੀਨ।<br>
ਇਸੀ ਵਾਸਤੇ ਦੇਸ ਇਹ,<br>
ਗਿਆ ਅਧੋਗਤਿ ਮਾਹਿ।<br>
ਅਪਨੀ ਬੁੱਧੀ ਰਹੀ ਜਦ,<br>
ਇਨ ਲੋਗਨ ਸਿਰ ਨਾਹਿ।

ਜਦੋਂ ਆਪਣੀ ਬੁੱਧੀ ਆਪਣੇ ਸਿਰ 'ਚ ਹੀ ਨਾ ਰਹੀ ਤਾਂ ਸਾਰਾ ਦੇਸ ਅਧੋਗਤੀ ਵਿੱਚ ਗਰਕ ਜਾਂਦਾ ਹੈ। ਬਾਕੀਆਂ ਦੀ ਗੱਲ ਛੱਡੋ, ਅਜੋਕੇ ਸਿੱਖ ਸਮਾਜ ਦੀ ਗੱਲ ਕਰੀਏ, ਤਾਂ ਇੱਥੇ ਗੈਰਸਿੱਖ ਵੀ ਵੱਸਦੇ ਹਨ, ਪਰ ਉਹ ਕਿਸੇ ਸ਼ੇਖ਼ ਫੱਤੇ, ਰੋਡੇ ਸ਼ਾਹ, ਬੱਗੇ ਸ਼ਾਹ ਜਾਂ ਧਾਉਲੀ ਧਾਰ ਵਾਲੇ ਦੇ ਘੱਟ ਹੀ ਜਾਂਦੇ ਹਨ, ਪਰ ਦੂਜੇ ਪਾਸੇ ਕਈ ਸਿੱਖ ਸਿੱਖਣੀਆਂ ਆਪਣੇ ਗੁਰੂ ਦਾ ਦਰ ਛੱਡ ਕੇ ਮਨਮੱਤੀਆਂ ਦੇ ਸਥਾਨਾਂ ਵੱਲ ਦੌੜਦੇ ਹਨ। ਗਿਆਨੀ ਜੀ ਦੀ ਪੁਰਾਤਨ ਰਚਨਾ 'ਮੀਰਾਂ ਮਨੌਤ ਤੇ ਸੈਲਾਨੀ ਸਿੰਘ' ਵਿੱਚ ਇਸ ਦਾ ਵੇਰਵਾ ਵਰਤਮਾਨ ਸਮੇਂ ਉੱਤੇ ਸਹੀ ਢੁੱਕਦਾ ਹੈ-



ਸਾਰਾ ਜਗਤ ਖੁਸ਼ੀ ਹੈ ਵੱਸਦਾ।<br>
ਆਪਣੇ ਰੰਗਾਂ ਅੰਦਰ ਰੱਸਦਾ।<br>
ਪਰ ਨਾ ਕਿਸੇ ਪਕੜਦਾ ਮੀਆਂ।<br>
ਸੁੱਖ ਤੇ ਵੱਸਣ ਮਾਵਾਂ ਧੀਆਂ।<br>
ਪਰ ਇਹ ਸਿੱਖ ਨਮਾਣੇ ਚਾਇ।<br>
ਤੁਰਤ ਪੀਰ ਨੇ ਪਕੜੇ ਆਇ।<br>
ਫਿਰਨ ਮਰਦ ਪਕੜੀਆਂ ਨਾਰਾਂ।<br>
ਕਰਦਾ ਮਨ ਭਾਵੰਦੀ ਮਾਰਾਂ।<br>
ਨਹੀਂ ਇਹਨਾਂ ਨੂੰ ਛੱਡੇ ਉਹ।<br>
ਦੇਵਣ ਦੁੱਧ ਮੱਝ ਦਾ ਚੋਅ।

ਹੁਣ ਇਹ ਖੁਆਰੀ ਪੰਜਾਬ ਵਿੱਚ ਕਈ ਥਾਂਈਂ ਅਤੇ ਪੰਜਾਬੋਂ ਬਾਹਰ ਵੀ ਹੋ ਰਹੀ ਹੈ। ਕਾਰਨ ਵੀ ਸਪੱਸ਼ਟ ਹੈ ਕਿ ਸ਼ੈਤਾਨ ਤੇ ਪਾਖੰਡੀ ਲੋਕਾਂ ਨੇ ਹਰ ਯੁੱਗ ਵਿੱਚ ਸਮਾਜ ਨੂੰ ਠੱਗਿਆ ਤੇ ਗੁੰਮ-ਰਾਹ ਕੀਤਾ ਹੈ। ਗਿਆਨੀ ਜੀ ਨੇ 'ਦੁਰਗਾ ਪ੍ਰਬੋਧ' ਵਿੱਚ ਠੱਗਾਂ ਦੀ ਬਿਰਤੀ ਬਿਆਨ ਕੀਤੀ ਹੈ।

ਠੱਗ ਜਿਵੇਂ ਠੱਗੀ ਸਮਯ,<br>
ਜੁਦੇ ਜੁਦੇ ਹੁਇ ਜਾਤ।<br>
ਪਰ ਅੰਦਰ ਮੈਂ ਹੋਤ ਹੈ,<br>
ਸਭਨਾ ਦੀ ਇਕ ਬਾਤ।

ਇਹੋ ਹੀ ਨੁਕਤਾ ਗਿਆਨੀ ਜੀ ਨੇ 'ਨੀਤੀ ਪ੍ਰਕਾਸ਼' ਵਿੱਚ ਦਿੱਤਾ ਹੈ ਕਿ ਜਿਵੇਂ ਰੀਠਾ ਦੇਖਣ ਨੂੰ ਤਾਂ ਮਿੱਠੇ ਬੇਰ ਵਰਗਾ ਪ੍ਰਤੀਤ ਹੁੰਦਾ ਹੈ, ਪਰ ਨਿਰਾ ਜ਼ਹਿਰ ਹੈ। ਇਸੇ ਤਰ੍ਹਾਂ ਦੁਸ਼ਟ ਪੁਰਖ ਵੀ ਭੇਖ ਧਾਰ ਕੇ ਭੁਲੇਖਾ ਪਾ ਜਾਂਦੇ ਹਨ। ਅੱਜ ਪੰਜਾਬ 'ਚ ਫੈਲਿਆ ਦੇਹਧਾਰੀ ਗੁਰੂਡੰਮ ਇਸ ਦਾ ਪ੍ਰਤੱਖ ਪ੍ਰਮਾਣ ਹੈ। ਸਰਸਾ, ਬਿਆਸ, ਨੂਰਮਹਿਲੀਏ, ਨਕਲੀ ਨਿਰੰਕਾਰੀਆਂ ਦੇ ਬਾਹਰੀ ਭੇਖ ਨੇ ਕਈ ਸਿੱਖ ਪਰਿਵਾਰ ਵੀ ਆਪਣੇ ਜਾਲ ਵਿੱਚ ਫਸਾ ਲਏ ਹਨ। ਐਸੇ ਭੋਲੇ-ਭਾਲੇ ਗੁੰਮਰਾਹ ਹੋਏ ਲੋਕਾਂ ਨੂੰ ਇਹ ਪੰਕਤੀਆਂ ਸੁਚੇਤ ਕਰ ਰਹੀਆਂ ਹਨ-

ਰੀਠੇ ਮੀਠੇ ਬੇਰ ਸਮ,<br>
ਦੇਖਣ ਕੋ ਮਿਲ ਜਾਤ।<br>
ਤਿਉਂ ਦੁਰਜਨ ਸਮ ਸੁਜਨ ਕੇ,<br>
ਭੇਖ ਧਾਰ ਦਰਸਾਤ।

ਇਸ ਦੀ ਪਰਖ ਨਾ ਕਰ ਸਕਣਾ ਅਗਿਆਨਤਾ ਹੈ ਅਤੇ ਇਹ ਭਟਕਣਾ ਦਾ ਕਾਰਨ ਗਿਆਨ ਦੀ ਅਣਹੋਂਦ ਹੈ। 'ਗੁਰਮਤਿ ਆਰਤੀ ਪ੍ਰਬੋਧ' ਪੁਸਤਕ ਵਿੱਚ ਇਸ ਦਾ ਵੇਰਵਾ ਇਉਂ ਦਿੱਤਾ ਹੈ-

ਇਸ ਅਗਯਾਨ ਨਚਾਇਆ,<br>
ਇਹ ਸਾਰਾ ਸੰਸਾਰ।<br>
ਵੱਡੇ-ਵੱਡੇ ਪੰਡਤ ਕਰੇ,<br>
ਜਿਸ ਨੇ ਪਕੜ ਗਵਾਰ।

ਇਸੇ ਤਰ੍ਹਾਂ ਸਭ ਤੋਂ ਵੱਡਾ ਭਰਮ ਤੇ ਪਾਖੰਡ ਕਰਮ ਦਿਨਾਂ ਦਿਹਾਰਾਂ ਤੇ ਥਿੱਤਾਂ ਮਹੀਨਿਆਂ ਦੀਆਂ ਵਿਚਾਰਾਂ ਤੋਂ ਲੈ ਕੇ, ਵਰਤ ਸਰਾਧਾਂ ਦੀਆਂ ਫੋਕਟ ਵਿਚਾਰਾਂ ਵਿੱਚ ਘੁੰਮਦਾ, ਮੰਤਰਾਂ-ਜੰਤਰਾਂ- ਤੰਤਰਾਂ ਦੇ ਭਰਮ ਜਾਲ ਵਿੱਚ ਆ ਉਲਝਦਾ ਹੈ। ਇਹ ਰੁਝਾਨ ਅਜੋਕੇ ਸਮੇਂ ਵਿੱਚ ਹੋਰ ਵੀ ਖ਼ਤਰਨਾਕ ਹੋ ਗਿਆ ਹੈ। ਗਿਆਨੀ ਜੀ ਇਨ੍ਹਾਂ ਪਾਖੰਡਵਾਦੀ ਲੋਕਾਂ ਦੀ ਹਕੀਕਤ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਜੇਕਰ ਇਹ ਲੋਕ ਰਿੱਧੀਆਂ- ਸਿੱਧੀਆਂ ਰੱਖਦੇ ਹਨ ਤਾਂ ਦਰ-ਦਰ ਕਿਉਂ ਮੰਗਦੇ ਫਿਰਦੇ ਹਨ? ਇਹ ਹਜ਼ਰਤ ਬਣ ਕੇ ਕਿਉਂ ਨਹੀਂ ਬੈਠ ਜਾਂਦੇ? 'ਦੁਰਗਾ ਪ੍ਰਬੋਧ' ਵਿੱਚ ਇਹ ਪਾਖੰਡ ਕਰਮ ਨੂੰ ਇਉਂ ਉਘਾੜਿਆ ਹੈ-

ਮੰਤ੍ਰ ਜੰਤ੍ਰ ਅਰੁ ਤੰਤ੍ਰ ਸਿਧ,<br>
ਜੋ ਇਨ ਮਹਿ ਕਛੁ ਹੋਇ।<br>
ਹਜਰਤ ਹ੍ਵੈ ਆਪਹਿ ਰਵਹਿ,<br>
ਮਾਂਗਤ ਫਿਰਤ ਨਾ ਕੋਇ।

ਅੱਗੇ ਜਾ ਕੇ ਸਿੱਖਾਂ ਨੂੰ ਸੰਬੋਧਨ ਹੁੰਦਿਆਂ ਕਬਰਾਂ ਮੜ੍ਹੀਆਂ ਦੀ ਅਸਲੀਅਤ ਦੱਸ ਕੇ ਆਪਣੇ ਗੁਰੂ ਉੱਤੇ ਮਾਣ ਕਰਨਾ ਦੱਸਿਆ ਹੈ-

ਕਿਆ ਗੁਰ ਤੇ ਇਹ ਜੋਰਾਵਰ ਹੈ।<br>
ਮੜ੍ਹੀਆਂ ਦੇ ਵਿਚ ਜਿਸ ਦਾ ਘਰ ਹੈ।



ਡਾ. ਇੰਦਰਜੀਤ ਸਿੰਘ ਗੋਗੋਆਣੀ<br>
ਖ਼ਾਲਸਾ ਕਾਲਜ ਅੰਮ੍ਰਿਤਸਰ

ਸਭ ਤੋਂ ਵੱਡੀ ਗੱਲ ਕਿ ਉਨ੍ਹਾਂ ਨੇ ਸਾਡੇ ਅੱਜ ਵਰਗੇ ਭਾਵਨਾ ਵਿਹੂਣੇ, ਗੁਰਬਾਣੀ ਰੱਸ ਤੋਂ ਵਾਂਝੇ, ਕੁਝ ਕੁ ਅਸ਼ਰਧਕ ਵਿਦਵਾਨਾਂ ਵਾਂਗ ਆਪਣੇ ਅਮੀਰ ਧਰਮ ਸਿਧਾਂਤਾਂ ਉੱਤੇ ਕੁਹਾੜਾ ਨਹੀਂ ਚਲਾਇਆ, ਸਗੋਂ ਨਾਮ ਦੀ ਮਹਿਮਾ ਗੁਰਬਾਣੀ ਵਿਚਾਰ, ਬਾਣੀ-ਬਾਣਾ ਅਤੇ ਕਲਗੀਧਰ ਪਿਤਾ ਜੀ ਲਈ ਅਥਾਹ ਵਿਸ਼ਵਾਸ ਦ੍ਰਿੜ੍ਹ ਕਰਵਾਇਆ ਹੈ। ਜਿਵੇਂ-

ਦਸਮੇ ਗੁਰ ਦੀ ਓਟ ਲੈ,<br>
ਤੇਗ ਗਿਆਨ ਦੀ ਕੱਢ।<br>
ਇਸ ਮੀਏਂ ਸੁਲਤਾਨ ਦਾ,<br>
ਫਸਤਾ ਦੇਸਾਂ ਵੱਢ। (ਸੁਲਤਾਨ ਪੁਆੜਾ)

ਇਹ ਸਵੈ-ਮਾਣ ਤੇ ਸਵੈ-ਵਿਸ਼ਵਾਸ ਪੈਦਾ ਕਰਨਾ ਹੀ ਉਨ੍ਹਾਂ ਦੀਆਂ ਰਚਨਾਵਾਂ ਦਾ ਤੱਤ ਸਾਰ ਰਿਹਾ ਹੈ। ਸੰਨ 1886 ਤੋਂ 1901 ਤੱਕ 'ਖ਼ਾਲਸਾ ਅਖ਼ਬਾਰ ਲਾਹੌਰ' ਵਿੱਚ ਛਪੇ ਬੇਗਿਣਤ ਲੇਖ, ਸੰਪਾਦਕੀਆਂ, ਨਵੇਂ-ਨਵੇਂ ਕਾਲਮ ਉਨ੍ਹਾਂ ਦੇ ਕੌਮੀ ਦਰਦ ਦੇ ਗਵਾਹ ਹਨ। ਕਦੀ ਉਹ ਆਪਣੀ ਕੌਮ ਨੂੰ 'ਧਰਮ ਦਰਪਣ' ਵਿੱਚ ਇਉਂ ਸਮਝਾਉਂਦੇ ਹਨ-

ਪਰ ਤੂੰ ਦੇਖੀ ਵਾਂਗ ਗਵਾਰਾਂ,<br>
ਧੋਖਾ ਨਾ ਖਾ ਜਾਈਂ।<br>
ਲੱਡੂ ਪੇੜੇ ਛੱਡ ਪਿਛਾਹਾਂ,<br>
ਪੱਲੇ ਬੇਰ ਨਾ ਪਾਈਂ।

ਕਦੀ ਉਹ 'ਨੀਤੀ ਬਚਨ' ਰਾਹੀਂ ਆਪਣੇ ਪੰਥ ਦੇ ਵਾਰਸਾਂ ਨੂੰ ਸੁਚੇਤ ਕਰਦੇ ਹਨ ਕਿ ਫੋਕੇ ਆਡੰਬਰ ਵੇਖ ਕੇ ਵਿਸ਼ਵਾਸ ਨਾ ਕਰਿਉ। ਜੋ ਲਾਭ ਹਾਨੀ ਦੀ ਵਿਚਾਰ ਨਹੀਂ ਕਰਦਾ ਉਹ ਮੂਰਖ ਹੈ।

ਦੇਖ ਆਡੰਬਰ ਮਾਤ੍ਰ ਹੀ<br>
ਜੋ ਕਰਕੇ ਵਿਸ਼ਵਾਸ।<br>
ਹਾਨ ਲਾਭ ਅਪਨੀ ਚਹੇ,<br>
ਸੋ ਮੂਰਖ ਦੁਖ ਰਾਸ।

ਜੋ ਸਿੱਖ ਪੰਥ ਦੀਆਂ ਧਾਰਮਿਕ ਸਮੱਸਿਆਵਾਂ ਦਾ ਹੱਲ ਸੀਮਤ ਸ਼ਬਦਾਂ ਵਿੱਚ ਬਿਆਨ ਕਰਨਾ ਹੋਵੇ ਤਾਂ ਗਿ. ਦਿੱਤ ਸਿੰਘ ਜੀ ਨੇ ਆਪਣੀ ਰਚਨਾ 'ਸੁਲਤਾਨ ਪੁਆੜਾ' ਵਿੱਚ ਗੁਰੂ ਦਾ ਸਿੰਘ ਪਰਕਰਣ ਦੌਰਾਨ ਇੱਕ ਦਵੈਯਾ ਬੁਲਾਇਆ ਹੈ, ਜੋ ਸਿੱਖੀ ਦੇ ਵਾਰਸਾਂ ਲਈ ਪ੍ਰੇਰਨਾ ਸ੍ਰੋਤ ਹੈ। ਹੱਦਾਂ ਬੰਨ੍ਹੇ ਟੱਪ ਰਹੇ ਨਸ਼ੇ, ਦੇਹਧਾਰੀ ਗੁਰੂਡੰਮ, ਪਤਿਤਪੁਣਾ ਤੇ ਭਰਮਾਂ ਪਾਖੰਡਾਂ ਦਾ ਇਲਾਜ ਇਹੋ ਹੀ ਹੈ-

ਅੰਮ੍ਰਿਤ ਛਕ ਕੇ<br>
ਦਸਮੇਂ ਗੁਰ ਦੇ ਪੂਰੇ ਸਿੰਘ ਸਦਾਵੋ।<br>
ਪੀਰਾਂ-ਮੀਰਾਂ ਅੱਗੇ ਮੁੜ ਕੇ,<br>
ਕਦੇ ਨਾ ਸੀਸ ਝੁਕਾਵੋ।<br>
ਵਾਹਿਗੁਰੂ ਦੀ ਫ਼ਤੇ ਬੁਲਾ ਕੇ,<br>
ਮੜ੍ਹੀ ਮਸਾਣ ਉਠਾਓ।<br>
ਗੁਰੂ ਗ੍ਰੰਥ ਦਾ ਪਾਠ ਕਰੋ ਨਿੱਤ,<br>
ਬਾਣੀ ਮੈ ਮਨ ਲਾਓ।

# ਬ੍ਰਾਜ਼ੀਲ ਦੇ ਰਾਸ਼ਟਰਪਤੀ ਵੱਲੋਂ ਸਲਾਮਤੀ ਪਰਿਸ਼ਦ 'ਚ ਸੁਧਾਰਾਂ ਦਾ ਸੱਦਾ

**ਨਵੀਂ ਦਿੱਲੀ-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ ਦੇ ਵਿਸਤਾਰ ਉਤੇ ਜ਼ੋਰ ਦਿੱਤੇ ਜਾਣ ਤੋਂ ਇਕ ਦਿਨ ਬਾਅਦ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਇਜ਼ ਇਨਾਸਿਓ ਲੂਲਾ ਦਾ ਸਿਲਵਾ ਨੇ ਵੀ ਭਾਰਤ ਦੇ ਪ੍ਰਧਾਨ ਮੰਤਰੀ ਦੇ ਵਿਚਾਰਾਂ ਵਰਗੀ ਹੀ ਰਾਇ ਜ਼ਾਹਿਰ ਕੀਤੀ ਹੈ। ਉਨ੍ਹਾਂ ਵੀ ਸੰਯੁਕਤ ਰਾਸ਼ਟਰ ਦੀ ਇਸ ਤਾਕਤਵਰ ਇਕਾਈ ਵਿਚ ਸੁਧਾਰਾਂ ਦਾ ਸੱਦਾ ਦਿੱਤਾ ਹੈ ਤਾਂ ਕਿ ਇਹ ਵਰਤਮਾਨ ਸਮੇਂ ਦੀਆਂ ਅਸਲੀਅਤਾਂ ਮੁਤਾਬਕ ਬਣ ਸਕੇ। ਜ਼ਿਕਰਯੋਗ ਹੈ ਕਿ ਜੀ-20 ਦੀ ਅਗਵਾਈ ਹੁਣ ਬ੍ਰਾਜ਼ੀਲ ਨੂੰ ਸੌਂਪੀ ਗਈ ਹੈ। ਲੂਲਾ ਡਾ ਸਿਲਵਾ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਆਪਣੀ ਪ੍ਰਧਾਨਗੀ ਦੌਰਾਨ ਬਰਾਬਰੀ ਦੇ ਮੁੱਦੇ ਨੂੰ 'ਬੁਨਿਆਦੀ ਮੁੱਦਾ' ਬਣਾਉਣਾ ਚਾਹੇਗਾ। ਲੂਲਾ ਨੇ ਕਿਹਾ, 'ਬਹੁਤ ਜ਼ਿਆਦਾ ਨਾ-ਬਰਾਬਰੀ ਹੈ ਤੇ ਦੁਨੀਆ ਨੂੰ ਸੰਪਤੀ ਦੀ ਵੰਡ ਦੇ ਮਾਮਲੇ ਵਿਚ ਹੋਰ ਤਵਾਜ਼ਨ ਬਿਠਾਉਣ ਦੀ ਲੋੜ ਹੈ।' ਰਾਸ਼ਟਰਪਤੀ ਨੇ ਭਾਰਤ ਨੂੰ ਜੀ-20 ਦੀ ਯੋਗ ਅਗਵਾਈ ਲਈ ਵਧਾਈ ਵੀ ਦਿੱਤੀ। ਲੂਲਾ ਨੇ ਕਿਹਾ ਕਿ ਭਾਰਤ ਵਾਂਗ ਬ੍ਰਾਜ਼ੀਲ ਵੀ ਜੀ20 ਸਮਾਗਮਾਂ ਲਈ ਕਈ ਸ਼ਹਿਰਾਂ ਦੀ ਵਰਤੋਂ ਕਰੇਗਾ ਤੇ ਇਸ ਨੂੰ ਲੋਕਾਂ ਦਾ ਸੰਮੇਲਨ ਬਣਾਇਆ ਜਾਵੇਗਾ ਜੋ ਕਿ ਹੋਰ ਵੀ ਵੱਧ ਲੋਕਤੰਤਰਿਕ ਹੋਵੇਗਾ। ਬ੍ਰਾਜ਼ੀਲ ਦੇ ਰਾਸ਼ਟਰਪਤੀ ਨੇ ਕਿਹਾ ਕਿ ਉਹ ਨਹੀਂ ਜਾਣਦੇ ਕਿ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਸੰਮੇਲਨ ਵਿਚ ਹਿੱਸਾ ਕਿਉਂ ਨਹੀਂ ਲਿਆ ਪਰ ਉਨ੍ਹਾਂ ਨੂੰ ਬ੍ਰਾਜ਼ੀਲ ਆਉਣ ਦਾ ਸੱਦਾ ਦਿੱਤਾ ਜਾਵੇਗਾ ਤੇ ਆਸ ਹੈ ਕਿ ਉਹ ਆਉਣਗੇ। ਲੂਲਾ ਨੇ ਵਿਸ਼ਵ ਬੈਂਕ ਵਿਚ ਵੀ ਸੁਧਾਰਾਂ ਦਾ ਸੱਦਾ ਦਿੱਤਾ ਤਾਂ ਕਿ ਇਹ ਹੋਰ ਬਿਹਤਰ ਢੰਗ ਨਾਲ ਵਿਕਾਸਸ਼ੀਲ ਮੁਲਕਾਂ ਦੀ ਤਰਜਮਾਨੀ ਕਰ ਸਕੇ। ਲੂਲਾ ਨੇ ਦਿੱਲੀ ਐਲਾਨਨਾਮੇ ਵਿਚ ਯੂਕਰੇਨ ਮੁੱਦੇ ਉਤੇ ਬਣੀ ਸਹਿਮਤੀ ਦੀ ਵੀ ਸ਼ਲਾਘਾ ਕੀਤੀ।

**ਜੀ20 ਦਾ ਐਲਾਨ-ਨਾਮਾ ਸਮਝੌਤਾ ਕਰਨ ਦੇ ਬਰਾਬਰ: ਮਾਰਕ ਰੁੱਟੇ**

ਨੈਦਰਲੈਂਡਜ਼ ਦੇ ਪ੍ਰਧਾਨ ਮੰਤਰੀ ਮਾਰਕ ਰੁੱਟੇ ਨੇ ਕਿਹਾ ਕਿ ਜੀ20 ਸਿਖਰ ਸੰਮੇਲਨ ਦਾ ਦਿੱਲੀ ਐਲਾਨਨਾਮਾ ਸਪੱਸ਼ਟ ਤੌਰ 'ਤੇ, ਸਮਝੌਤਾ ਕਰਨ ਦੇ ਬਰਾਬਰ ਸੀ, ਜਿਸ ਤਰ੍ਹਾਂ ਆਮ ਤੌਰ 'ਤੇ ਅਜਿਹੇ ਬਹੁਪੱਖੀ ਮੰਚਾਂ ਉਤੇ ਹੁੰਦਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਇਸ ਗੱਲ ਦੀ ਖ਼ੁਸ਼ੀ ਹੈ



ਕਿ ਐਲਾਨਨਾਮੇ ਵਿਚ ਕੁਝ ਅਹਿਮ ਤੱਤ ਵੀ ਹਨ, ਤੇ ਭਾਰਤ ਇਸ ਨੂੰ ਸਿਰੇ ਲਾਉਣ ਵਿਚ ਸਫ਼ਲ ਰਿਹਾ ਹੈ। ਰੁੱਟੇ, ਜਿਨ੍ਹਾਂ ਜੀ20 ਸੰਮੇਲਨ ਵਿਚ ਹਿੱਸਾ ਲਿਆ ਹੈ, ਅੱਜ ਇਕ ਦਿੱਤੀ ਦੌਰੇ ਉਤੇ ਬੰਗਲੁਰੂ ਆਏ ਸਨ। ਨੈਦਰਲੈਂਡਜ਼ ਦੇ ਪ੍ਰਧਾਨ ਮੰਤਰੀ ਅੱਜ ਇੱਥੇ ਮੀਡੀਆ ਦੇ ਸਵਾਲਾਂ ਦੇ ਜਵਾਬ ਦੇ ਰਹੇ ਸਨ। ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਨਵੀਂ ਦਿੱਲੀ ਐਲਾਨਨਾਮੇ, ਵਿਸ਼ੇਸ਼ ਤੌਰ 'ਤੇ ਯੂਕਰੇਨ ਦੇ ਇਸ ਵਿਚ ਜ਼ਿਕਰ ਤੋਂ ਖ਼ੁਸ਼ ਹਨ। ਮਾਰਕ ਰੁੱਟੇ ਨੇ ਇਸ ਮੌਕੇ ਭਾਰਤ-ਨੈਦਰਲੈਂਡਜ਼ ਦੇ ਸਬੰਧਾਂ ਨੂੰ ਉਚਾ ਚੁੱਕਣ ਤੇ ਰਣਨੀਤਕ ਪੱਧਰ 'ਤੇ ਹੋਰ ਮਜ਼ਬੂਤ ਕਰਨ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਿਰਫ਼ ਆਰਥਿਕ ਪੱਖ ਤੋਂ ਹੀ ਨਹੀਂ ਬਲਕਿ ਰਣਨੀਤਕ ਪੱਖ ਤੋਂ ਵੀ ਭਾਈਵਾਲੀ ਮਜ਼ਬੂਤ ਕਰਨ ਦੀ ਲੋੜ ਹੈ। ਮਾਰਕ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਈ ਮੁਲਾਕਾਤ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ ਤੇ ਚਾਰ-ਪੰਜ ਸਾਲਾਂ ਵਿਚ ਦੁਨੀਆ ਦੀ ਤੀਜੀ ਵੱਡੀ ਆਰਥਿਕਤਾ ਬਣ ਜਾਵੇਗਾ, ਤੇ ਇਸ ਸਫ਼ਰ ਵਿਚ ਭਾਰਤ ਦਾ ਸਾਥੀ ਬਣ ਕੇ ਨੈਦਰਲੈਂਡਜ਼ ਮਾਣ ਮਹਿਸੂਸ ਕਰਦਾ ਹੈ। ਇਸ ਮੌਕੇ ਕਰਨਾਟਕ ਦੇ ਉਪ ਮੁੱਖ ਮੰਤਰੀ ਡੀਕੇ ਸ਼ਿਵਕੁਮਾਰ ਤੇ ਸੂਬੇ ਦੇ ਹੋਰ ਆਗੂ ਹਾਜ਼ਰ ਸਨ।

# ਔਰਤਾਂ ਲਈ ਇਨਸਾਫ਼ 'ਚ ਦੇਰੀ - ਬੰਦੇ ਦੇ ਬਿਰਖ ਹੋਣ ਵਾਂਗਰ



ਗੁਰਮੀਤ ਪਲਾਹੀ
91-98158-02070

ਭਾਰਤ ਵਿੱਚ ਔਰਤਾਂ ਲਈ ਅਦਾਲਤੀ ਇਨਸਾਫ਼ ਦੀ ਤਸਵੀਰ ਇਹਨਾਂ ਦੋ ਅਦਾਲਤੀ ਫ਼ੈਸਲਿਆਂ ਤੋਂ ਵੇਖੀ ਜਾ ਸਕਦੀ ਹੈ: ਕੁੱਝ ਸਮਾਂ ਪਹਿਲਾਂ ਮੁੰਬਈ ਉੱਚ ਅਦਾਲਤ (ਹਾਈਕੋਰਟ) ਵੱਲੋਂ ਅੱਸੀ ਸਾਲਾਂ ਤੋਂ ਚੱਲ ਰਹੇ ਜਾਇਦਾਦ ਦੇ ਮਾਮਲੇ ਵਿੱਚ ਫ਼ੈਸਲਾ ਲੈਂਦਿਆਂ ਇੱਕ 93 ਸਾਲ ਦੀ ਔਰਤ ਨੂੰ ਦੋ ਫਲੈਟ ਸੌਂਪਣ ਦਾ ਫ਼ੈਸਲਾ ਕੀਤਾ, ਜੋ ਇਸਦੀ ਅਸਲੀ ਮਾਲਕ ਸੀ। ਉਹ 80 ਸਾਲ ਅਦਾਲਤਾਂ ਵਿੱਚ ਧੱਕੇ ਖਾਂਦੀ ਰਹੀ, ਉਸਦੀ ਪੂਰੀ ਜ਼ਿੰਦਗੀ ਭਾਰਤੀ ਕਾਨੂੰਨ ਵਿਵਸਥਾ, ਇਸਦੀਆਂ ਉਲਝਣਾਂ ਅਤੇ ਹੌਲੀ ਮਟਕੀਲੀ ਤੌਰ ਦੇ ਲੇਖੇ ਲੱਗ ਗਈ।

ਪਿਛਲੇ ਦਿਨੀਂ ਦੇਸ਼ ਦੀ ਸਰਬ ਉੱਚ ਅਦਾਲਤ (ਸੁਪਰੀਮ ਕੋਰਟ) ਦੀ ਇੱਕ ਟਿੱਪਣੀ ਧਿਆਨ ਮੰਗਦੀ ਹੈ: ਇਹ ਟਿੱਪਣੀ ਕਾਨੂੰਨੀ ਪ੍ਰਕਿਰਿਆ ਨਾਲ ਜੁੜੀ ਹੋਈ ਹੈ। ਇਸਦੀ ਦੇਸ਼ ਭਰ ਵਿੱਚ ਚਰਚਾ ਹੋਈ। ਅਸਲ ਵਿੱਚ ਸੁਪਰੀਮ ਕੋਰਟ ਨੇ ਗੁਜਰਾਤ ਹਾਈਕੋਰਟ ਦੇ ਇੱਕ ਉਸ ਫੈਸਲੇ ਉੱਤੇ ਨਰਾਜ਼ਗੀ ਪ੍ਰਗਟ ਕੀਤੀ ਜੋ ਔਰਤ ਦੇ ਗਰਭਵਤੀ ਹੋਣ ਦੇ ਮਾਮਲੇ ਨਾਲ ਜੁੜਿਆ ਹੋਇਆ ਹੈ। ਔਰਤ ਨਾਲ ਬਲਾਤਕਾਰ ਹੋਇਆ ਸੀ, ਰਸਤਾ ਹੀ ਚੁਣਨਾ ਪੈਂਦਾ ਹੈ। ਕਈ ਔਰਤਾਂ, ਲੜਕੀਆਂ ਜਿਹੜੀਆਂ ਯੌਨ ਹਿੰਸਾ, ਬਲਾਤਕਾਰ ਦਾ ਸ਼ਿਕਾਰ ਹੋ ਜਾਂਦੀਆਂ ਹਨ, ਉਹ ਸਮਾਜਿਕ ਡਰ ਅਤੇ ਬਦਨਾਮੀ ਦੇ ਡਰੋਂ ਖ਼ੁਦਕੁਸ਼ੀ ਦੇ ਰਾਹ ਹੀ ਪੈ ਜਾਂਦੀਆਂ ਹਨ। ਇਹ ਅਤਿ ਦੁਖਦਾਈ ਹੈ।

ਦੇਸ਼ ਵਿੱਚ ਬਲਾਤਕਾਰ ਪੀੜਤਾਂ ਲਈ ਕਾਨੂੰਨ ਹੈ, ਜਿਸ ਅਨੁਸਾਰ ਗਰਭਪਾਤ ਦੇ 24 ਹਫ਼ਤਿਆਂ ਦੇ ਸਮੇਂ ਦੌਰਾਨ ਗਰਭਪਾਤ ਦੀ ਇਜਾਜ਼ਤ ਹੈ। ਪਰ ਜੇਕਰ ਇਹ ਸਮਾਂ 24 ਹਫ਼ਤਿਆਂ ਤੋਂ ਉੱਪਰ ਹੋ ਜਾਂਦਾ ਹੈ ਤਾਂ ਅਦਾਲਤ ਵਲੋਂ ਪ੍ਰਵਾਨਗੀ ਲੈਣੀ ਪੈਂਦੀ ਹੈ। ਸਾਲ 2022 ਵਿੱਚ ਕੇਰਲ ਉੱਚ ਅਦਾਲਤ ਨੇ ਇਕ ਨਾਬਾਲਗ ਪੀੜਤਾ ਦੇ ਕੇਸ ਵਿੱਚ 28 ਹਫ਼ਤਿਆਂ ਦੇ ਗਰਭਪਾਤ ਖ਼ਤਮ ਕਰਨ ਦੀ ਆਗਿਆ ਦਿੱਤੀ। ਦਿੱਲੀ ਅਦਾਲਤ ਨੇ 26 ਹਫ਼ਤਿਆਂ ਦੀ 13 ਸਾਲਾਂ ਬਲਾਤਕਾਰ ਪੀੜਤ ਲੜਕੀ ਨੂੰ ਇਹ ਕਹਿੰਦਿਆਂ ਗਰਭਪਾਤ ਆਗਿਆ ਦਿੱਤੀ ਕਿ ਉਹ ਇਸ ਉਮਰ ਵਿੱਚ ਮਾਂ ਬਣਨ ਦਾ ਭਾਰ ਨਹੀਂ ਚੁੱਕ ਸਕਦੀ। ਉਸ ਨੂੰ ਮਾਂ ਬਣਨ ਦੇਣਾ ਉਸਦੇ ਦੁੱਖਾਂ ਅਤੇ ਪੀੜਾਂ ਵਿੱਚ ਵਾਧਾ ਕਰਨ ਬਰਾਬਰ ਹੋਵੇਗਾ।

ਜਾਂ ਸਮਾਜ ਵਿੱਚ ਇਸ ਘਟਨਾ ਦੇ ਵਾਪਰਨ ਬਾਅਦ, ਫਿਰ ਅਦਾਲਤ ਵਿੱਚ ਇਨਸਾਫ਼ ਲਈ ਚੱਕਰਾਂ ਜਾਂ ਹੋਰ ਥਾਵਾਂ ਉੱਤੇ ਔਰਤਾਂ, ਲੜਕੀਆਂ ਨੂੰ ਝੱਲਣੀ ਪੈਂਦੀ ਹੈ, ਉਸ ਦਾ ਅਹਿਸਾਸ ਸ਼ਾਇਦ ਹੀ ਮਰਦ ਪ੍ਰਧਾਨ ਸਮਾਜ ਵਿੱਚ ਮਰਦ ਜੱਜਾਂ ਨੂੰ ਹੋਏਗਾ। ਔਰਤਾਂ ਜੱਜਾਂ ਇਸ ਸਥਿਤੀ ਨੂੰ ਸਮਝਣ ਲਈ ਸਾਰਥਿਕ ਇਨਸਾਫ਼ ਦੇ ਸਕਦੀਆਂ ਹਨ ਪਰ ਦੇਸ਼ ਵਿੱਚ ਕਿੰਨੀਆਂ ਮਹਿਲਾ ਜੱਜ ਹਨ, ਉਹਨਾਂ ਵਿੱਚੋਂ ਵੀ ਕਿੰਨੀਆਂ ਸਾਹਮਣੇ ਬਲਾਤਕਾਰ ਦੇ ਕੇਸ ਪੇਸ਼ ਕੀਤੇ ਜਾਂਦੇ ਹਨ? ਇਹ ਵੇਖਣਾ ਬਣਦਾ ਹੈ।

ਦੇਸ਼ ਦੀਆਂ ਹਾਈ ਕੋਰਟਾਂ ਵਿੱਚ 788 ਜੱਜ ਹਨ, ਜਿਹਨਾਂ ਵਿੱਚੋਂ 107 ਮਹਿਲਾ ਜੱਜ ਹਨ ਅਤੇ ਜੂਨ 2023 ਦੇ ਮਿਲੇ ਅੰਕੜਿਆਂ ਅਨੁਸਾਰ ਕੋਈ ਵੀ ਮਹਿਲਾ ਜੱਜ ਕਿਸੇ ਵੀ ਹਾਈਕੋਰਟ ਦੀ ਮੁੱਖ ਜੱਜ ਨਹੀਂ ਹੈ। ਆਜ਼ਾਦੀ ਦੇ 73 ਸਾਲਾਂ ਵਿੱਚ ਸੁਪਰੀਮ ਕੋਰਟ ਦੇ 268 ਜੱਜ ਬਣੇ ਹਨ ਉਹਨਾਂ ਵਿੱਚੋਂ 11 ਮਹਿਲਾ ਜੱਜ ਹੀ ਸੁਪਰੀਮ ਕੋਰਟ ਦੀਆਂ ਜੱਜ ਬਣਨ ਦਾ ਮੌਕਾ ਲੈ ਸਕੀਆਂ। ਸੁਪਰੀਮ ਕੋਰਟ ਦੀ ਕੋਈ ਜੱਜ ਮੁੱਖ ਜੱਜ ਨਹੀਂ ਬਣ ਸਕੀ। ਤੁਛ ਜਿਹੀ ਮਹਿਲਾ ਜੱਜਾਂ ਦੀ ਗਿਣਤੀ ਦੇ ਦੀਆਂ ਸੜਕਾਂ ਤੇ ਬਲਾਤਕਾਰ ਅਤੇ ਕਤਲ ਕਿਸ ਨੂੰ ਯਾਦ ਨਹੀਂ। ਨਿੱਤ ਦਿਹਾੜੇ ਪੇਂਡੂ ਭਾਰਤ ਜਿਸਦੀ ਆਬਾਦੀ 70 ਫੀਸਦੀ ਹੈ, ਉੱਥੇ ਬਲਾਤਕਾਰ ਹੁੰਦੇ ਹਨ, ਕਤਲ ਹੁੰਦੇ ਹਨ, ਸੁਪਨੇ ਕਤਲ ਹੁੰਦੇ ਹਨ, ਲੜਕੀਆਂ ਨੂੰ ਕਈ ਹਾਲਾਤਾਂ ਵਿੱਚ ਦੋਸ਼ੀ ਗਰਦਾਨਿਆਂ ਜਾਂਦਾ ਹੈ ਅਤੇ ਉਹਨਾਂ ਦੇ ਮੂੰਹ 'ਤੇ ਪੱਟੀ ਬੰਨ੍ਹ ਦਿੱਤੀ ਜਾਂਦੀ ਹੈ, ਸਮਾਜ ਵਿੱਚ ਬਦਨਾਮੀ ਦੇ ਡਰ ਦੀ ਪੱਟੀ! ਉਸ ਵੇਲੇ ਆਖਿਰ ਕੁਦਰਤੀ ਇਨਸਾਫ਼ ਕਿੱਥੇ ਚਲਾ ਜਾਂਦਾ ਹੈ? ਉੱਥੇ ਪੰਚਾਇਤੀ ਇਨਸਾਫ਼ ਵੀ ਔਰਤਾਂ ਦੇ ਵਿਰੁੱਧ ਕਿਉਂ ਹੋ ਜਾਂਦਾ ਹੈ?



**ਭਾਰਤ ਵਿੱਚ ਬਲਾਤਕਾਰ ਦੇ ਮਾਮਲੇ 2005 ਤੋਂ 2021 ਤੱਕ ਧਿਆਨ ਮੰਗਣ ਯੋਗ ਹਨ। ਸਾਲ 2005 ਵਿੱਚ ਬਲਾਤਕਾਰਾਂ ਦੀ ਗਿਣਤੀ 18359 ਸੀ ਜੋ ਸਾਲ 2021 ਵਿੱਚ 31,677 ਹੋ ਗਈ ਹੈ। ਕੀ ਇਹ ਕਥਿਤ ਧਰਮੀ ਦੇਸ਼ ਦੇ ਮੱਥੇ ਉੱਤੇ ਕਲੰਕ ਨਹੀਂ? ਕੀ ਇਹ ਮਨੁੱਖ ਦੀ ਦਰਿਦਰਤਾ ਦੀ ਨਿਸ਼ਾਨੀ ਨਹੀਂ? ਕੀ ਇਹ ਉਹ ਦੇਸ਼ ਲਈ ਵੱਡਾ ਸਵਾਲ ਨਹੀਂ ਜਿੱਥੇ 80 ਫੀਸਦੀ ਲੋਕ ਦੇਵੀ, ਦੇਵਤਿਆਂ ਦੀ ਪੂਜਾ ਕਰਦੇ ਹਨ। ਕੀ ਉੱਥੇ ਉਧਾਲੇ, ਬਲਾਤਕਾਰ, ਘਰੇਲੂ ਹਿੰਸਾ ਲਈ ਕੋਈ ਥਾਂ ਹੋਣੀ ਚਾਹੀਦੀ ਹੈ? ਸਾਲ 2021 ਵਿੱਚ 43000 ਕੇਸ ਔਰਤਾਂ ਵਿਰੁੱਧ ਅੱਤਿਆਚਾਰ, ਅਪਰਾਧ ਆਦਿ ਦੇ ਦਰਜ਼ ਹੋਏ ਅਤੇ ਇਨਸਾਫ਼ ਦੀ ਉਡੀਕ ਵਿੱਚ ਮਾਸੂਮ, ਮਾਯੂਸ ਅੱਖਾਂ ਅਦਾਲਤੀ ਦਰਵਾਜਿਆਂ ਦਾ ਰੁਖ਼ ਕਰੀ ਬੈਠੀਆਂ ਹਨ।**

ਉਸਦੇ ਗਰਭ ਵਿੱਚ ਬੱਚਾ ਸੀ। ਉਹ ਇਸ ਨਜਾਇਜ਼ ਬੱਚੇ ਨੂੰ ਸਮਾਂ ਰਹਿੰਦਿਆਂ ਪੇਟ ਵਿੱਚੋਂ ਖ਼ਤਮ ਕਰਨ ਦੀ ਅਦਾਲਤ ਤੋਂ ਆਗਿਆ ਮੰਗ ਰਹੀ ਸੀ। ਹਾਈਕੋਰਟ ਨੇ ਇਸ ਮਾਮਲੇ ਨੂੰ ਲਟਕਾਈ ਰੱਖਿਆ। ਸੁਣਵਾਈ ਲਈ ਮਾਮਲਾ ਸੂਚੀਬੱਧ ਕਰਨ ਲਈ ਹੀ 12 ਦਿਨ ਲਗਾ ਦਿੱਤੇ। ਜਦਕਿ ਹਰ ਦਿਨ ਦੀ ਦੇਰੀ ਇਸ ਅਵਸਥਾ ਵਿੱਚ ਬੱਚੇ ਨੂੰ ਗਿਰਾਉਣ ਵਿੱਚ ਔਰਤ ਦੀ ਜਾਨ ਦਾ ਖੌਅ ਬਣ ਸਕਦੀ ਸੀ। ਇਹ ਔਰਤ 26 ਹਫ਼ਤਿਆਂ ਤੋਂ ਗਰਭਵਤੀ ਸੀ। ਇਸ ਔਰਤ ਦੀ ਬੇਨਤੀ ਉੱਚ ਅਦਾਲਤ ਵਲੋਂ ਕੋਈ ਹੁਕਮ ਜਾਰੀ ਕੀਤੇ ਬਿਨਾਂ ਹੀ ਖਾਰਜ ਕਰ ਦਿੱਤੀ। ਇਹ ਔਰਤ ਸਰੀਰਕ ਤੌਰ 'ਤੇ ਤਾਂ ਪ੍ਰੇਸ਼ਾਨ ਸੀ ਹੀ, ਮਾਨਸਿਕ ਤੌਰ 'ਤੇ ਬੁਰੀ ਤਰ੍ਹਾਂ ਪੀੜਾ ਹੰਢਾ ਰਹੀ ਸੀ।

ਘਟਨਾ ਅਪਰਾਧਿਕ ਹੋਵੇ ਜਾਂ ਬਲਾਤਕਾਰ ਨਾਲ ਸਬੰਧਿਤ, ਔਰਤਾਂ ਦੇ ਇਹੋ ਜਿਹੇ ਮਾਮਲਿਆਂ ਵਿੱਚ ਸੁਣਵਾਈ ਲਈ ਦੇਰੀ ਉਹਨਾ ਲਈ ਬੇਹੱਦ ਕਸ਼ਟਦਾਇਕ ਹੈ। ਉਹਨਾਂ ਲਈ ਨਿੱਤਪ੍ਰਤੀ ਗੰਭੀਰ ਸਥਿਤੀਆਂ ਅਤੇ ਸਮੱਸਿਆਵਾਂ ਪੈਦਾ ਕਰਦੀ ਹੈ। ਕਈ ਵਾਰ ਇਹੋ ਜਿਹੀਆਂ ਸਥਿਤੀਆਂ ਵਿੱਚ ਮਾਪੇ ਅਣਸੁਰੱਖਿਅਤ ਗਰਭਪਾਤ ਦਾ ਫ਼ੈਸਲਾ ਲੈਂਦੇ ਹਨ, ਜਿਸ ਨਾਲ ਔਰਤਾਂ, ਲੜਕੀਆਂ ਦੀ ਜਾਨ ਤੱਕ ਚਲੀ ਜਾਂਦੀ ਹੈ।

ਭਾਰਤ ਵਿਚ ਅਣਸੁਰੱਖਿਅਤ ਗਰਭਪਾਤ ਦੇ ਅੰਕੜੇ ਤਾਂ ਪਹਿਲਾਂ ਹੀ ਬਹੁਤ ਤਕਲੀਫ਼ਦੇਹ ਹਨ। 2022 ਵਿੱਚ ਸੰਯੁਕਤ ਰਾਸ਼ਟਰ ਨੇ ਵਿਸ਼ਵ ਜਨਸੰਖਿਆ ਰਿਪੋਰਟ ਛਾਪੀ ਹੈ। ਜਿਸ ਅਨੁਸਾਰ ਭਾਰਤ ਵਿੱਚ ਹਰ ਦਿਨ ਅੱਠ ਔਰਤਾਂ ਅਣਸੁਰੱਖਿਅਤ ਗਰਭਪਾਤ ਦੇ ਕਾਰਨ ਮੌਤ ਦੇ ਮੂੰਹ ਵਿੱਚ ਚਲੀਆਂ ਜਾਂਦੀਆਂ ਹਨ।

ਭਾਰਤ ਵਿੱਚ ਪਰਿਵਾਰ ਸਿਹਤ ਸਰਵੇ -5 ਦੇ ਅੰਕੜੇ ਵੀ ਡਰਾਉਣੇ ਹਨ। ਉਸ ਅਨੁਸਾਰ ਦੇਸ਼ ਵਿੱਚ ਜੋ ਕੁੱਲ ਗਰਭਪਾਤ ਹੁੰਦਾ ਹੈ, ਉਸ ਦਾ ਚੋਥਾ ਹਿੱਸਾ ਘਰਾਂ ਵਿੱਚ ਹੀ ਹੁੰਦਾ ਹੈ, ਇਹ ਸਥਾਨਕ ਦਾਈਆਂ ਕਰਦੀਆਂ ਹਨ। ਇਹੋ ਜਿਹੇ ਹਾਲਾਤਾਂ ਵਿੱਚ ਇਹ ਸਮਝਣਾ ਔਖਾ ਨਹੀਂ ਕਿ ਜੋਨ ਹਿੰਸਾ ਦੀਆਂ ਸ਼ਿਕਾਰ ਔਰਤਾਂ, ਲੜਕੀਆਂ ਨੂੰ ਅਣਸੁਰੱਖਿਅਤ ਗਰਭਪਾਤ ਦਾ

ਔਰਤਾਂ ਨਾਲ ਘਰ ਵਿੱਚ ਜਾਂ ਬਾਹਰ ਹਿੰਸਕ ਵਰਤਾਰਾ ਵੱਧ ਰਿਹਾ ਹੈ। ਉਹਨਾਂ ਪ੍ਰਤੀ ਅਪਰਾਧਿਕ ਮਾਮਲੇ, ਜੋਨ ਹਿੰਸਾ ਤੇਜ਼ੀ ਨਾਲ ਵਧ ਰਹੀ ਹੈ ਪਰ ਦੂਜੇ ਪਾਸੇ ਕਾਨੂੰਨੀ ਮੋਰਚੇ ਤੇ ਫੈਸਲਿਆਂ ਨੂੰ ਲੈਕੇ ਸੁਣਵਾਈ ਵਿੱਚ ਦੇਰੀ ਉਹਨਾਂ ਦੇ ਦੁੱਖਾਂ ਦਾ ਕਾਰਨ ਬਣਦੀ ਹੈ। ਦਰਦਨਾਕ ਸਥਿਤੀ ਵੇਖੋ ਸਮੂਹਿਕ ਬਲਾਤਕਾਰ ਮਾਮਲਿਆਂ ਵਿੱਚ ਅਦਾਲਤਾਂ ਵਿੱਚ ਕੇਸ ਸਾਲਾਂ ਬੱਧੀ ਲਟਕਦੇ ਹਨ, ਤਾਰੀਖ ਦਰ ਤਾਰੀਖ ਅਤੇ ਫੈਸਲਿਆਂ ਦੀ ਉਡੀਕ ਬੰਦੇ ਨੂੰ ਬਿਰਖ ਜਿਹਾ ਕਰ ਦਿੰਦੀ ਹੈ। ਪ੍ਰਸਿੱਧ ਕਵੀ ਸੁਰਜੀਤ ਪਾਤਰ ਦਾ ਸ਼ਿਅਰ 'ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ, ਫ਼ੈਸਲਾ ਸੁਣਦਿਆਂ ਸੁਣਦਿਆਂ ਸੁਕ ਗਏ' ਐਨਾਂ ਢੁੱਕਵਾਂ ਹੈ ਕਿ ਅਦਾਲਤੀ ਪ੍ਰਕਿਰਿਆ ਦੀ ਸਹੀ ਹਾਲਤ ਦਾ ਵਰਣਨ ਕਰਦਾ ਹੈ।

ਅਦਾਲਤੀ ਪ੍ਰਕਿਰਿਆ ਤਾਂ ਹੈ ਹੀ ਐਸੀ ਅਤੇ ਪੇਚੀਦਾ, ਪਰ ਵਿਡੰਬਨਾ ਇਹ ਵੀ ਹੈ ਦੇਸ਼ ਵਿੱਚ ਹਰ ਚਾਰ ਵਿੱਚੋਂ ਇੱਕ ਮਾਮਲੇ ਵਿਚ ਹੀ ਅਜਿਹਾ ਅਪਰਾਧਿਕ ਸਿੱਧ ਹੋ ਪਾਉਂਦਾ ਹੈ। ਅਦਾਲਤਾਂ ਦੇ ਗੁੰਝਲਦਾਰ ਅਤੇ ਲੰਮੇ ਝੰਜਟ ਵਿੱਚ ਹੀ ਗਵਾਹ ਮੁੱਕਰ ਜਾਂਦੇ ਹਨ, ਜਾਂ ਮੁਕਰਾ ਦਿੱਤੇ ਜਾਂਦੇ ਹਨ, ਅਤੇ ਦੋਸ਼ੀ ਸ਼ੱਕ ਦਾ ਫ਼ਾਇਦਾ ਲੈਕੇ ਬਰੀ ਹੋ ਜਾਂਦੇ ਹਨ। ਇਹੋ ਜਿਹੇ ਬਲਾਤਕਾਰੀ ਦੋਸ਼ੀ ਜਦੋਂ ਸ਼ਰੇਆਮ ਮੁੜ ਸਮਾਜ ਵਿੱਚ ਵਿਚਰਦੇ ਹਨ ਅਤੇ ਔਰਤਾਂ ਖ਼ਾਸਕਰ ਪੀੜਤ ਔਰਤਾਂ ਲਈ ਹੋਰ ਵੀ ਪੀੜਾਂ ਦੁੱਖਾਂ ਦਾ ਕਾਰਨ ਬਣਦੇ ਹਨ। ਇਹੋ ਜਿਹੇ ਹਾਲਾਤ ਵੇਖਦਿਆਂ ਅਤੇ ਸਮਾਜ ਵਿੱਚ ਔਰਤਾਂ, ਲੜਕੀਆਂ ਨਾਲ ਹੁੰਦੇ ਵਰਤਾਓ ਅਤੇ ਹੰਢਾਏ ਜਾਂਦੇ ਸੰਤਾਪ ਦੇ ਮੱਦੇਨਜ਼ਰ ਉੱਚ ਅਦਾਲਤ ਨੇ ਟਿੱਪਣੀ ਕੀਤੀ ਸੀ ਕਿ ਜੋਨ ਸ਼ੋਸ਼ਣ, ਬਲਾਤਕਾਰ ਦੇ ਅਪਰਾਧੀਆਂ ਦੇ ਮਾਮਲੇ ਵਿੱਚ ਭਾਰਤੀ ਸੰਸਦ ਵਿੱਚ ਸਖ਼ਤ ਕਾਨੂੰਨ ਬਣਨਾ ਚਾਹੀਦਾ ਹੈ। ਅਦਾਲਤ ਬਹੁਤੀ ਵੇਰ ਦੇਸ਼ ਵਿੱਚ ਬਣੇ ਹੋਏ ਕਾਨੂੰਨਾਂ ਦੀਆਂ ਹੱਦਾਂ ਨਾਪਦਿਆਂ ਫ਼ੈਸਲੇ ਕਰਦੀ ਹੈ, ਭਾਵੇਂ ਕਿ ਉਹ ਕਦੇ ਵੀ ਵਹਿਸ਼ੀ ਦਰਿੰਦਿਆਂ ਦੇ ਹੱਕ ਵਿੱਚ ਨਹੀਂ ਹੁੰਦੇ।

ਜਿਸ ਕਿਸਮ ਦੀ ਪੀੜਾ ਬਲਾਤਕਾਰ ਦੌਰਾਨ, ਉਪਰੰਤ ਮਾਪਿਆਂ ਅਤੇ ਸਬੰਧੀਆਂ ਦੇ ਵਿਵਹਾਰ ਦੇ ਰੂਪ ਵਿੱਚ ਹੁੰਦਿਆਂ, ਔਰਤਾਂ ਦੇ ਮਾਮਲਿਆਂ ਦੀ ਸੰਵੇਦਨਸ਼ੀਲਤਾ, ਬਲਾਤਕਾਰਾਂ, ਘਰੇਲੂ ਹਿੰਸਾ, ਔਰਤਾਂ ਉੱਪਰ ਹੋ ਰਹੇ ਅਪਰਾਧਾਂ ਨੂੰ ਸਮਝਣ ਦੀ ਕਮੀ ਕਾਰਨ ਕੀ ਔਰਤਾਂ ਨੂੰ ਪੂਰਾ ਇਨਸਾਫ਼ ਮਿਲ ਸਕਦਾ ਹੈ, ਜਿਸ ਦੀ ਤਵੱਕੋ ਇਨਸਾਫ਼ ਦੀ ਤੱਕੜੀ ਤੋਂ ਕੀਤੀ ਜਾਂਦੀ ਹੈ। ਮਨੀਪੁਰ ਵਿੱਚ ਔਰਤਾਂ ਨੂੰ ਨੰਗਿਆਂ ਕਰਕੇ ਭੀੜ ਵੱਲੋਂ ਘੁਮਾਉਣ ਦੀ ਘਟਨਾ ਅਤੇ ਸਮੂਹਿਕ ਬਲਾਤਕਾਰ ਦੀਆਂ ਹਿਰਦੇ ਵੇਦਿਕ ਘਟਨਾਵਾਂ ਸਮਾਜ ਦੇ ਮੱਥੇ ਤੇ ਕਲੰਕ ਵਾਂਗਰ ਜੁੜੀਆਂ ਨਜ਼ਰ ਆਉਂਦੀਆਂ ਹਨ ਅਤੇ ਇਨਸਾਫ਼ ਦੀ ਮੰਗ ਕਰਦੀਆਂ ਹਨ। ਪਰ ਸਮਾਜ ਵਿੱਚ ਕਠੋਰਤਾ, ਮਰਦਊਪੁਣਾਂ, ਭਿਅੰਕਰ ਅੱਖੜਪੁਣਾ, ਕੁਸੈਲਾ ਸੁਭਾਅ, ਫਿਰਕੂ ਹਵਾਵਾਂ, ਜਦੋਂ ਸ਼ੁੱਧ ਹਵਾ ਵਿੱਚ ਫੈਲਦੀਆਂ ਹਨ ਤਾਂ ਹਵਾ ਗੰਧਲੀ ਹੋ ਜਾਂਦੀ ਹੈ ਅਤੇ ਇਸਦਾ ਸਿੱਧਾ ਅਤੇ ਪਹਿਲਾ ਪ੍ਰਭਾਵ ਔਰਤਾਂ ਉੱਤੇ ਪੈਂਦਾ ਹੈ। ਇਹ ਭਾਵੇਂ ਦੋ ਦੇਸ਼ਾਂ ਵਿੱਚ ਜੰਗ ਹੋਵੇ, ਦੋ ਫ਼ਿਰਕਿਆਂ ਵਿੱਚ ਟੱਕਰ ਹੋਵੇ ਜਾਂ ਦੋ ਧਿਰਾਂ ਵਿੱਚ ਆਪਸੀ ਖਹਿਬਾਜ਼ੀ।

ਭਾਰਤ ਵਿੱਚ ਬਲਾਤਕਾਰ ਦੇ ਮਾਮਲੇ 2005 ਤੋਂ 2021 ਤੱਕ ਧਿਆਨ ਮੰਗਣ ਯੋਗ ਹਨ। ਸਾਲ 2005 ਵਿੱਚ ਬਲਾਤਕਾਰਾਂ ਦੀ ਗਿਣਤੀ 18359 ਸੀ ਜੋ ਸਾਲ 2021 ਵਿੱਚ 31,677 ਹੋ ਗਈ ਹੈ। ਕੀ ਇਹ ਕਥਿਤ ਧਰਮੀ ਦੇਸ਼ ਦੇ ਮੱਥੇ ਉੱਤੇ ਕਲੰਕ ਨਹੀਂ? ਕੀ ਇਹ ਮਨੁੱਖ ਦੀ ਦਰਿਦਰਤਾ ਦੀ ਨਿਸ਼ਾਨੀ ਨਹੀਂ? ਕੀ ਇਹ ਉਹ ਦੇਸ਼ ਲਈ ਵੱਡਾ ਸਵਾਲ ਨਹੀਂ ਜਿੱਥੇ 80 ਫੀਸਦੀ ਲੋਕ ਦੇਵੀ, ਦੇਵਤਿਆਂ ਦੀ ਪੂਜਾ ਕਰਦੇ ਹਨ। ਕੀ ਉੱਥੇ ਉਧਾਲੇ, ਬਲਾਤਕਾਰ, ਘਰੇਲੂ ਹਿੰਸਾ ਲਈ ਕੋਈ ਥਾਂ ਹੋਣੀ ਚਾਹੀਦੀ ਹੈ? ਸਾਲ 2021 ਵਿੱਚ 43000 ਕੇਸ ਔਰਤਾਂ ਵਿਰੁੱਧ ਅੱਤਿਆਚਾਰ, ਅਪਰਾਧ ਆਦਿ ਦੇ ਦਰਜ਼ ਹੋਏ ਅਤੇ ਇਨਸਾਫ਼ ਦੀ ਉਡੀਕ ਵਿੱਚ ਮਾਸੂਮ, ਮਾਯੂਸ ਅੱਖਾਂ ਅਦਾਲਤੀ ਦਰਵਾਜਿਆਂ ਦਾ ਰੁਖ਼ ਕਰੀ ਬੈਠੀਆਂ ਹਨ। ਸਾਲ 1992 ਦੀ ਘਟਨਾ ਹੈ। ਇੱਕ ਆਦਿਵਾਸੀ ਕੁੜੀ ਜੋ ਗੁੰਗੀ ਬੋਲੀ ਸੀ, ਉਹ ਆਪਣੀ ਰੋਜ਼ੀ ਰੋਟੀ ਲਈ ਮਜ਼ਦੂਰੀ ਕਰਿਆ ਕਰਦੀ ਸੀ। ਇਸ ਨੰਨ੍ਹੀ ਬਾਲਕਾ ਦਾ ਬਲਾਤਕਾਰ ਹੋਇਆ। ਨਿਰਭੈ ਦਾ ਦਿੱਲੀ

ਦੇਸ਼ ਦੀਆਂ ਵੱਡੀਆਂ ਅਦਾਲਤਾਂ ਪੇਚੀਦਾ ਪ੍ਰਕਿਰਿਆ ਅਤੇ ਪੰਚਾਇਤੀ ਅਦਾਲਤਾਂ ਦੀ ਚੁੱਪ ਤੇ ਸਾਜਿਸ਼ੀ ਦੰਭੀ ਪ੍ਰਕਿਰਿਆ ਔਰਤਾਂ ਦੇ ਜੀਵਨ ਦਾ ਰਾਹ ਹੀ ਬਦਲ ਦਿੰਦੀ ਹੈ। ਜ਼ਿੰਦਗੀ ਭਰ ਅਸਹਿਜਤਾ, ਮਨ ਉੱਤੇ ਮਣਾਂ ਮੂੰਹੀ ਭਾਰ ਚੁੱਕੀ ਫਿਰਦੀਆਂ ਇਹ ਬੇਕਸੂਰ ਔਰਤਾਂ ਕਈ ਹਾਲਾਤਾਂ ਵਿੱਚ ਆਪਣੇ ਆਪ ਨੂੰ ਸਮਾਜ ਤੇ ਭਾਰ ਸਮਝਣ ਲਗਦੀਆਂ ਹਨ। ਦੁੱਖ ਦੀ ਗੱਲ ਹੈ ਕਿ ਬਲਾਤਕਾਰ ਜਿਹੇ ਕੇਸ ਪੁਖਤਾ ਹੋਣ ਦੇ ਬਾਵਜੂਦ ਵੀ ਇਹਨਾਂ ਮਾਮਲਿਆਂ ਨੂੰ ਸਿੱਧ ਕਰਨਾ ਔਖਾ ਹੋਣ ਕਾਰਨ ਅਤੇ ਬਦਨਾਮੀ ਦੇ ਡਰੋਂ ਪੁਲਿਸ ਥਾਣੇ ਵਿੱਚ ਇਹੋ ਜਿਹੇ ਕੇਸਾਂ ਦੀ ਰਪਟ ਵੀ ਦਰਜ਼ ਨਹੀਂ ਕਰਵਾਈ ਜਾਂਦੀ। ਇਹੋ ਜਿਹੇ ਮਾਮਲਿਆਂ ਵਿੱਚ ਕਈ ਵਾਰ ਸਬੰਧਿਤਾਂ ਨਾਲ ਸਿੱਧਿਆਂ ਨਿਪਟਿਆ ਜਾਂਦਾ ਹੈ ਅਤੇ ਕਤਲ ਤੱਕ ਵੀ ਕਰ ਦਿੱਤੇ ਜਾਂਦੇ ਹਨ। ਅਸਲ ਵਿੱਚ ਅਦਾਲਤੀ ਪਚੀਦਗੀਆਂ ਕਾਰਨ ਨਿਆਂ ਦੇ ਮੋਰਚੇ ਤੇ ਇੱਕ ਨਿ-ਰਾਸ਼ਾਜਨਕ ਤਸਵੀਰ ਉਭਰਦੀ ਹੈ। ਜਿਸਦੇ ਵੱਡੇ ਤੋਂ ਵੱਡੇ ਕਾਰਨ ਵੀ ਹੀ ਸਕਦੇ ਹਨ ਅਤੇ ਛੋਟੇ ਤੋਂ ਛੋਟੇ ਕਾਰਨ ਵੀ। ਪਰ ਔਰਤਾਂ ਨੂੰ ਇਸ ਦਰਿੰਦਗੀ ਭਰੇ ਵਰਤਾਓ ਵਿਰੁੱਧ ਇਨਸਾਫ਼ ਨਾ ਮਿਲਣਾ ਸਾਡੇ ਅਦਾਲਤੀ ਢਾਂਚੇ, ਮੌਜੂਦਾ ਕਾਨੂੰਨਾਂ ਸਬੰਧੀ ਵੱਡੇ ਪ੍ਰਸ਼ਨ ਖੜ੍ਹੇ ਕਰਦਾ ਹੈ। ਜਿਸਨੂੰ ਸਮਝ ਕੇ, ਘੋਖ ਕੇ, ਕਾਨੂੰਨੀ ਜਟਿਲਤਾ ਅਤੇ ਇਨਸਾਫ਼ ਲਈ ਢਿੱਲਾ ਰਵੱਈਆ ਖਤਮ ਕਰਨ ਹੋਵੇਗਾ ਕਿਉਂਕਿ ਨਿਆਂ ਪ੍ਰਣਾਲੀ ਦੀ ਢਿੱਲੜ ਤੋਰ, ਇਨਸਾਫ਼ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੀ ਹੈ। ਦੁੱਖ ਦੀ ਗੱਲ ਤਾਂ ਇਹ ਵੀ ਹੈ ਇਹੋ ਜਿਹੋ ਹਾਲਾਤਾਂ ਵਿੱਚ ਅਪਰਾਧਿਕ ਮਾਨਸਿਕਤਾ ਵਾਲੇ ਲੋਕਾਂ ਦੀ ਹਿੰਮਤ ਵਧਦੀ ਹੀ ਹੈ, ਚੜ੍ਹ ਮੱਚਦੀ ਹੈ ਅਤੇ ਇਨਸਾਫ਼ ਲਈ ਲੜਨ ਵਾਲੇ ਲੋਕ ਤੇ ਪੀੜਤ ਚੁਭਣ ਮਹਿਸੂਸ ਕਰਦੇ ਹਨ:-

&ਤੁੱਟ;ਇਸ ਅਦਾਲਤ ਵਿੱਚ ਬੰਦੇ ਬਿਰਖ ਹੋ ਗਏ, ਫ਼ੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ।
ਆਖੋ ਇਨ੍ਹਾਂ ਨੂੰ ਉੱਜੜੇ ਘਰੀ ਜਾਣ ਹੁਣ, ਇਹ ਕਦੋਂ ਤੀਕ ਇੱਥੇ ਖੜ੍ਹੇ ਰਹਿਣਗੇ।

**- ਸੁਰਜੀਤ ਪਾਤਰ**

# ਭਾਰਤੀ ਸਮੁੰਦਰੀ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਦੀ ਤਿਆਰੀ ਕਰ ਰਹੀ ਹੈ ਨੇਵੀ

ਨਵੀਂ ਦਿੱਲੀ- ਭਾਰਤ ਦੀ ਅਮੀਰ ਸਮੁੰਦਰੀ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਦੀ ਯਾਤਰਾ ਮੰਗਲਵਾਰ ਨੂੰ ਹੋਦੀ ਇਨੋਵੇਸ਼ਨ, ਗੋਆ ਵਿਖੇ ਆਯੋਜਿਤ ਇਕ ਸਮਾਗਮ ਨਾਲ ਸ਼ੁਰੂ ਹੋਵੇਗੀ। ਸੱਭਿਆਚਾਰਕ ਅਤੇ ਵਿਦੇਸ਼ ਰਾਜ ਮੰਤਰੀ ਮੀਨਾਕਸ਼ੀ ਲੇਖੀ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਹੋਣਗੇ। ਐਡਮਿਰਲ ਆਰ. ਹਰੀ ਕੁਮਾਰ ਵੀ ਹਾਜ਼ਰ ਰਹਿਣਗੇ। ਜਲ ਸੈਨਾ, ਸੱਭਿਆਚਾਰਕ ਮੰਤਰਾਲਾ ਅਤੇ ਮੈਸਰਜ਼ ਹੋਡੀ ਇਨੋਵੇਸ਼ਨ ਪਲੈਂਕ ਨਾਲ ਬਣੇ ਜਹਾਜ਼ ਨੂੰ ਡਿਜ਼ਾਈਨ ਕਰਨ ਲਈ ਸਹਿਯੋਗ ਕਰ ਰਹੇ ਹਨ। ਅਜਿਹੇ ਜਹਾਜ਼ ਭਾਰਤ ਦੇ ਪ੍ਰਾਚੀਨ ਸਮੁੰਦਰੀ ਵਪਾਰਕ ਮਾਰਗਾਂ 'ਤੇ ਚੱਲਦੇ ਸਨ। ਜਲ ਸੈਨਾ ਜਹਾਜ਼ ਦੇ ਡਿਜ਼ਾਈਨ ਅਤੇ ਨਿਰਮਾਣ ਦੀ ਨਿਗਰਾਨੀ ਕਰ ਰਹੀ ਹੈ। ਸੱਭਿਆਚਾਰਕ ਮੰਤਰਾਲੇ ਨੇ ਇਸ ਪ੍ਰਾਜੈਕਟ ਲਈ ਫੰਡ ਮੁਹੱਈਆ ਕਰਵਾਏ



ਹਨ। ਜਹਾਜ਼ਰਾਨੀ ਮੰਤਰਾਲਾ ਅਤੇ ਵਿਦੇਸ਼ ਮੰਤਰਾਲਾ ਵੀ ਸਹਿਯੋਗ ਕਰ ਰਹੇ ਹਨ। ਜਹਾਜ਼ ਦਾ ਨਿਰਮਾਣ ਰਵਾਇਤੀ ਜਹਾਜ਼ ਨਿਰਮਾਤਾਵਾਂ ਦੀ ਟੀਮ ਦੁਆਰਾ ਕੀਤਾ ਜਾਵੇਗਾ। ਇਸ ਸਦੀਆਂ ਪੁਰਾਣੀ ਤਕਨੀਕ ਦੀ ਵਰਤੋਂ ਕਰਦੇ ਹੋਏ, ਲੱਕੜ ਦੇ ਤਖਤਿਆਂ ਨੂੰ ਹਲ ਦੇ ਆਕਾਰ ਦੇ ਅਨੁਕੂਲ ਬਣਾਉਣ ਲਈ ਇੱਕ ਰਵਾਇਤੀ ਵਿਧੀ ਦੀ ਵਰਤੋਂ ਕਰਕੇ ਆਕਾਰ ਦਿੱਤਾ ਜਾਵੇਗਾ, ਫਿਰ ਹਰ ਇੱਕ ਤਖ਼ਤੀ ਨੂੰ ਨਾਰੀਅਲ ਫਾਈਬਰ, ਰਾਲ ਅਤੇ ਮੱਛੀ ਦੇ ਤੇਲ ਦੇ ਮਿਸ਼ਰਣ ਨਾਲ ਸੀਲ ਕੀਤਾ ਜਾਵੇਗਾ ਅਤੇ ਰੱਸੀਆਂ/ਰੱਸੀਆਂ ਨਾਲ ਜੋੜਿਆ ਜਾਵੇਗਾ। -ਦੂਜੇ ਨਾਲ ਬੰਨ੍ਹਿਆ ਜਾਵੇਗਾ। ਇੱਕ ਵਾਰ ਤਿਆਰ ਹੋਣ 'ਤੇ, ਜਹਾਜ਼ ਪ੍ਰਾਚੀਨ ਨੈਵੀਗੇਸ਼ਨ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਰਵਾਇਤੀ ਸਮੁੰਦਰੀ ਵਪਾਰਕ ਮਾਰਗਾਂ 'ਤੇ ਸਫ਼ਰ ਕਰਨਾ ਸ਼ੁਰੂ ਕਰ ਦੇਣਗੇ।

### ਜੋਤੀ-ਜੋਤ ਦਿਵਸ ਨੂੰ ਸਮਰਪਿਤ

# ਤੇਰੀ ਉਪਮਾ ਤੋਹਿ ਬਨਿ ਆਵੈ



ਗੁਰੂ ਨਾਨਕ ਪਾਤਸ਼ਾਹ ਜੀ ਦੀ ਤੀਸਰੀ ਜੋਤ ਸ੍ਰੀ ਗੁਰੂ ਅਮਰਦਾਸ ਜੀ ਸਰੀਰਕ ਤੌਰ ਤੇ ਬੇਸ਼ੱਕ ਉਮਰ ਦੇ ਉਸ ਪੜਾਅ ’ਤੇ ਵਿਚਰ ਰਹੇ ਸਨ ਜਿੱਥੇ ਪਹੁੰਚ ਕੇ ਆਮ ਮਨੁੱਖ ਜਿਸਮਾਨੀ ਤੌਰ ’ਤੇ ਕੁੱਝ ਥਕਾਵਟ ਅਤੇ ਰੁਕਾਵਟ ਜਿਹੀ ਮਹਿਸੂਸ ਕਰਨ ਲੱਗ ਪੈਂਦਾ ਹੈ, ਪਰ ਧੰਨ ਹਨ ਸ੍ਰੀ ਗੁਰੂ ਅਮਰਦਾਸ ਜੀ ਜਿਨ੍ਹਾਂ ਨੇ ਸੇਵਾ ਤੇ ਸਿਮਰਨ ਸਦਕਾ ਜੀਵਨ ਵਿੱਚ ਪੈ ਚੁੱਕੀ ਸ਼ਾਮ ਨੂੰ ਇੱਕ ਸਿਖਰ ਦੁਪਹਿਰ ਵਿੱਚ ਢਾਲ ਲਿਆ। ਉਨ੍ਹਾਂ ਦੁਆਰਾ ਅਧਿਆਤਮਕ ਅਤੇ ਸਮਾਜਿਕ ਖੇਤਰ ਵਿੱਚ ਜੋ ਦੇਣ ਮਨੁੱਖੀ ਕਲਿਆਣ ਹਿੱਤ ਦਿੱਤੀ ਗਈ, ਉਹ ਵੱਡਮੁੱਲੀ ਹੋਣ ਦੇ ਨਾਲ-ਨਾਲ ਲਸਾਨੀ ਕਿਸਮ ਦੀ ਵੀ ਹੈ। ਉਮਰ ਦੀ ਅਗਲੇਰੀ ਅਤੇ ਵਡੇਰੀ ਅਵਸਥਾ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅੰਗ ਲੱਗ ਕੇ ਨਾ ਸਿਰਫ ਆਪਣੀ ਸੇਵਾ ਨੂੰ ਹੀ ਘਾਲ ਪਾਇਆ, ਸਗੋਂ ਦੋ ਦਹਾਕਿਆਂ ਤੋਂ ਵੱਧ ਸਮਾਂ ਗੁਰੂ ਨਾਨਕ ਦੇਵ ਜੀ ਦੀ

**ਰਮੇਸ਼ ਬੱਗਾ ਚੋਹਲਾ**
**91-94631-32719**

ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਵੀ ਲਗਾਇਆ। ਗੁਰੂ ਅਮਰਦਾਸ ਦੁਆਰਾ ਸਿੱਖ ਫਿਲਾਸਫੀ ਨੂੰ ਦੂਰ-ਦੁਰਾਡੇ ਪਹੁੰਚਾਉਣ ਲਈ ਕੁੱਝ ਨਿਵੇਕਲੇ ਢੰਗ ਤਰੀਕਿਆਂ ਨੂੰ ਵਰਤੋਂ ਵਿੱਚ ਲਿਆਂਦਾ ਗਿਆ। ਇਹ ਢੰਗ ਤਰੀਕੇ ਨਾ ਸਿਰਫ ਸਮੇਂ ਦੀ ਲੋੜ ਮੁਤਾਬਕ ਹੀ ਖਰੇ ਉਤਰੇ, ਸਗੋਂ ਪੂਰਨ ਰੂਪ ਵਿੱਚ ਕਾਮਯਾਬ ਵੀ ਹੋਏ। ਇਸ ਕਾਮਯਾਬੀ ਕਾਰਨ ਹੀ ਭੱਟ ਭੱਲ ਜੀ ਆਪਣੀਆਂ ਪਾਵਨ ਪੰਕਤੀਆਂ ਵਿੱਚ ਫੁਰਮਾਉਂਦੇ ਹਨ-

ਘਨਹਰ ਬੂੰਦ, ਬਸੁਅ ਰੋਮਾਵਿਲ,
ਕੁਸਮ ਬਸੰਤ ਗਨੰਤ ਨਾ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ,
ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ਰ ਧਿਆਨ, ਗਿਆਨ ਸਤਿਗੁਰੂ ਕੇ,
ਕਬਿ ਜਨ ਭਲ ਉਨਹੁ ਜੋਗਾਵੈ॥
ਭਲੇ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਨਿ ਆਵੈ॥

ਗੁਰੂ ਅਮਰਦਾਸ ਜੀ ਦਾ ਜਨਮ ਮਈ ਮਹੀਨੇ ਦੇ ਪੰਜਵੇਂ ਦਿਨ 1479 ਈ. ਨੂੰ ਪਿੰਡ ਬਾਸਰਕੇ (ਅੰਮ੍ਰਿਤਸਰ) ਵਿਖੇ ਪਿਤਾ ਸ੍ਰੀ ਤੇਜ ਭਾਨ ਜੀ ਅਤੇ ਮਾਤਾ ਸੁਲੱਖਣੀ ਦੀ ਕੁੱਖੋਂ ਹੋਇਆ। ਪਿਤਾ ਤੇਜ ਭਾਨ ਜੀ ਦਾ ਜਨਮ ਸਧਾਰਣ ਪਰ ਆਚਰਣ ਬਹੁਤ ਉੱਚਾ ਤੇ ਸੁੱਚਾ ਸੀ। ਮਾਤਾ ਸੁਲੱਖਣੀ ਜੀ ਵੀ ਬਹੁਤ ਹੀ ਸਹਿਣਸ਼ੀਲ ਅਤੇ ਧਾਰਮਿਕ ਸੁਭਾਅ ਦੀ ਖਵਾਤੀਨ ਸੀ। ਪਰਿਵਾਰਕ ਪੱਖ ਤੋਂ ਗੁਰੂ ਅਮਰਦਾਸਰ ਜੀ ਚਾਰ ਭਰਾ ਸਨ, ਜਿਨ੍ਹਾਂ ਵਿੱਚ ਭਾਈ ਈਸ਼ਰਦਾਸ ਜੀ (ਪਿਤਾ ਭਾਈ ਗੁਰਦਾਸ ਜੀ) ਭਾਈ ਖੇਮ ਰਾਇ ਜੀ ਅਤੇ ਭਾਈ ਮਾਣਕ ਚੰਦ (ਕੁੜਮ ਸ੍ਰੀ ਗੁਰੂ ਅੰਗਦ ਦੇਵ ਜੀ) ਸਨ। ਇਹ ਚਾਰੇ ਭਾਈ ਬੜੇ ਹੀ ਭਲੇ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਂਝ ਭਾਈ ਤੇਜਭਾਨ ਜੀ ਦਾ ਸਾਰਾ ਘਰਾਣਾ ਬਹੁਤ ਹੀ ਸਤਿਕਾਰ ਅਤੇ ਪਿਆਰ ਵਾਲਾ ਸੀ। ਇਸ ਪਿਆਰ ਅਤੇ ਸਤਿਕਾਰ ਸਦਕਾ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਸੁੱਘੜ ਅਤੇ ਸਿਆਣੀ ਧੀ ਬੀਬੀ ਅਮਰੋ ਦਾ ਨਾਤਾ ਸ੍ਰੀ ਗੁਰੂ ਰਾਮਦਾਸ ਜੀ ਦੇ ਭਤੀਜੇ ਭਾਈ ਜੱਸੂ (ਸਪੁੱਤਰ ਮਾਣਕ ਚੰਦ) ਨਾਲ ਜੋੜਿਆ ਹੋਇਆ ਸੀ। ਗੁਰੂ ਅਮਰਦਾਸ ਜੀ ਬਚਪਨ ਤੋਂ ਹੀ ਕੁੱਝ ਉਪਰਾਮ ਸੁਭਾਅ ਦੇ ਮਾਲਕ ਸਨ, ਪਰ ਮਾਤਾ ਪਿਤਾ ਦੁਆਰਾ ਗ੍ਰਹਿਸਥ ਧਰਮ ਦੀ ਮਹਿਮਾ ਦ੍ਰਿੜ ਕਰਵਾਉਣ ਸਦਕਾ ਆਪ ਜੀ ਦੀ ਸ਼ਾਦੀ ਸਿਆਲਕੋਟ ਜਿਲ੍ਹੇ ਵਿਚਲੇ ਪਿੰਡ ਸਨਖੜਾ ਦੇ ਵਸਨੀਕ ਦੇਵੀ ਚੰਦ ਜੀ ਦੀ ਲਾਡਲੀ ਪੁੱਤਰੀ ਬੀਬੀ ਮਨਸ਼ਾ ਦੇਵੀ ਨਾਲ ਹੋਈ। ਬੀਬੀ ਮਨਸ਼ਾ ਦੇਵੀ ਜੀ ਵੀ ਵੱਡੇ ਹੌਂਸਲੇ ਵਾਲੇ ਸਨ, ਜਿਨ੍ਹਾਂ ਨੇ ਆਪਣੇ ਪਤੀ ਦੀ ਭਗਤੀ ਅਤੇ ਸੇਵਾ ਭਾਵਨਾ ਵਿੱਚ ਕਿਸੇ ਕਿਸਮ ਦੀ ਕੋਈ ਰੁਕਾਵਟ ਨਹੀਂ ਪੈਣ ਦਿੱਤੀ। ਪਤੀ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਬੜੀ ਤਨਦੇਹੀ ਅਤੇ ਸਮਰਪਣ ਦੀ ਭਾਵਨਾ ਨਾਲ ਨਿਭਾਇਆ।

ਗੁਰੂ ਅੰਗਦ ਦੇਵ ਜੀ ਦੇ ਮਿਲਾਪ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਹਰ ਛਿਮਾਹੀ ਗੰਗਾ ਇਸ਼ਨਾਨ ਕਰਨ ਲਈ ਪੈਦਲ ਹੀ ਜਾਇਆ ਕਰਦੇ ਸਨ। ਗਰਮੀ ਦੇ ਮੌਸਮ ਵਿੱਚ ਚੇਤ ਨੂੰ ਚੱਲ ਪੈਂਦੇ ਅਤੇ ਵਿਸਾਖੀ ਵਾਲੇ ਦਿਨ ਵਾਪਸੀ ਪਾਉਂਦੇ। ਸਿਆਲ ਦੀ ਰੁੱਤ ਵਿੱਚ ਅੱਸੂ ਦੇ ਮਹੀਨੇ ਰਵਾਨਾ ਹੁੰਦੇ ਅਤੇ ਕੱਤਕ ਦੀ ਪੂਰਨਮਾਸ਼ੀ ਮੋੜਾ ਪਾ ਦਿੰਦੇ। ਤੀਰਥ ਇਸ਼ਨਾਨ ਅਤੇ ਪੁੰਨ ਦਾਨ ਦੇ ਬਾਵਜੂਦ ਵੀ ਮਨ ਦੀ ਅਵਸਥਾ ਟਿਕਾਅ ਵਾਲੀ ਨਹੀਂ ਸੀ ਬਣ ਰਹੀ। ਦਿਲ ਵਿੱਚ ਸਾਈਂ ਦੇ ਮਿਲਾਪ ਦੀ ਜ਼ੋਰਦਾਰ ਤੜਪ ਸੀ। ਇਸ ਤੜਪ ਨੂੰ ਘਟਾਉਣ ਅਤੇ ਮੰਜ਼ਿਲ ਨੂੰ ਨੇੜੇ ਲਿਆਉਣ ਵਿੱਚ ਆਪ ਜੀ ਦੀ ਭਤੀਜ ਨੂੰਹ ਬੀਬੀ ਅਮਰੋ ਨੇ ਬੜਾ ਹੀ ਇਤਿਹਾਸਕ ਤੇ ਸਹਾਈ ਰੋਲ ਅਦਾ ਕੀਤਾ, ਕਿਉਂਕਿ ਅੰਮ੍ਰਿਤ ਵੇਲੇ ਜਦੋਂ ਬੀਬੀ ਅਮਰੋ ਜੀ ਆਪਣੇ ਮੁਖਾਰਬਿੰਦ ’ਚੋਂ ਗੁਰੂ ਨਾਨਕ ਦੇਵ ਜੀ ਦੀ ਮਿੱਠੀ ਤੇ ਰਸੀਲੀ ਬਾਣੀ ਪੜ੍ਹਦੇ ਤਾਂ ਗੁਰੂ ਅਮਰਦਾਸ ਜੀ ਕੰਧ ਨਾਲ ਲੱਗ ਕੇ ਦਿਨ ਚੜ੍ਹਦੇ ਤੱਕ ਸੁਣਦੇ ਰਹਿੰਦੇ। ਇੱਕ ਦਿਨ ਬੀਬੀ ਜੀ ਕਿਸੇ ਜ਼ਰੂਰੀ ਕੰਮ ਆਪਣੇ ਪੇਕੇ (ਖਡੂਰ ਸਾਹਿਬ) ਚੱਲੇ ਗਏ। ਉਸ ਦਿਨ ਗੁਰੂ ਅਮਰਦਾਸ ਜੀ ਨੂੰ ਲੱਗਿਆ ਕਿ ਜਿਸ ਤਰ੍ਹਾਂ ਉਨ੍ਹਾਂ ਦੀ ਰੂਹ ਪਿਆਸੀ ਹੀ ਰਹਿ ਗਈ ਹੋਵੇ। ਜਦੋਂ ਉਨ੍ਹਾਂ ਦੀ ਪਿਆਸ ਵਧੀ ਤਾਂ ਉਨ੍ਹਾਂ ਨੇ ਇਸ ਦਾ ਜ਼ਿਕਰ ਆਪਣੀ ਭਾਬੀ ਭਾਗੋ ਜੀ ਨਾਲ ਕੀਤਾ। ਭਾਬੀ ਭਾਗੋ ਨੇ ਕਿਹਾ ਕਿ ਜੇਕਰ ਤੈਨੂੰ ਬਾਣੀ ਸੁਣਨ ਦੀ ਚਾਹ ਹੈ ਤਾਂ ਕਿਉਂ ਨਹੀਂ ਉਸ ਦੇ ਪਿਤਾ (ਗੁਰੂ ਅੰਗਦ ਦੇਵ ਜੀ) ਪਾਸ ਹੀ ਚੱਲਾ ਜਾਂਦਾ। ਪੇਕਿਆਂ ਤੋਂ ਵਾਪਸ ਆ ਕੇ ਜਦੋਂ ਬੀਬੀ ਅਮਰੋ ਨੇ ਆਪਣੇ ਅੰਮ੍ਰਿਤ ਵੇਲੇ ਦੇ ਨਿੱਤਨੇਮ ਵਿੱਚ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਅਮੋਲਕ ਵਚਨ ‘‘ਕਰਣੀ ਕਾਗਦ ਮਨ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ’’ ਪੜ੍ਹਿਆ ਤਾਂ ਉਸ ਸ਼ਬਦ ਵਿਚਲੀ ਦਸ਼ਾ ਗੁਰੂ ਅਮਰਦਾਸ ਜੀ ਦੀ ਵੀ ਸੀ। ਉਨ੍ਹਾਂ ਨੇ ਇਹ ਸ਼ਬਦ ਬੜੇ ਹੀ ਧਿਆਨ ਨਾਲ ਸੁਣਿਆ। ਸੁਣ ਕੇ ਇੰਜ ਲੱਗਾ ਜਿਵੇਂ ਚਾਤ੍ਰਿਕ ਨਾਮੀ ਸੁਆਂਤ ਬੂੰਦ ਮਿਲ ਗਈ ਹੋਵੇ। ਮਨ ਇਸ ਕਦਰ ਪਿਘਲ ਗਿਆ ਕਿ ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਸਾਹਿਬ ਪਹੁੰਚ ਗਏ।&; ਕੁੜਮਾਚਾਰੀ ਦੇ ਸਤਿਕਾਰ ਵੱਜੋਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਗਲੇ ਲਗਾਉਣਾ ਚਾਹਿਆ ਪਰ ਗਲੇ ਮਿਲਣ ਦੀ ਬਜਾਏ ਆਪ ਜੀ ਨੇ ਆਪਣਾ ਸਿਰ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਉੱਪਰ ਰੱਖ ਦਿੱਤਾ ਅਤੇ ਕਿਹਾ ਕਿ ਮੈਨੂੰ ਆਪਣਾ ਦਾਸ ਹੀ ਸਮਝੋ ਅਤੇ ਨਾਲ ਹੀ ਕਿਹਾ ਕਿ ਗੰਗਾ ਇਸ਼ਨਾਨ ਦਾ ਫਲ ਅੱਜ ਪ੍ਰਾਪਤ ਹੋ ਗਿਆ ਹੈ, ਪਰ ਗੁਰੂ ਪਾਤਸ਼ਾਹ ਨੇ ਕਿਹਾ ਕਿ ਆਪਣੀ ਭਾਵਨਾ ਹੀ ਫਲਦੀ ਹੈ। ਆਪਣਾ ਮਨ ਹੀ ਦੇਵਤਾ ਹੈ। ਮਿਲਾਪ ਦੇ ਇਸ ਪੜਾਅ ਤੇ ਗੁਰੂ ਅਮਰਦਾਸ ਦੀ ਵਰੇਸ ਛੇਵੇਂ ਦਹਾਕੇ ਨੂੰ ਪਾਰ ਕਰ ਚੁੱਕੀ ਸੀ। ਲੱਗਭੱਗ ਇੱਕ ਦਰਜਨ ਸਾਲ ਗੁਰੂ ਅਮਰਦਾਸ ਜੀ ਨੇ ਦੂਸਰੇ ਨਾਨਕ (ਗੁਰੂ ਅੰਗਦ ਦੇਵ ਜੀ) ਦੀ ਤਨ ਮਨ ਨਾਲ ਸੇਵਾ ਕੀਤੀ। ਸੇਵਾ ਕਰਦਿਆਂ ਪਾਣੀ ਢੋਂਦਿਆਂ ਹੱਥ ਫੁੱਟ ਗਏ ਪਰ ਆਪ ਧੀਰਜ ਦੀ ਮੂਰਤੀ ਬਣ ਗਏ। ਨਿਤ ਦੀ ਕਾਰ ਨਹੀਂ ਬਦਲੀ। ਅੰਮ੍ਰਿਤ ਵੇਲੇ ਉੱਠਣਾ ਦਰਿਆ ਬਿਆਸ ਤੋਂ ਪਾਣੀ ਦੀ ਗਾਗਰ ਭਰ ਲਿਆਉਣੀ, ਗੁਰੂ ਪਾਤਸ਼ਾਹ ਦਾ ਇਸ਼ਨਾਨ ਕਰਵਾਉਣਾ, ਲੰਗਰ ਲਈ ਬਾਲਣ ਲਿਆਉਣਾ ਅਤੇ ਜੂਠੇ ਭਾਂਡਿਆਂ ਦੀ ਮਾਂਜਈ ਆਦਿ। ਇੱਕ ਦਿਨ ਗਾਗਰ ਵਿੱਚ ਜਲ ਭਰਦੇ ਸਮੇਂ ਗੁਰੂ ਅਮਰਦਾਸ ਜੀ ਦੇ ਮਨ ਵਿੱਚ ਇੱਕ ਵਿਚਾਰ ਆਇਆ ਕਿ ਮੈਂ ਬਿਨਾਂ ਇਸ਼ਨਾਨ ਹੀ ਗਾਗਰ ਭਰ ਕੇ ਲੈ ਜਾਂਦਾ ਰਿਹਾ ਹਾਂ। ਇਸ ਤਰ੍ਹਾਂ ਕਰਕੇ ਗੁਰੂ ਪਾਤਸ਼ਾਹ ਦੀ ਘੋਰ ਬੇਅਦਬੀ ਹੁੰਦੀ ਰਹੀ ਹੈ। ਪਸ਼ਚਾਤਾਪ ਦੇ ਸੇਕ ਨੂੰ ਘੱਟ ਕਰਨ ਲਈ ਉਨ੍ਹਾਂ ਨੇ ਕੁੱਝ ਸਮਾਂ ਇਸ਼ਨਾਨ ਕਰਕੇ ਗਾਗਰ ਕੈ ਲੇ ਜਾਣੀ ਆਰੰਭ ਕਰ ਦਿੱਤੀ। ਪਰ ਇਸ ਤਰ੍ਹਾਂ ਕਰਨ ਨਾਲ ਵੀ ਤਸੱਲੀ ਨਾ ਹੋ ਸਕੀ। ਸੋਚਿਆ ਮਨਾ ਇਸ ਤਰ੍ਹਾਂ ਕਰਕੇ ਵੀ ਆਪਣੇ ਗੁਰੂ ਤੋਂ ਪਹਿਲਾਂ ਹੀ ਇਸ਼ਨਾਨ ਕਰ ਲਵੇ। ਬਿਰਧ ਸ਼ਰੀਰ ਹੋਣ ਦੇ ਬਾਵਜੂਦ ਦੋਚਿਤੀ ਵਿੱਚੋਂ ਨਿਕਲਣ ਦਾ ਇਹ ਫੈਸਲਾ ਕੀਤਾ ਗਿਆ ਕਿ ਗਾਗਰ ਸਿਰ ਤੇ ਧਰ ਕੇ ਹੀ ਦਰਿਆ ਵਿੱਚ ਪ੍ਰਵੇਸ਼ ਕੀਤਾ ਜਾਵੇ ਅਤੇ ਜਲ ਭਰਿਆ ਜਾਵੇ। ਇਸ ਤਰ੍ਹਾਂ ਨਾਲੇ ਇਸ਼ਨਾਨ ਹੋ ਜਾਵੇ ਅਤੇ ਨਾਲੇ ਗਾਗਰ ਭਰ ਲਈ ਜਾਵੇ। ਪਾਣੀ ਦੀ ਸੇਵਾ ਕਰਦਿਆਂ ਇੱਕ ਦਿਨ ਬੜੇ ਜ਼ੋਰ ਦੀ ਬਾਰਸ਼ ਹੋਣ ਲੱਗੀ। ਬਾਰਸ਼ ਦੇ ਕੁੱਝ ਥੰਮਣ ਤੇ ਜਦ ਗੁਰੂ ਅਮਰਦਾਸ ਨੇ ਖਡੂਰ ਸਾਹਿਬ ਨੂੰ ਚਾਲੇ ਪਾਏ ਤਾਂ ਰਸਤੇ ਵਿੱਚ ਜੁਲਾਹੇ ਦੀ ਕਿੱਲੀ ਨਾਲ ਠੇਡਾ ਖਾ ਕੇ ਡਿੱਗ ਪਏ। ਠੇਡਾ ਬੇਸ਼ੱਕ ਜੋਰਦਾਰ ਸੀ, ਪਰ ਪੂਰੇ ਯਤਨਾਂ ਨਾਲ ਗਾਗਰ ਨੂੰ ਸੰਭਾਲ ਲਿਆ। ਰਾਤ ਸਮੇਂ ਖੜਾਕ ਸੁਣ ਕੇ ਜੁਲਾਹੇ ਨੇ ਕਿਹਾ ਕਿ ਕੌਣ ਹੈ ਬਈ? ਜੁਲਾਹੀ ਜੋ ਆਵਾਜ਼ ਸੁਣ ਰਹੀ ਸੀ ਜੁਲਾਹੇ ਨੂੰ ਸੰਬੋਧਨ ਹੁੰਦਿਆਂ ਕਹਿਣ ਲੱਗੀ ਚੁੱਪ ਕਰਕੇ ਸੁੱਤਾ ਰਹਿ, ਕਿਉਂ ਆਪਣੀ ਨੀਂਦ ਖਰਾਬ ਕਰ ਰਿਹਾ ਹੈਂ। ਇਹ ਉਹੀ ਅਮਰੀ ਨਿਥਾਵਾਂ ਹੈ,ਜੋ ਕੁੜਮਾਂ ਦੇ ਟੁੱਕੜੇ ਖਾਣ ਲਈ ਰਾਤ-ਦਿਨ ਇੱਕ ਕਰੀ ਫਿਰਦਾ ਹੈ। ਜੁਲਾਹੀ ਦੇ ਬੋਲਾਂ ਦਾ ਜਵਾਬ ਗੁਰੂ ਅਮਰਦਾਸ ਜੀ ਬੜੇ ਨਿਮਰ ਸ਼ਬਦਾਂ ਨਾਲ ਦਿੰਦਿਆਂ ਕਿਹਾ ਕਿ ਕਮਲੀਏ ! ਮੈਂ ਨਿਥਾਵਾਂ ਨਹੀਂ ਰਿਹਾ। ਮੇਰੀ ਥਾਂ ਤਾਂ ਉਸ ਦੇ ਚਰਨਾਂ ਵਿੱਚ ਹੈ ਜੋ ਦੀਨ ਦੁਨੀ ਦਾ ਮਾਲਕ ਹੈ। ਦਿਲਾਂ ਦੀਆਂ ਜਾਣਨ ਵਾਲੇ ਗੁਰੂ ਅੰਗਦ ਦੇਵ ਜੀ ਨੂੰ ਜਦੋਂ ਇਸ ਘਟਨਾਕ੍ਰਮ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੀ ਮਿਹਰ ਦੇ ਦਰਵਾਜ਼ੇ ਖੋਲ੍ਹ ਦਿੱਤੇ। ਵਜਦ ਵਿੱਚ ਆ ਕੇ ਕਹਿਣ ਲੱਗੇ ਪੁਰਖਾ ਤੂੰ ਸਾਡਾ ਹੀ ਰੂਪ ਹੈਂ। ਜਿਵੇਂ ਸੋਨੇ ਦੇ ਦੋ ਗਹਿਣਿਆਂ ਨੂੰ ਭੱਠੀ ਵਿੱਚ ਪਾ ਕੇ ਇੱਕ ਕਰ ਲਈਦਾ ਹੈ ਤਿਵੇਂ ਤੂੰ ਵੀ ਆਪਣੇ ਆਪ ਨੂੰ ਢਾਲ ਲਿਆ ਹੈ। ਸੰਨ 1552 ਮਾਰਚ ਮਹੀਨੇ ਦਾ ਆਖਰੀ ਪੱਖ। ਗੁਰੂ ਅੰਗਦ ਦੇਵ ਜੀ ਅੰਮ੍ਰਿਤ ਵੇਲੇ ਦੇ ਦੀਵਾਨ ਵਿੱਚ ਬਚਨ ਕੀਤਾ ਤਜਹਿ ਸਰੀਰ ਅਬਹਿ ਚਿਤ ਆਈ॥ ਬਚਨ ਸੁਣ ਕੇ ਗੁਰੂ ਅਮਰਦਾਸ ਜੀ ਕੁੱਝ ਉਦਾਸ ਜਿਹੇ ਹੋ ਗਏ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਗੁਰੂ ਨਾਨਕ ਪਾਤਸ਼ਾਹ ਦੀ ਸੋਚ ਦਾ ਤੀਸਰਾ ਪਹਿਰੇਦਾਰ ਥਾਪ ਦਿੱਤਾ। ਪਹਿਲਾਂ ਤਾਂ ਗੁਰੂ ਜੀ ਨੇ ਆਪ ਨਮਸਕਾਰ ਕੀਤੀ ਅਤੇ ਫਿਰ ਹਾਜ਼ਰ ਸੰਗਤਾਂ ਨੂੰ ਵੀ ਗੁਰੂ ਅਮਰਦਾਸ ਜੀ ਨੂੰ ਪ੍ਰਣਾਮ ਕਰਨ ਲਈ ਕਿਹਾ। ਗੁਰੂ ਨਾਨਕ ਦੀ ਸੋਚ ਦਾ ਵਾਰਸ ਬਣਨ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ 22 ਸਾਲ ਮਨੁੱਖੀ ਭਾਈਚਾਰੇ ਦੀ ਬਰਾਬਰੀ ਅਤੇ ਬਿਹਤਰੀ ਲਈ ਗੁਜਾਰੇ। ਇਸ ਮੰਤਵ ਦੀ ਸਿੱਧੀ ਲਈ ਉਨ੍ਹਾਂ ਨੇ ਵੱਖ-ਵੱਖ ਅਧਿਆਤਮਕ ਅਤੇ ਸਮਾਜਿਕ ਜੁਗਤਾਂ ਨੂੰ ਹਕੀਕਤਾਂ ਦੇ ਸਨਮੁੱਖ ਕੀਤਾ। ਸਿੱਖੀ ਦੇ ਪ੍ਰਚਾਰ ਹਿੱਤ ਉਨ੍ਹਾਂ ਨੇ ਕੁੱਝ ਨਵੀਆਂ ਪਿਰਤਾਂ ਵੀ ਪਾਈਆਂ। ਇਨ੍ਹਾਂ ਪਿਰਤਾਂ ਕਰਕੇ ਹੀ ਉਨ੍ਹਾਂ ਦਾ ਨਾਮ ਸਿੱਖ ਇਤਿਹਾਸ ਦੇ ਨਾਲ-ਨਾਲ ਮਨੁੱਖੀ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਵੀ ਦਰਜ ਰਹੇਗਾ ਕਿਉਂਕਿ ਜਿੱਥੇ ਉਨ੍ਹਾਂ ਨੇ ਸੰਗਤ ਤੇ ਪੰਗਤ ਵਿੱਚ ਸਥਾਈ ਸਬੰਧ ਪੈਦਾ ਕੀਤਾ, ਉੱਥੇ ਸਤੀ ਪ੍ਰਥਾ ਵਰਗੀ ਜਾਨ ਲੇਵਾ ਰਸਮ ਨੂੰ ਵੀ ਜ਼ੋਰਦਾਰ ਅਤੇ ਪੁਰ ਅਸਰ ਸ਼ਬਦਾਂ ਵਿੱਚ ਨਿੰਦਿਆ। ਇਸ ਦੇ ਨਾਲ ਹੀ ਨਸ਼ਿਆਂ ਜਿਹੀ ਬੁਰਾਈ ਨੂੰ ਸਮਾਜ ਵਿੱਚੋਂ ਖਤਮ ਕਰਨ ਲਈ ਵੀ ਅਹਿਮਤਰੀਨ ਯੋਗਦਾਨ ਪਾਇਆ।

**ਜੋੜ-ਮੇਲੇ 'ਤੇ**

# ਸਿੱਖੀ ਦਾ ਧੁਰਾ:-ਸ੍ਰੀ ਗੋਇੰਦਵਾਲ ਸਾਹਿਬ

ਸਿੱਖ ਧਰਮ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਹੋਣ ਕਾਰਨ ਸਮਾਜ ਦੀ ਬੇਹਤਰੀ/ਭਲਾਈ ਲਈ ਹਮੇਸ਼ਾਂ ਹੀ ਤੱਤਪਰ ਰਿਹਾ ਹੈ।ਸਰਬੱਤ ਦੇ ਭਲੇ ਨੂੰ ਆਪਣਾ ਮੁੱਖ ਮਨੋਰਥ ਮੰਨ ਕੇ ਚੱਲਣ ਵਾਲਾ ਇਹ ਧਰਮ ਆਪਣੀਆਂ ਵਿਲੱਖਣ ਵਿਸ਼ੇਸ਼ਤਾਈਆਂ ਕਾਰਣ ਦੁਨੀਆਂ ਦੇ ਬਾਕੀ ਧਰਮਾਂ ਨਾਲੋਂ ਕੁੱਝ ਵਿੱਥਾਂ ਵੀ ਰੱਖਦਾ ਹੈ।ਇਹ ਵਿੱਥਾਂ ਜਿਥੇ ਇਸ ਨੂੰ ਬਾਕੀ ਧਰਮਾਂ ਨਾਲੋਂ ਵੱਖਰਿਉਂ-ਦੀਆਂ ਹਨ ਉੱਥੇ ਇਸ ਦੇ ਨਵੀਨ ਮੁਹਾਂਦਰੇ ਦੀ ਹਾਮੀ ਵੀ ਭਰਦੀਆਂ ਹਨ।

ਸਿੱਖ ਧਰਮ ਦੇ ਸ਼ੁਰੂਆਤੀ ਸਮੇਂ ਵਿਚ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਨਵੇਂ ਨਗਰਾਂ ਨੂੰ ਵਸਾਉਣਾ ਗੁਰੂ ਸਾਹਿਬਾਨ ਦੇ ਮਿਸ਼ਨ ਦਾ ਅਹਿਮ ਹਿੱਸਾ ਰਿਹਾ ਹੈ।ਤੀਸਰੇ ਨਾਨਕ ਸ੍ਰੀ ਗੁਰੂ ਅਮਰਦਾਸ ਜੀ ਦੀ ਵਿਸ਼ੇਸ਼ ਕਿਰਪਾ/ ਘਾਲਣਾ ਨਾਲ ਵੱਸਿਆ ਇਤਿਹਾਸਕ ਨਗਰ ਸ੍ਰੀ ਗੋਇੰਦਵਾਲ ਸਾਹਿਬ ਸਿੱਖ ਸੰਗਤ ਵਿਚ ਸਤਿਕਾਰਯੋਗ ਸਥਾਨ ਰੱਖਦਾ ਹੈ।ਦਰਿਆ ਬਿਆਸ ਦੇ ਕਿਨਾਰੇ 'ਤੇ ਵੱਸੇ ਇਸ ਨਗਰ ਨੂੰ ਸਿੱਖੀ ਦਾ ਧੁਰਾ ਕਰਕੇ ਵੀ ਸਤਿਕਾਰਿਆ ਜਾਂਦਾ ਹੈ।

ਸ੍ਰੀ ਗੋਇੰਦਵਾਲ ਸਾਹਿਬ ਦੀ ਸਥਾਪਨਾ ਤੋਂ ਪਹਿਲਾਂ ਇਸ ਥਾਂ 'ਤੇ ਇੱਕ ਥੇਹ ਹੋਇਆ ਕਰਦਾ ਸੀ ਜਿਸ ਦੇ ਮਾਲਕ ਖੱਤਰੀ ਗੋਂਦੇ ਮਰਵਾਹੇ ਦੇ ਵਡੇਰੇ ਸਨ। ਆਪਣੇ ਵਡੇਰਿਆਂ ਦੀ ਯਾਦ ਨੂੰ ਸਦੀਵੀਂ ਬਣਾਉਣ ਹਿੱਤ ਗੋਂਦਾ ਚਾਹੁੰਦਾ ਸੀ ਕਿ ਇਸ ਸਥਾਨ 'ਤੇ ਇੱਕ ਨਗਰ ਵੱਸ ਜਾਵੇ ਪਰ ਇਹ ਉਸ ਦੀ ਸਿਰਫ ਇੱਕ ਚਾਹਤ ਹੀ ਸੀ ਜਿਸ ਨੂੰ ਅਮਲੀ ਜਾਮਾ ਪਹਿਨਾਉਣਾ ਉਸ ਦੇ ਵੱਸ ਦੀ ਗੱਲ ਨਹੀਂ ਸੀ।ਨਵਾਂ ਨਗਰ ਵਸਾਉਣ ਲਈ ਇੱਕ ਉੱਚੀ,ਸੁੱਚੀ ਅਤੇ ਸਾਂਝੀ ਪਹੁੰਚ ਦੀ ਲੋੜ ਸੀ ਜਿਹੜੀ ਉਸ ਵਕਤ ਗੋਂਦੇ ਕੋਲ ਨਾ ਹੋ ਕੇ ਕੇਵਲ ਗੁਰੂ ਸਾਹਿਬ ਅਤੇ ਉਨ੍ਹਾਂ ਦੀ ਸੰਗਤ ਕੋਲ ਮੌਜੂਦ ਸੀ।ਆਪਣੇ ਆਪ ਨੂੰ ਅਸਮਰੱਥ ਜਾਣ ਕੇ ਗੋਂਦਾ ਖੱਤਰੀ ਗੁਰੂ ਅੰਗਦ ਸਾਹਿਬ ਦੀ ਸ਼ਰਨ ਵਿਚ ਆ ਗਿਆ ਅਤੇ ਉਸ ਥੇਹ ਉਪਰ ਨਵਾਂ ਨਗਰ ਵਸਾਉਣ ਦੀ ਜੋਦੜੀ ਕਰਨ ਲੱਗਾ।ਗੋਂਦਾ ਇਹ ਗੱਲ ਭਲੀ-ਭਾਂਤ ਜਾਣਦਾ ਸੀ ਕਿ ਗੁਰੂ ਸਾਹਿਬ ਦਾ ਹੁਕਮ ਸਿੱਖ-ਸੰਗਤ ਲਈ (2) ਇਲਾਹੀ ਹੁਕਮ ਦੇ ਬਰਾਬਰ ਹੁੰਦਾ ਹੈ ਜਿਹੜਾ ਬਹੁਤੀਆਂ ਹਾਲਤਾਂ ਵਿਚ ਪ੍ਰਵਾਨ ਚੜ੍ਹਕੇ ਹੀ ਰਹਿੰਦਾ। ਗੁਰਮਿਤ ਦੇ ਨਜ਼ਰੀਏ ਤੋਂ ਵਿਚਾਰਦਿਆਂ ਗੁਰੂ ਅੰਗਦ ਦੇਵ ਜੀ ਨੇ ਗੋਂਦੇ ਮਰਵਾਹੇ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ। ਕਿਉਂਕਿ ਦਰਿਆ ਦੇ ਕੰਢੇ 'ਤੇ ਹੋਣ ਦੇ ਨਾਲ-ਨਾਲ ਇਹ ਥਾਂ ਦਿੱਲੀ ਤੋਂ ਲਾਹੌਰ ਨੂੰ ਜਾਣ ਵਾਲੇ ਸ਼ਾਹੀ ਮਾਰਗ ਨਾਲ ਵੀ ਲੱਗਦੀ ਸੀ ਜਿੱਥੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਇੱਕ ਸੋਹਣਾ ਕੇਂਦਰ ਬਣ ਸਕਦਾ ਸੀ।ਇਸ ਆਸ਼ੇ ਦੀ ਪੂਰਤੀ ਲਈ ਗੁਰੂ ਅੰਗਦ ਦੇਵ ਜੀ ਨੇ ਬਾਬੇ ਅਮਰਦਾਸ ਜੀ ਚੋਣ ਕੀਤੀ ਅਤੇ ਉਨ੍ਹਾਂ ਨੂੰ ਨਵਾਂ ਨਗਰ ਵਸਾਉਣ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਸੰਭਾਲ ਦਿੱਤੀ।ਗੁਰੂ ਸਾਹਿਬ ਨੇ ਬਾਬਾ ਜੀ ਨੂੰ ਇਹ ਵੀ ਹੁਕਮ ਕੀਤਾ ਕਿ ਨਗਰ ਤਿਆਰ ਕਰਕੇ ਆਪਣੇ ਪਿੰਡ ਬਾਸਰਕੇ ਤੋਂ ਆਪਣੇ ਅੰਗਾਂ-ਸਾਕਾਂ ਅਤੇ ਨਿਕਟਵਰਤੀਆਂ ਨੂੰ ਲਿਆ ਕੇ ਇਸ ਨਵੇਂ ਨਗਰ (ਗੋਇੰਦਵਾਲ ਸਾਹਿਬ) ਵਿਚ ਵਸਾਉਣਾ ਕਰੋ।ਇਹ ਹੁਕਮ ਸੰਮਤ 1603 (1546 ਈ.) ਵਿਚ ਕੀਤਾ ਗਿਆ ਸੀ।



ਗੁਰੂ ਅੰਗਦ ਦੇਵ ਜੀ ਦਾ ਹੁਕਮ ਪਾ ਕੇ ਬਾਬਾ ਅਮਰਦਾਸ ਜੀ ਨੇ ਨਵੇਂ ਨਗਰ ਦੀ ਮੋੜੀ ਗੱਡ ਦਿੱਤੀ। ਬਾਬਾ ਜੀ ਦੀ ਵਿਸ਼ੇਸ਼ ਨਿਗਰਾਨੀ ਅਤੇ ਸੰਗਤ ਦੇ ਭਰਪੂਰ ਸਹਿਯੋਗ ਇਹ ਨਵਾਂ ਨਗਰ ਕੁੱਝ ਕੁ ਸਮੇਂ ਵਿਚ ਹੀ ਬਣ ਕੇ ਤਿਆਰ ਹੋ ਗਿਆ, ਜਿਸ ਦਾ ਨਾਮ ਗੋਇੰਦਵਾਲ ਸਾਹਿਬ ਰੱਖਿਆ ਗਿਆ। ਗੋਇੰਦਵਾਲ ਸਾਹਿਬ ਦੇ ਬਣ ਜਾਣ ਤੋਂ ਬਾਅਦ (ਗੁਰੂ) ਅਮਰਦਾਸ ਜੀ ਨੇ ਆਪਣੇ ਜੱਦੀ ਪਿੰਡ ਬਾਸਰਕੇ ਤੋਂ ਆਪਣੇ ਪਰਿਵਾਰ ਅਤੇ ਹੋਰ ਨੇੜਤਾ ਵਾਲਿਆਂ ਨੂੰ ਲਿਆ ਕੇ ਇਸ ਨਗਰ ਵਿਚ ਵਸਾਉਣਾ ਸ਼ੁਰੂ ਕਰ ਦਿੱਤਾ।

ਸ੍ਰੀ ਗੋਇੰਦਵਾਲ ਸਾਹਿਬ ਦਰਿਆ ਬਿਆਸ ਦੇ ਕੰਢੇ 'ਤੇ ਸਥਿਤ ਹੋਣ ਕਰਕੇ ਪਹਿਲਾਂ ਸਿੱਖ-ਸੰਗਤ ਦੇ ਲਈ (ਸਰੋਵਰ ਦੇ ਰੂਪ ਵਿਚ) ਪਾਣੀ ਦੀ ਲੋੜ ਮਹਿਸੂਸ ਹੀ ਨਾ ਹੋਈ। 6-7 ਸਾਲ ਤੱਕ ਇਹ ਲੋੜ ਇੱਕ ਸਾਂਝੇ ਖੂਹ ਤੋਂ ਹੀ ਪੂਰੀ ਕਰ ਲਈ ਗਈ।ਪਰ ਜਦੋਂ ਗੋਂਦੇ ਅਤੇ ਉਸ ਦੇ ਸਾਥੀਆਂ ਵੱਲੋਂ ਸੰਗਤ ਨਾਲ ਛੇੜਖਾਨੀ ਕੀਤੀ ਗਈ ਤਾਂ ਗੁਰੂ ਅਮਰਦਾਸ ਜੀ ਨੇ ਸੰਗਤ ਦੀ ਸਹੂਲਤ ਲਈ ਪਾਣੀ ਦੇ ਵੱਖਰੇ ਪ੍ਰਬੰਧ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਤਹਿਤ ਗੁਰੂ ਸਾਹਿਬ ਨੇ ਲੋੜੀਂਦੀ ਜਮੀਨ ਮੁੱਲ ਖ੍ਰੀਦ ਕੇ ਸਮੰਤ 1616 ਨੂੰ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ (ਅਰਦਾਸ ਕਰਕੇ) ਬਾਉਲੀ ਦਾ ਟੱਪ ਲਗਾ ਦਿੱਤਾ।ਭਾਵੇਂ ਸ੍ਰੀ ਗੋਇੰਦਵਾਲ ਸਾਹਿਬ ਦਰਿਆ ਬਿਆਸ ਦੇ ਕਿਨਾਰੇ 'ਤੇ ਵੱਸਿਆ ਹੋਣ ਕਰਕੇ ਇੱਥੇ ਪਾਣੀ ਦੀ ਕੋਈ ਕਿਲਤ ਨਹੀਂ ਸੀ ਪਰ ਬਾਉਲੀ ਸਾਹਿਬ ਦੇ ਨਿਰਮਾਣ ਪਿੱਛੇ ਗੁਰੂ ਅਮਰਦਾਸ ਪਾਤਸ਼ਾਹ ਦਾ ਇੱਕ ਮਹਾਨ ਉਦੇਸ਼ ਸੀ।ਇਸ ਉਦੇਸ਼ ਦੀ ਜੜ੍ਹ ਸਿੱਖੀ ਦੇ ਉਸ ਸਿਧਾਂਤ ਨਾਲ ਜੁੜੀ ਹੋਈ ਹੈ ਜਿਹੜਾ ਕਹਿੰਦਾ ਹੈ 'ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ'। ਇਸ ਤੋਂ ਪਹਿਲਾਂ (ਮਨੁਸਿਮ੍ਰਤੀ ਦੇ ਮੁਤਾਬਿਕ) ਵਗਦੇ ਪਾਣੀ ਦੀ ਵਰਤੋਂ ਦਾ ਸਭ ਤੋਂ ਪਹਿਲਾ ਅਧਿਕਾਰ ਬ੍ਰਾਹਮਣ ਦਾ,ਫਿਰ ਖੱਤਰੀ ਦਾ,ਫਿਰ ਵੈਸ਼ ਦਾ ਸੀ ਅਤੇ ਸਭ ਤੋਂ ਅਖੀਰ ਵਿਚ ਇਸ (ਤਿੰਨ ਧਿਰਾਂ ਦੇ ਜੂਠੇ) ਪਾਣੀ ਦੀ ਵਰਤੋਂ ਸ਼ੂਦਰ ਕਰ ਸਕਦਾ ਸੀ।ਗੁਰੂ ਸਾਹਿਬ ਇਸ ਮਨੁੱਖੀ ਵਿਤਕਰੇ ਨੂੰ ਸਦੀਵੀਂ ਤੌਰ 'ਤੇ ਖ਼ਤਮ ਕਰਕੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਵਿਚਾਰ ਨੂੰ ਦ੍ਰਿੜ ਕਰਵਾਉਣਾ ਚਾਹੁੰਦੇ ਸਨ। ਇਸ ਤਰ੍ਹਾਂ ਆਪਣੇ ਉੱਚੇ,ਸੁੱਚੇ ਅਤੇ ਮਾਨਵ ਹਿੱਤਕਾਰੀ ਉਦੇਸ਼ ਦੀ ਪੂਰਤੀ ਲਈ ਤੀਸਰੇ ਨਾਨਕ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦੀ ਰਚਨਾ ਕਰਵਾਈ।ਇਸ ਮਹਾਨ ਕਾਰਜ ਲਈ ਗੁਰੂ ਜੀ ਨੇ ਬਾਬਾ ਬਕਾਲਾ ਨਿਵਾਸੀ ਭਾਈ ਸਧਾਰਣ (ਜੋ ਕਿ ਇੱਕ ਮਿਸਤਰੀ ਸਿੱਖ ਸੀ) ਦੀ ਵਿਸ਼ੇਸ਼ ਸੇਵਾ ਲਈ। ਸਿੱਖਾਂ ਵਾਸਤੇ ਇਹ ਪਹਿਲਾ ਤੀਰਥ ਸਥਾਨ ਸੀ ਜਿਸ ਦਾ ਨਿਰਮਾਣ ਗੁਰੂ ਜੀ ਨੇ ਆਪ ਆਰੰਭ ਕਰਵਾਇਆ ਅਤੇ ਇਸ ਦੀ ਤਿਆਰੀ ਲਈ ਲਗਭਗ ਛੇ ਸਾਲ ਦਾ ਸਮਾਂ ਲੱਗਾ।ਬਾਉਲੀ ਸਾਹਿਬ ਦਾ ਬਣਨਾ ਜਿਥੇ ਉਸ ਸਮੇਂ ਦੇ ਜਾਤੀ ਵੰਡ-ਵਿਤਕਰੇ ਉਪਰ ਇੱਕ ਕਰਾਰੀ ਅਤੇ ਵਿਹਾਰੀ ਚੋਟ ਸੀ,ਉਥੇ ਗੁਰੂਕਿਆਂ ਦੇ ਉਸ ਪੱਖ ਨੂੰ ਵੀ ਪੂਰਦੀ ਸੀ ਜਿਹੜਾ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਮਹਾਂਵਾਕ ਨਾਲ ਜੁੜਿਆ ਹੋਇਆ ਹੈ। ਮਿਥੇ ਹੋਏ ਪ੍ਰੋਗਰਾਮ ਮੁਤਾਬਿਕ ਗੁਰੂ ਅਮਰਦਾਸ ਜੀ ਨੇ ਇਸ ਬਾਉਲੀ ਤੱਕ ਪਹੁੰਚ ਕਰਨ ਲਈ ਚੌਰਾਸੀ ਪੌੜੀਆਂ ਬਣਵਾਈਆਂ ਅਤੇ ਨਾਲ ਹੀ ਇਹ ਵਾਕ ਵੀ ਕਰ ਦਿੱਤਾ ਕਿ ਜੇਕਰ ਇਸ ਬਾਉਲੀ 'ਤੇ ਕੋਈ ਸ਼ਰਧਾਵਾਨ (ਚਾਹੇ ਉਹ ਕਿਸੇ ਵੀ ਧਰਮ,ਵਰਣ,ਜਾਤ ਅਤੇ ਨਸਲ ਨਾਲ ਸੰਬੰਧਤ ਹੋਵੇ) ਪੂਰੀ ਸ਼ਰਧਾ-ਭਾਵਨਾ ਨਾਲ ਜਪੁ ਜੀ ਸਾਹਿਬ ਦਾ ਪਾਠ ਅਤੇ ਇਸ਼ਨਾਨ ਕਰੇਗਾ ਉਹ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੁੰਵਾਰਨ ਵਿਚ ਸਫ਼ਲ ਹੋਵੇਗਾ।ਉਸ ਸਮੇਂ ਤੋਂ ਹੀ ਗੁਰੂ ਨਾਨਕ ਨਾਮ-ਲੇਵਾ ਸੰਗਤ ਇਸ ਬਾਉਲੀ ਵਿਚ ਪਾਠ ਅਤੇ ਇਸ਼ਨਾਨ ਕਰਕੇ ਆਤਮਿਕ ਆਨੰਦ ਪ੍ਰਾਪਤ ਕਰਦੀ ਆ ਰਹੀ ਹੈ।

# ਕਰਨਲ ਨਿਸ਼ਾਨ ਦਾ ਕੈਲੰਡਰ ਗਿਆਨ-2



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

ਕਿਸੇ ਸਮੇਂ ਇਨਸਾਨ ਨੂੰ ਵੀ ਦਿਨ ਦੇ ਚਾਨਣ ਅਤੇ ਰਾਤ ਦੇ ਹਨੇਰੇ ਦਾ ਹੀ ਗਿਆਨ ਸੀ। ਜਦੋਂ ਕਿਸੇ ਸਿਆਣੇ ਨੇ ਚੰਦ ਦੇ ਚਾਨਣੇ ਪੱਖ ਅਤੇ ਹਨੇਰੇ ਪੱਖ ਦਾ ਹਿਸਾਬ-ਕਿਤਾਬ ਰੱਖ ਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿੱਚ ਕਿੰਨੀ ਤਬਦੀਲੀ ਆਈ ਹੋਏਗੀ। ਜਦੋਂ ਇਨਸਾਨ ਦੀਰੁੱਤਾਂ ਬਾਰੇ ਸਮਝ ਵਿੱਚ ਵਾਧਾ ਹੋਇਆਂ ਤਾਂ ਸੂਰਜੀ ਕੈਲੰਡਰ ਹੋਂਦ ਵਿੱਚ ਆਇਆ। ਅੱਜ ਵੀ ਦੁਨੀਆਂ ਵਿੱਚ ਚੰਦ ਦਾ ਕੈਲੰਡਰ, ਸੂਰਜੀ ਕੈਲੰਡਰ ਅਤੇ ਦੋਵਾਂ ਦਾ ਮਿਸ਼ਰਤ, ਚੰਦਰ-ਸੂਰਜੀ ਕੈਲੰਡਰ ਪ੍ਰਚੱਲਤ ਹਨ।

ਇਸਲਾਮ ਧਰਮ ਵਿੱਚ ਪ੍ਰਚੱਲਤ ਹਿਜਰੀ ਕੈਲੰਡਰ, ਚੰਦ ਅਧਾਰਿਤ ਕੈਲੰਡਰ ਹੈ। ਦੁਨੀਆਂ ਦਾ ਸਾਂਝਾ ਕੈਲੰਡਰ ਅਤੇ ਨਾਨਕਸ਼ਾਹੀ ਕੈਲੰਡਰ ਸੂਰਜੀ ਕੈਲੰਡਰ ਹਨ। ਬਿਕ੍ਰਮੀ ਕੈਲੰਡਰ, ਚੰਦਰ-ਸੂਰਜੀ ਕੈਲੰਡਰ ਹੈ। ਇਨ੍ਹਾਂ ਕੈਲੰਡਰਾਂ ਦੇ ਸਾਲ ਦਾ ਆਰੰਭ ਇਕ ਖਾਸ ਸਮੇਂ ਤੇ ਹੁੰਦਾ ਹੈ। ਜਿਵੇ ਹਿਜਰੀ ਕੈਲੰਡਰ ਦਾ ਆਰੰਭ ਇਕ ਮੁਹੱਰਮ ਤੋਂ, ਸਾਂਝੇ ਸਾਲ ਦਾ ਆਰੰਭ ਇਕ ਜਨਵਰੀ ਤੋਂ, ਨਾਨਕਸ਼ਾਹੀ ਕੈਲੰਡਰ ਦਾ ਆਰੰਭ ਇਕ ਚੇਤ ਤੋਂ ਅਤੇ ਚੰਦ ਦੇ ਕੈਲੰਡਰ ਦਾ ਆਰੰਭ ਚੇਤ ਸੁਦੀ ਏਕਮ ਤੋਂ। ਇਥੇ ਇਕ ਹੋਰ ਨੁਕਤਾ ਵੀ ਸਾਂਝਾ ਕਰਨਾ ਜਰੂਰੀ ਸਮਝਦਾ ਹਾਂ, ਉਹ ਇਹ ਹੈ ਕਿ ਉੱਤਰੀ ਭਾਰਤ ਵਿਚ ਚੰਦ ਦੇ ਕੈਲੰਡਰ ਦਾ ਮਹੀਨਾ ਪੂਰਨਮੰਤਾ, ਭਾਵ ਪੂੰਨਿਆ ਤੋਂ ਪੂੰਨਿਆ ਗਿਣਿਆ ਜਾਂਦਾ ਹੈ। ਪਰ, ਸਾਲ ਦਾ ਆਰੰਭ ਮੱਸਿਆ ਤੋਂ ਅਗਲੇ ਦਿਨ ਭਾਵ ਸੁਦੀ ਏਕਮ ਤੋਂ ਹੁੰਦਾ ਹੈ। ਇਹ ਹੀ ਕਾਰਨ ਹੈ ਕਿ ਚੇਤ ਦੇ ਮਹੀਨੇ ਦਾ ਪਹਿਲਾ ਅੱਧ ਖਤਮ ਹੋ ਰਹੇ ਸਾਲ ਵਿੱਚ ਆਉਂਦਾ ਹੈ ਅਤੇ ਦੂਜਾ ਅੱਧ, ਨਵੇ ਸਾਲ ਵਿੱਚ ਆਉਂਦਾ ਹੈ। ਭਾਵ ਨਵਾ ਸਾਲਦਾ ਆਰੰਭਚੇਤ ਦੇ ਸੁਦੀ ਏਕਮ ਤੋਂ ਆਰੰਭ ਹੁੰਦਾ ਹੈ।

ਕਰਨਲ ਨਿਸ਼ਾਨ ਦੀ ਕਿਤਾਬ ਦੇ ਪੰਨਿਆਂਨੂੰ ਧਿਆਨ ਨਾਲ ਵੇਖੋ। ਸੰਮਤ 549 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 29 ਮਾਰਚ 2017 ਈ: ਦਿਨ ਬੁੱਧਵਾਰ (ਪੰਨਾ 84) ਦਾ ਦਰਜ ਹੈ। ਅਸਲ ਵਿੱਚ ਇਸ ਦਿਨ ਸੰਮਤ 2074 ਬਿਕ੍ਰਮੀ ਦਾ ਆਰੰਭ ਹੋਇਆ ਸੀ। ਸੰਮਤ 550 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 18 ਮਾਰਚ 2018 ਈ: ਦਿਨ ਐਤਵਾਰ (ਪੰਨਾ 85) ਅਤੇ ਸੰਮਤ 551 ਨਾਨਕਸ਼ਾਹੀ ਦਾ ਆਰੰਭ ਚੇਤ ਸੁਦੀ ਇਕ, 6 ਅਪ੍ਰੈਲ 2019 ਈ: ਦਿਨ ਸ਼ਨਿੱਚਰਵਾਰ(ਪੰਨਾ 87) ਨੂੰ ਹੁੰਦਾ ਦਰਸਾਇਆ ਗਿਆ ਹੈ। ਜਦੋਂ ਕਿ ਨਾਨਕਸ਼ਾਹੀ ਸੰਮਤ ਦਾ ਆਰੰਭ,ਹਰ ਸਾਲ 1 ਚੇਤ (14 ਮਾਰਚ) ਤੋਂ ਹੁੰਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨਾਮ ਹੇਠ ਛਾਪਿਆ ਜਾਂਦਾ ਬਿਕ੍ਰਮੀ ਕੈਲੰਡਰ ਵੀ ਸੂਰਜੀ ਹੈ। ਇਸ ਦੇ ਨਵੇਂ ਸਾਲ ਦਾ ਆਰੰਭ ਵੀ ਅੱਜ ਕੱਲ 1 ਚੇਤ/ 14 ਮਾਰਚ ਤੋਂ ਹੀ ਹੁੰਦਾ ਹੈ ਪਰ 2027 ਈ: ਵਿੱਚ ਇਸ ਦਾ ਆਰੰਭ 1 ਚੇਤ/15 ਮਾਰਚ ਨੂੰ ਹੋਵੇਗਾ।

ਇਥੇ ਇਕ ਹੋਰ ਨੁਕਤਾ ਵੀ ਧਿਆਨ ਦੀ ਮੰਗ ਕਰਦਾ ਹੈ। ਕਰਨਲ ਨਿਸ਼ਾਨ ਮੁਤਾਬਕ, ਚੇਤ ਸੁਦੀ ਏਕਮ 29 ਮਾਰਚ 2017 ਈ:, ਦਿਨ ਬੁੱਧਵਾਰ ਦਰਜ ਹੈ। ਜਦੋਂ ਕਿ ਜੰਤਰੀਆਂ ਮੁਤਾਬਕ 29 ਮਾਰਚ ਦਿਨ ਬੁੱਧਵਾਰ ਨੂੰ ਚੇਤ ਸੁਦੀ ਦੂਜ ਸੀ। ਬਿਕ੍ਰਮੀ ਕੈਲੰਡਰ ਵਿੱਚ ਦਿਨ ਦਾ ਆਰੰਭ ਸੂਰਜ ਚੜਨ ਵੇਲੇ ਤੋਂ ਹੁੰਦਾ ਹੈ। ਚੰਦ ਦੀ ਜੋ ਤਿੱਥ ਸਵੇਰੇ ਸੂਰਜ ਚੜਨ ਵੇਲੇ ਹੁੰਦੀ ਹੈ, ਉਹ ਹੀ ਗਿਣੀ ਜਾਂਦੀ ਹੈ। 28 ਮਾਰਚ 2017 ਈ: ਦਿਨ ਮੰਗਲਵਾਰ ਨੂੰ ਸਵੇਰੇ 6:25 ਤੇ ਸੂਰਜ ਚੜਿਆ ਸੀ। ਇਸ ਵੇਲੇ ਚੇਤ ਵਦੀ ਮੱਸਿਆ ਸੀ। ਜੋ ਲੱਗ ਭੱਗ 8.27 ਮਿੰਟ ਤੇ ਖਤਮ ਹੋ ਗਈ ਸੀ। ਅਤੇ ਚੇਤ ਸੁਦੀ ਏਕਮ ਆਰੰਭਹੋ ਗਈ ਸੀ। ਜੋ ਬੁੱਧਵਾਰ ਸਵੇਰੇ ਸੂਰਜ ਚੜਨ ਤੋਂ ਪਹਿਲਾ ਹੈ, ਲੱਗ ਭੱਗ5.45ਤੇ ਖਤਮ ਹੋ ਗਈ ਸੀ ਜਦੋਂ ਕਿ ਬੁੱਧਵਾਰ ਨੂੰ ਸੂਰਜ ਲੱਗਭੱਗ 6.23 ਮਿੰਟ ਤੇ ਚੜਿਆ ਸੀ ਉਸ ਵੇਲੇ ਚੇਤ ਸੁਦੀ ਦੂਜ ਸੀ।ਚੇਤ ਸੁਦੀ ਏਕਮ ਤਾਂ ਆਈ ਹੀ ਨਹੀ, ਇਸ ਕਾਰਨ ਚੰਦ ਦੇ ਨਵੇਂ ਸਾਲ ਦਾ ਆਰੰਭ 28 ਮਾਰਚ ਦਿਨ ਮੰਗਲਵਾਰ ਨੂੰ ਹੋਇਆ ਸੀ। ਪੰਚਾਂਗ ਦਿਵਾਕਰ, ਸ਼੍ਰੋਮਣੀ ਤਿੱਥਪਤ੍ਰਿਕਾ,ਅਤੇ ਮੁਫੀਦ ਆਲਮ ਜੰਤਰੀ, ਆਦਿਤਾਂ ਗੁੰਝਲਦਾਰ ਹਨ। ਮੰਨਿਆ, ਕੋਈ ਗਲਤੀ ਹੋ ਸਕਦੀ ਹੈ। ਨਾਨਕਸ਼ਾਹੀ ਕੈਲੰਡਰ ਦੇ ਕੱਟੜ ਅਲੋਚਕ ਨੂੰ, ਘੱਟੋ ਘੱਟ ਖਾਲਸਾ ਹੀਰਾ ਜੰਤਰੀ ਤਾਂ ਪੜ੍ਹਨੀ ਆਉਣੀ ਚਾਹੀਦੀ ਹੈ। 29 ਮਾਰਚ ਦਿਨ ਬੁੱਧਵਾਰ ਨੂੰ ਚੇਤ ਸੁਦੀ ਏਕਮ, ਸੂਰਜੀ ਸਿਧਾਂਤ ਮੁਤਾਬਕ ਆਈ ਸੀ ਨਾਕਿ ਦ੍ਰਿਕਗਿਣਤ ਸਿਧਾਂਤ ਮੁਤਾਬਕ।




ਕਰਨਲ ਨਿਸ਼ਾਨ ਵੱਲੋਂ ਸੰਮਤ 549 ਦਾ ਆਰੰਭ ਚੇਤ ਸੁਦੀ ਇਕ, 29 ਮਾਰਚ ਦਿਨ ਬੁੱਧਵਾਰ ਨੂੰ ਲਿਖਣਾ ਇਹ ਸਾਬਿਤ ਕਰਦਾ ਹੈ ਕਿ ਇਨ੍ਹਾਂ ਨੇ ਇਹ ਤਾਰੀਖ਼ "Calendircal Tabulaitons 1900-2200" ਤੋਂ ਨਕਲ ਕੀਤੀ ਹੈ। ਯਾਦ ਰਹੇ ਜੁਲਾਈ 2018 ਈ: ਦੇ ਆਖਰੀ ਹਫ਼ਤੇ ਵੈਨਕੂਵਰ ਵਿਖੇ Canaidan iSkh Study and Teacihng Soicety ਵੱਲੋਂ ਕਰਵਾਏ ਗਏ ਸੈਮੀਨਾਰ ਵਿੱਚ ਕਰਨਲ ਨਿਸ਼ਾਨ ਨੇ ਕਿਹਾ ਸੀ, "ਮੈਂ ਹਾਲੇ ਤੱਕ ਇਹ ਕਿਤਾਬ ਨਹੀਂ ਵੇਖੀ"।ਅਤੇ ਇਹ ਵੀ ਕਿਹਾ ਸੀ ਕਿ ਗਣਿਤ ਮੈਂ ਆਪ ਕੀਤੀ ਹੈ। ਉਹ ਵੀ ਦ੍ਰਿਗ ਗਣਿਤ ਸਿਧਾਂਤ ਮੁਤਾਬਕ ਕੀਤੀ ਹੈ। ਇਥੇ ਕਰਨਲ ਨਿਸ਼ਾਨ ਦਾ ਇਹ ਝੂਠ ਵੀ ਫੜਿਆ ਗਿਆ ਹੈ। ਮੈਂ ਪੂਰੀ ਜਿੰਮੇਵਾਰੀ ਨਾਲ ਲਿਖ ਰਿਹਾ ਹਾਂ ਕਿ ਕਰਨਲ ਨਿਸ਼ਾਨ ਨੂੰ ਗਣਿਤ ਕਰਨੀ ਨਹੀਂ ਆਉਂਦੀ। ਇਨ੍ਹਾਂ ਨੇ ਸਾਰੀਆਂ ਤਾਰੀਖਾਂ, "Calendircal Tabulaitons 1900-2200" ਤੋਂ ਨਕਲ ਕੀਤੀਆਂ ਹਨ। ਉਸ ਕਿਤਾਬ ਵਿੱਚ ਸਾਰੀ ਗਣਿਤ ਸੂਰਜੀ ਸਿਧਾਂਤ ਮੁਤਾਬਕ ਹੈ। "For thei Hndu lunar calendar, we follow the rules of the Surya-iSddhanta, as amended by Ganesa Diavajna[" (xxiv) ਕਰਨਲ ਨਿਸ਼ਾਨ ਨੇ, ਬਿਨਾ ਸੋਚੇ ਸਮਝੇ ਉਥੋਂ ਨਕਲ ਮਾਰ ਕੇ ਆਪਣੀ ਕਿਤਾਬ ਵਿੱਚ ਤਾਰੀਖ਼ਾਂ ਲਿਖ ਦਿੱਤੀਆਂ ਹਨ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ, ਨਾਨਕਸ਼ਾਹੀ ਸੰਮਤ 549, 550 ਅਤੇ 551 ਦੇ ਕੈਲੰਡਰਾਂ ਨੂੰ ਵੇਖੋ। ਹਰ ਨਵੇਂ ਸਾਲ ਦਾ ਆਰੰਭ 14 ਮਾਰਚ ਤੋਂ ਹੁੰਦਾ ਹੈ। ਕਰਨਲ ਨਿਸ਼ਾਨ ਦੀ ਕਿਤਾਬ ਦੇ ਪੰਨਾ 84 ਦੀ ਫ਼ੋਟੋ ਨੂੰ ਵੇਖੋ। "ਚੇਤ ਗੋਬਿੰਦ ਅਰਾਧੀਏ" ਭਾਵ ਚੇਤ ਦੀ ਸੰਗਰਾਂਦ ਦੇ ਸਾਹਮਣੇ ਨਾਨਕਸ਼ਾਹੀ 548, ਮੰਗਲਵਾਰ, 14 ਮਾਰਚ 2017 ਈ: ਦਰਜ ਹੈ। ਸੰਮਤ 548 ਤੋਂ 549, ਚੇਤ ਸੁਦੀ 1, ਦਿਨ ਬੁੱਧਵਾਰ 29 ਮਾਰਚ 2017 ਨੂੰ ਹੁੰਦਾ ਹੈ। ਇਸ ਦਿਨ ਤਾਂ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਤਾਂ ਉਸ ਦਿਨ 16 ਚੇਤ ਸੀ। ਇਸੇ ਤਰ੍ਹਾਂ ਹੀ, ਸੰਮਤ 550 ਦਾ ਆਰੰਭ (ਪੰਨਾ 85) 18 ਮਾਰਚ ਦਾ ਦਰਜ ਹੈ। ਸ਼੍ਰੋਮਣੀ ਕਮੇਟੀ ਦਾ ਕੈਲੰਡਰ ਵੇਖੋ, 18 ਮਾਰਚ ਨੂੰ 5 ਚੇਤ ਸੀ। ਸੰਮਤ 551 ਦਾ ਆਰੰਭ, (ਪੰਨਾ 86) ਚੇਤ ਸੁਦੀ ਏਕਮ, 6 ਅਪ੍ਰੈਲ ਦਿਨ ਸ਼ਨਿੱਚਰਵਾਰ ਦਾ ਦਰਜ ਹੈ।

ਚੇਤ ਸੁਦੀ ਏਕਮ, 6 ਅਪ੍ਰੈਲ ਨੂੰ ਸੰਮਤ 551 ਨਾਨਕਸ਼ਾਹੀ ਦਾ ਨਹੀਂ, ਸੰਮਤ 2075 ਬਿਕ੍ਰਮੀ ਦਾ ਆਰੰਭ ਹੋਇਆ ਸੀ। ਸੰਮਤ 551 ਨਾਨਕਸ਼ਾਹੀ ਦਾ ਤਾਂ ਉਸ ਦਿਨ 24 ਚੇਤ ਸੀ।

ਇਸ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਨਾਨਕਸ਼ਾਹੀ ਕੈਲੰਡਰ ਦੇ ਕੱਟੜ ਵਿਰੋਧੀ ਅਤੇ ਸੰਤ ਸਮਾਜ ਦੇ ਸਲਾਹਕਾਰ,ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨਨੂੰ, ਕਿਤਾਬ ਲਿਖਣ ਵੇਲੇ ਤੱਕ (2016 ਈ:) ਇਹ ਜਾਣਕਾਰੀ ਨਹੀਂ ਸੀ ਕਿ ਨਾਨਕਸ਼ਾਹੀ ਸੰਮਤ ਦਾ ਆਰੰਭ 1 ਚੇਤ ਤੋਂ ਹੁੰਦਾ ਹੈ ਜਾਂ ਚੇਤ ਸੁਦੀ ਏਕਮ ਤੋਂ? ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿਜਿਸ ਨੂੰ ਕੰਧ ਉੱਤੇ ਟੰਗਿਆ ਕੈਲੰਡਰ ਵੀ ਵੇਖਣਾਨਹੀਂ ਆਉਂਦਾ, ਉਹ ਨਾਨਕਸ਼ਾਹੀ ਕੈਲੰਡਰ ਅਤੇ ਉਸ ਦੇ ਨਿਰਮਾਤਾ ਸ.ਪਾਲ ਸਿੰਘ ਪੁਰੇਵਾਲ ਦੀਅਲੋਚਨਾ ਕਰ ਰਿਹਾ ਹੈ।"ਅਖੇ, ਮੈਂ 1999 ਈ: ਵਿੱਚ ਸਿੰਘ ਸਾਹਿਬ ਨੂੰ ਨਾਨਕਸ਼ਾਹੀ ਕੈਲੰਡਰ ਦੀਆਂ ਖ਼ਾਮੀਆਂ ਤੋਂ ਜਾਣੂ ਕਰਵਾ ਦਿੱਤਾ ਸੀ"।

# ਹਾਕੀ ਖੇਡ ਜਗਤ ਦਾ ਸਿਤਾਰਾ ਸੀ ਮਹਿੰਦਰ ਸਿੰਘ ਮੁਣਸ਼ੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਜੀਵਨ ਅਤੇ ਮੌਤ ਦੋਵੇਂ ਅਟੱਲ ਸਚਾਈਆਂ ਹਨ। ਮੌਤ ਇਕ ਅਜਿਹਾ ਸੱਚ ਹੈ ਕਿ ਵਾਪਰਦੀ ਹੀ ਹੈ ਪਰ ਕੋਈ ਮੌਤ ਸਮਾਂ ਪਾ ਕੇ ਹੋਵੇ ਤਾਂ ਹੋਣੀ ਹੈ, ਪਰ ਜੋ ਬੁਲੰਦੀਆਂ 'ਤੇ ਹੋਵੇ ਤੇ ਸਮਾਂ ਜਾਣ ਦਾ ਨਾ ਹੋਵੇ ਤਾਂ ਅਣਹੋਣੀ ਹੈ। ਜਿਸ ਨਾਲ ਹਾਕੀ ਖੇਡ ਜਗਤ ਦਾ ਸਿਤਾਰਾ ਮਹਿੰਦਰ ਸਿੰਘ ਮੁਣਸ਼ੀ ਭਰ ਜਵਾਨੀ ਵਿਚ ਸਿਰਫ 24 ਸਾਲ ਦੀ ਉਮਰ ਵਿਚ ਤੁਰ ਗਿਆ ਜਦੋਂ ਕਿ ਉਸਦੀ ਹਾਕੀ ਖੇਡ ਦਾ ਹੁਨਰ ਸਿਤਾਰਾ ਬੁਲੰਦੀਆਂ 'ਤੇ ਸੀ। ਅਜੇ ਉਸਨੇ ਹੋਰ ਮੱਲਾਂ ਮਾਰਨੀਆਂ ਸਨ। ਜਦ ਕਿਸੇ ਦੇ ਅਜ਼ੀਜ਼ ਪਿਆਰੇ ਤੁਰ ਜਾਂਦੇ ਹਨ ਤਾਂ ਪਿੱਛੇ ਰਹਿ ਗਏ ਸੋਚਦੇ ਹਨ ਕਿ ਉਹ ਮਰੇ ਨਹੀਂ ਅਤੇ ਕਿਵੇਂ ਸਾਡੇ ਦਿਲਾਂ ਵਿਚ ਰਹਿ ਸਕਦੇ ਹਨ ਤਾਂ ਉਹ ਉਹਨਾਂ ਦੀ ਯਾਦਗਾਰ ਬਣਾਉਂਦੇ ਹਨ। ਕੋਈ ਅਮੀਰ ਹੈ, ਵੱਡੀ ਯਾਦਗਾਰ ਬਣਾਉਂਦਾ ਹੈ ਜਿਵੇਂ ਸ਼ਾਹਜਹਾਨ ਨੇ ਬਣਾਈ। ਕੋਈ ਗਰੀਬ ਹੈ ਉਹ ਕੱਚੀ-ਪੱਕੀ ਸਮਾਧ ਬਣਾਉਂਦਾ ਹੈ, ਫਿਰ ਕਿਸੇ ਧਾਰਮਿਕ ਅਸਥਾਨ ਤੇ ਪੱਖਾ, ਨਲਕਾ ਲੁਆ ਦਿੰਦਾ, ਲੰਗਰ ਲਗਾ ਦਿੰਦਾ। ਆਪਣੀ ਯਥਾ-ਸ਼ਕਤੀ ਅਨੁਸਾਰ ਦਾਸ ਕਰ ਦਿੰਦਾ ਹੈ। ਪਰ ਜਜ਼ਬਾ ਦੋਵਾਂ ਦਾ ਬਰਾਬਰ ਹੈ। ਦੋਵਾਂ ਨ ਯਾਦਗਾਰ ਦਿਲ ਵਿਚ ਬਣਾਈ ਹੈ। ਮੈਂ ਆਪਣੀ ਧੀ 'ਗਿੰਨੀ' ਦੀ ਯਾਦ ਵਿਚ ਜਿਸਦੀ ਉਮਰ 13 ਸਾਲ ਦੀ ਸੀ ਕਿ ਉਸਦੀ ਇਕ ਸੜਕ ਹਾਦਸੇ ਵਿਚ ਦਰਦਨਾਕ ਮੌਤ ਹੋ ਗਈ। ਗਿੰਨੀ ਸਿਮ੍ਰਤੀ ਗ੍ਰੰਥ ਦੀ ਪੁਸਤਕ ਬਣਾਈ ਜੋ ਇਕ ਸਾਹਿਤਕ ਯਾਦਗਾਰ ਵਜੋਂ ਪੰਜਾਬੀ ਸਾਹਿਤ ਵਿਚ ਦਰਜ ਹੋਈ ਹੈ। ਇਸੇ ਤਰ੍ਹਾਂ ਉਲੰਪੀਅਨ ਮੁਣਸ਼ੀ ਨੂੰ ਜਿੰਦਾ ਰੱਖਦਿਆਂ ਉਸਦੇ ਪਰਿਵਾਰ ਅਤੇ ਉਸਦੀ ਖੇਡ ਨੂੰ ਪਿਆਰ ਕਰਨ ਵਾਲਿਆਂ ਨੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੀ ਸਥਾਪਨਾ ਕੀਤੀ, ਜਿਸਨੂੰ ਉਸਦਾ ਛੋਟਾ ਭਰਾ ਸਤਪਾਲ ਸਿੰਘ ਜੋ ਦੁਆਬਾ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਵਿਚ ਸੇਵਾ ਕਰਦਾ ਹੈ, ਚਲਾ ਰਿਹਾ ਹੈ।

ਗਿੰਨੀ ਸਿਮ੍ਰਤੀ ਗ੍ਰੰਥ ਪੰਜਾਬੀ ਸਾਹਿਤ ਦੇ ਖੇਤਰ ਵਿਚ ਅਤੇ ਉਲੰਪੀਅਨ ਮਹਿੰਦਰ ਸਿੰਘ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਦੋਵੇਂ ਅਜਿਹੀਆਂ ਯਾਦਗਾਰਾਂ ਹਨ, ਜੋ ਇਹਨਾਂ ਪਿਆਰਿਆਂ ਨੂੰ ਹਮੇਸ਼ਾ ਜਿੰਦਾ ਰੱਖਣਗੀਆਂ। ਸ਼ਿਲਾਲੇਖ ਦੇ ਅੱਖਰ ਫਿੱਕ ਪੈ ਸਕਦੀ ਹਨ ਪਰ ਗਿੰਨੀ ਸਿਮ੍ਰਤੀ ਗ੍ਰੰਥ ਦੇ ਅੱਖਰ ਹਮੇਸ਼ਾ ਰੌਸ਼ਨ ਰਹਿਣਗੇ। ਇਸੇ ਤਰ੍ਹਾਂ ਮੁਣਸ਼ੀ ਦੀ ਖੇਡ ਦੀ ਮਹਿਕ ਹਾਕੀ ਖੇਡ ਮੈਦਾਨਾਂ ਵਿਚ ਚੰਬੇ ਦੀ ਕਲੀ ਵਾਂਗ ਮਹਿਕ ਖਿਲਾਰਦੀ ਰਹੇਗੀ। ਸੰਸਾਰ ਵਿਚ ਜਿੱਥੇ ਵੀ ਸੰਸਾਰ ਹਾਕੀ ਦੀ ਗੱਲ ਹੋਵੇਗੀ, ਮੁਣਸ਼ੀ ਦਾ ਜ਼ਿਕਰ ਜ਼ਰੂਰ ਹੋਵੇਗਾ। ਮੁਣਸ਼ੀ ਦੇ ਜੀਵਨ ਅਤੇ ਉਸਦੇ ਹਾਕੀ ਖੇਡ ਦੇ ਹੁਨਰ ਨੂੰ ਦਰਸਾਉਣ ਲਈ ਵਰਣਨਯੋਗ ਹੈ ਕਿ ਪੰਜਾਬ ਦੇ ਦੁਆਬਾ ਖੇਤਰ ਦੇ ਸ਼ਹਿਰ ਜਲੰਧਰ ਦੀ ਤਹਿਸੀਲ ਸ਼ਾਹਕੋਟ ਦੇ ਪਿੰਡ ਨੰਗਲ ਅੰਬੀਆਂ ਵਿਖੇ ਮੁਣਸ਼ੀ ਦਾ ਜਨਮ ਮਾਤਾ ਰੱਖੀ ਅਤੇ ਪਿਤਾ ਮੁਣਸ਼ੀ ਰਾਮ ਦੇ ਘਰ ਹੋਇਆ।

ਜਿਸਦੇ ਬਚਪਨ ਦੇ ਕਦਮ ਦੁਆਬਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਦੇ ਖੇਡਾਂ ਦੇ ਮੈਦਾਨਾਂ ਵਿਚ ਪੁੱਟਣੇ ਸ਼ੁਰੂ ਹੋਏ। ਸਫਰ ਇੱਥੋਂ ਸ਼ੁਰੂ ਹੋਇਆ। ਉਸਨੇ ਹਾਕੀ ਖੇਡ ਦੇ ਹੁਨਰ ਨੂੰ ਇਸ ਸ਼ਿੱਦਤ ਨਾਲ ਸਵੀਕਾਰ ਕੀਤਾ ਕਿ ਉਸਦਾ ਗੇਂਦ ਉਤੇ ਨਿਯੰਤਰਣ, ਪਾਸ ਲੈਣ-ਦੇਣ ਵਿਚ ਨਿਪੁੰਨ, ਖਿਡਾਰੀ ਨਾਲ ਭਿੜਨ ਤੇ ਸਹੀ ਫੈਸਲਾ ਲੈਣਾ, ਹਰ ਸਾਈਡ ਤੇ ਵਧੀਆ ਖੇਡਣ ਦੇ ਯੋਗ ਅਤੇ ਵਧੀਆ ਖੇਡ ਪ੍ਰਦਰਸ਼ਨ ਸਦਕਾ ਹੀ ਸਕੂਲੀ ਟੀਮ ਵਿਚ ਖੇਡਦਿਆਂ 1969 ਵਿਚ 16 ਸਾਲ ਦੀ ਉਮਰ ਵਿਚ ਹੀ ਸੂਬੇ ਦੀ ਹਾਕੀ ਟੀਮ ਵਿਚ ਚੁਣਿਆ ਗਿਆ। ਇੱਥੇ ਹੀ ਸੁਡੌਲ ਮਸਲਦਾਰ ਚੁਸਤ ਸਰੀਰ ਵਾਲਾ ਮੁਣਸ਼ੀ ਸਿੱਖੀ ਸਰੂਪ ਵਿਚ ਆਉਣ ਲੱਗਾ। ਸਾਡੇ ਦੇਖਦਿਆਂ ਉਸਦੇ ਮੈਚ ਖੇਡਦਿਆਂ ਉਸਦੇ ਵਾਲਾਂ ਦੇ ਪਟੇ ਵੱਡੇ ਹੋ ਰਹੇ ਸਨ ਤੇ ਪੱਟਿਆਂ ਸਮੇਤ ਖੇਡਿਆ ਉਸਦੇ ਜੂੜੇ ਤੇ ਰੁਮਾਲ ਆਇਆ। ਫਿਰ ਪੱਗ ਸਜਾਈ ਤਾਂ ਉਸਦੀ ਇਕ ਰੋਅਬਦਾਰ ਪ੍ਰਭਾਵਸ਼ਾਲੀ ਸਿੱਖ ਦੀ ਦਿੱਖ ਵੀ ਸਾਨੂੰ ਨਜ਼ਰ ਆਈ।

ਮੁਣਸ਼ੀ ਦੇ ਘਰੇਲੂ ਹਾਲਾਤ ਇੰਨੇ ਚੰਗੇ ਨਹੀਂ ਸਨ ਤਾਂ ਉਸਨੇ ਕਲਕੱਤੇ ਜਾ ਕੇ ਫੌਜ ਦੀ ਨੌਕਰੀ ਕਰ ਲਈ ਤੇ ਖੇਡਾਂ ਵਿਚ ਭਾਗ ਲੈਂਦਿਆਂ ਕਈ ਨਾਮਵਰ ਹਾਕੀ ਖੇਡ ਮੁਕਾਬਲਿਆਂ ਵਿਚ ਹਿੱਸਾ ਲਿਆ। ਉਸਦੀ ਜਾਦੂਮਈ ਹਾਕੀ ਖੇਡ ਤੋਂ ਪ੍ਰਭਾਵਿਤ ਹੋ ਕੇ ਅੰਤਰ ਰਾਸ਼ਟਰੀ ਗੋਲਕੀਪਰ ਸਵਰਗੀ ਰਾਜ ਕੁਮਾਰ ਜੀ (ਬਾਊ ਜੀ) ਨੇ ਮੁਣਸ਼ੀ ਨੂੰ 1970 ਵਿਚ ਪੰਜਾਬ ਪੁਲਿਸ ਵਿਚ ਸਿਪਾਹੀ ਭਰਤੀ ਕਰਵਾ ਦਿੱਤਾ। ਪੰਜਾਬ ਪੁਲਿਸ ਹਾਕੀ ਟੀਮ ਵੱਲੋਂ ਸੈਂਟਰ ਹਾਫ ਖੇਡਦਿਆਂ- ਮਧੂਬਨ, ਬੰਗਲੌਰ, ਜੈਪੁਰ, ਜਲੰਧਰ, ਸ਼੍ਰੀਲੰਕਾ ਵਿਖੇ ਹੋਏ ਹਾਕੀ ਖੇਡ ਮੁਕਾਬਲਿਆਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ। ਇੱਥੇ ਹੀ ਉਸਦੀ ਆਪਣੀ ਵਧੀਆ ਖੇਡ ਦਾ ਲੋਹਾ ਮਨਵਾਇਆ। ਤਦ ਮਹਿਕਮੇ ਨੇ ਉਸਨੂੰ ਸਬ ਇੰਸਪੈਕਟਰ ਦੀ ਤਰੱਕੀ ਦਿੱਤੀ। ਜਿੱਥੇ ਹੁਣ ਉਹ ਹਾਕੀ ਖੇਡ ਜਗਤ ਵਿਚ ਪ੍ਰਸਿੱਧ ਅਤੇ ਹਰਮਨ ਪਿਆਰਾ ਹੋ ਗਿਆ ਸੀ, ਉਥੇ ਉਸਨੇ ਆਪਣੀ ਗਰੀਬੀ ਦੀ ਕਮੀ ਸ਼ਰਾਰਤੀ ਮੁਸਕਰਾਹਟ ਹੇਠ ਲੁਕਾ ਲਈ ਸੀ। ਉਸਨੇ ਸੁਹਣੇ ਕੱਪੜੇ ਪਾਉਣੇ ਹਮੇਸ਼ਾ ਬਣ-ਬਣ ਕੇ ਰਹਿਣਾ, ਇਕ ਰੌਅਬਦਾਰ ਸਰਦਾਰ ਵਜੋਂ ਵਿੱਚਰਿਆ। ਗਰੀਬੀ ਦੀਆਂ ਹੰਢਾਈਆਂ ਤੰਗੀਆਂ, ਤੋਂ ਉਹ ਹੁਣ ਬੇਪਰਵਾਹ ਹੋ ਚੁੱਕਾ ਸੀ।




1970 ਵਿਚ 17 ਸਾਲ ਦੀ ਉਮਰ ਵਿਚ ਮੁਣਸ਼ੀ ਬੈਂਕਾਕ ਏਸ਼ੀਅਨ ਖੇਡਾਂ ਵਿਚ ਭਾਰਤੀ ਹਾਕੀ ਟੀਮ ਵਿਚ ਚੁਣਿਆ ਗਿਆ। ਜਿੱਥੇ ਭਾਰਤੀ ਹਾਕੀ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ। ਨਿੱਕੀ ਉਮਰ ਦਾ ਹੋਣ ਕਰਕੇ ਅੱਖੀਂ ਡਿੱਠਾ ਹਾਲ ਸੁਣਾਉਣ ਵਾਲੇ ਨੇ ਬੇਬੀ ਮਹਿੰਦਰ ਕਹਿ ਕੇ ਦਰਸਾਇਆ। 1974 ਵਿਚ ਏਸ਼ੀਅਨ ਆਲ ਸਟਾਰ ਟੀਮ ਵਿਰੁੱਧ ਖੇਡੇ ਗਏ ਮੈਚ ਦੌਰਾਨ ਵਧੀਆ ਪ੍ਰਦਰਸ਼ਨ ਨੂੰ ਦੇਖ ਕੇ 1975 ਵਿਚ ਹਾਕੀ ਸੰਸਾਰ ਕੱਪ ਲਈ ਉਸਦੀ ਚੋਣ ਹੋ ਗਈ। ਭਾਰਤੀ ਹਾਕੀ ਟੀਮ ਜਿੱਥੇ ਉਸਦੇ ਪਿਤਾ ਜੀ ਸੇਵਾਦਾਰ ਸਨ। ਉਹਨਾਂ ਦੀ ਜ਼ਿੰਮੇਵਾਰੀ ਟੂਰਨਾਮੈਂਟਾਂ ਦੌਰਾਨ ਖੇਡ ਮੈਦਾਨਾਂ ਦੀ ਰਖ-ਰਖਾਉ ਅਤੇ ਸੰਭਾਲ ਦੀ ਵੀ ਸੀ। ਮੁਣਸ਼ੀ ਬਚਪਨ ਵਿਚ ਹੀ ਆਪਣੇ ਪਿਤਾ ਨਾਲ ਕੰਮਾਂ ਵਿਚ ਹੱਥ ਵਟਾਉਣ ਲੱਗ ਪਿਆ ਸੀ। ਹਾਕੀ ਮੈਚਾਂ ਦੌਰਾਨ ਗੇਟ ਲਾਇਸ ਤੋਂ ਬਾਹਰ ਜਾਂਦੀ ਤਾਂ ਉਹ ਆਪਣੇ ਪਿਤਾ ਨਾਲ ਵਾਪਸ ਗੇਂਦ ਮੈਦਾਨ ਵਿਚ ਫੜਾਉਂਦਾ ਸੀ। ਮੇਰਾ ਹਮ ਉਮਰ ਹੋਣ ਤੇ ਅਸੀਂ ਮਹੀਨਿਆਂ ਵਿਚ ਹਾਕੀ ਟੀਮਾਂ ਬਣਾ ਕੇ ਐਂਟਰੀ ਮੈਚ ਖੇਡਿਆ ਕਰਦੇ ਸਨ। ਸਾਡੇ ਵਿਚੋਂ ਬਹੁਤਿਆਂ ਕੋਲ ਹਾਕੀ ਵੀ ਨਹੀਂ ਹੁੰਦੀ ਸੀ ਤਾਂ ਅਕੜੇ ਦੀ ਸੋਟੀ ਨੂੰ ਸੁਕਾ ਕੇ ਖੂੰਡੀ ਬਣਾ ਬਣਾ ਖੇਡਦੇ ਸਾਂ, ਮੈਂ ਤਾਂ ਸਕੂਲੀ ਪੜ੍ਹਾਈ ਵਿਚ ਹੀ ਲੱਗ ਗਿਆ ਪਰ ਮੁਣਸ਼ੀ ਆਪਣੀ ਹਾਕੀ ਪ੍ਰਤੀ ਲਗਨ ਨਾਲ ਸਾਡੀਆਂ ਅੱਖਾਂ ਸਾਹਮਣੇ ਅੱਗੇ ਹੀ ਅੱਗੇ ਵਧਦਾ ਗਿਆ ਅਤੇ ਇਹੀ ਉਸਦਾ ਹੁਨਰ ਉਸ ਦਾ ਕਾਰੋਬਾਰ ਹੋ ਗਿਆ। ਮੈਂ ਜਦ ਇਹ ਗੱਲਾਂ ਉਸਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਸਾਂਝੀਆਂ ਕੀਤੀਆਂ ਤਾਂ ਉਹ ਹੈਰਾਨੀ ਭਰਿਆ ਹੱਸ ਪਿਆ। ਛੋਟੇ ਹੁੰਦੇ ਮੁਣਸ਼ੀ ਨੇ ਸਕੂਲ ਬੋਰਡਾਂ ਵਿਚ ਗੇਂਦ ਸੁੱਟਣੀ ਜਾਂ ਕੰਧ ਉਤੇ ਗੋਲ ਚੱਕਰ ਵਾਹ ਕੇ ਗੇਂਦ ਸੁੱਟਣ ਦੀ ਮੁਹਾਰਤ ਨਾਲ ਉਹ ਯਕੀਨਨ ਗੱਲ ਲਈ ਪ੍ਰਸਿੱਧ ਹੋਇਆ, ਉਸਦਾ ਪਲੈਟੀ ਸਟਰੋਕ ਅਜਾਈ ਨਾ ਜਾਂਦਾ। ਸ਼ੁਰੂ ਵਿਚ ਮੁਣਸ਼ੀ ਫੁਟਬਾਲ ਖੇਡਦਾ ਸੀ, ਉਹ ਵੀ ਉਸਨੇ ਵਧੀਆ ਖੇਡਿਆ। ਇਕ ਘਟਨਾ ਉਸਦੇ ਛੋਟੇ ਭਰਾ ਸਤਪਾਲ ਸਿੰਘ ਨਾਲ ਵੀ ਸਾਂਝੀ ਕੀਤੀ ਕਿ ਜਦੋਂ ਸੁਰਜਣ ਸਿੰਘ ਚੱਠਾ ਹੈਡਮਾਸਟਰ ਹੁੰਦੇ ਸਨ ਤਾਂ ਮੈਚ ਦੇ ਦਿਨਾਂ ਵਿਚ ਮੁਣਸ਼ੀ ਦੀ ਪਿੱਠ ਤੇ ਗਰਮ ਪਾਣੀ ਪੈਣ ਕਾਰਨ ਪੀੜਤ ਸੀ, ਜਿਸ ਸਮੇਂ ਉਸਨੇ ਹੈਡਮਾਸਟਰ ਸਾਹਿਬ ਨੂੰ ਕਿਹਾ ਕਿ ਮੈਂ ਵੀ ਹਾਕੀ ਦੀ ਟੀਮ ਵਿਚ ਹਿੱਸਾ ਲੈਣਾ ਹੈ। ਉਹਨਾਂ ਕਿਹਾ ਤੇਰੀ ਤਾਂ ਪਿੱਠ ਸੜੀ ਹੋਈ ਹੈ। ਬਾਲ ਮੁਣਸ਼ੀ ਨੇ ਕਿਹਾ ਕਿ ਹਾਕੀ ਤਾਂ ਮੈਂ ਹੱਥਾਂ ਪੈਰਾਂ ਨਾਲ ਖੇਡਣੀ ਹੈ, ਪਿੱਠ ਨਾਲ ਨਹੀਂ ਤਾਂ ਉਸਨੂੰ ਅਭਿਆਸ ਕਰਨ ਵਿਚ ਪਾ ਦਿੱਤਾ। ਖੇਡ ਦੌਰਾਨ ਮਹਿੰਦਰ ਸਿੰਘ ਨੇ ਗੋਲ ਕਰ ਦਿੱਤਾ ਤਾਂ ਇਕੋ ਆਵਾਜ਼ ਵਿਚ ਦਰਸ਼ਕਾਂ ਨੇ ਕਿਹਾ ਕਿ ਮੁਣਸ਼ੀ ਦੇ ਮੁੰਡੇ ਨੇ ਗੋਲ ਕਰ ਦਿੱਤਾ।

ਹੈਡਮਾਸਟਰ ਸਾਹਿਬ ਵੀ ਕਹਿਣ ਲੱਗਾ ਮੁਣਸ਼ੀ ਨੂੰ ਖੇਡਣ ਦਿਓ। ਉਸ ਦਿਨ ਤੋਂ ਮਹਿੰਦਰ ਸਿੰਘ ਦੇ ਨਾਂ ਨਾਲ ਮੁਣਸ਼ੀ ਜੁੜ ਗਿਆ ਜੋ ਸੰਸਾਰ ਪੱਧਰ ਦੀ ਹਾਕੀ ਵਿਚ ਮਸ਼ਹੂਰ ਹੋ ਗਿਆ। ਉਸਦਾ ਹਾਕੀ ਸੰਸਾਰ ਕੱਪ ਜਿੱਤਿਆ, ਜਿਸ ਵਿਚ ਮੁਣਸ਼ੀ ਦੀ ਅਹਿਮ ਭੂਮਿਕਾ ਮੰਨੀ ਗਈ। 1976 ਦੀਆਂ ਮਾਂਟਰੀਅਲ ਉਲੰਪਿਕ ਖੇਡਾਂ ਸਮੇਂ ਉਸ ਦੇ ਹੁਨਰ ਨੇ ਬੁਲੰਦੀਆਂ ਨੂੰ ਛੋਹਿਆ। ਜਿੱਥੇ ਉਸਨੂੰ ਬੈਸਟ ਸਕੋਅਰ ਅਤੇ ਸਮਾਰਟ ਸ਼ਾਟ ਲਾਜ਼ਮੀ ਗੋਲ ਦੀ ਪ੍ਰਸਿੱਧੀ ਦਿਵਾਈ।

ਆਪਣੀ ਨਿੱਕੀ ਉਮਰ ਵਿਚ ਹੀ ਹਾਕੀ ਸੰਸਾਰ ਕੱਪ ਜੇਤੂ, ਬੈਸਟ ਸਕੋਅਰ ਅਤੇ ਲਾਜ਼ਮੀ ਗੋਲ ਕਰਨ ਵਾਲਾ ਹੋਣਹਾਰ ਪ੍ਰਸਿੱਧ ਖਿਡਾਰੀ 19 ਸਤੰਬਰ 1977 ਨੂੰ ਸਦਾ ਲਈ ਵਿੱਛੜ ਗਿਆ। ਹੁਣ ਮੁਣਸ਼ੀ ਦੀ ਯਾਦ ਵਿਚ ਉਸਦੇ ਛੋਟੇ ਭਰਾ ਸਤਪਾਲ ਸਿੰਘ ਅਤ ਸਾਥੀਆਂ ਵੱਲੋਂ ਮਹਿੰਦਰ ਮੁਣਸ਼ੀ ਯਾਦਗਾਰੀ ਹਾਕੀ ਕਲੱਬ ਚਲਾਇਆ ਜਾ ਰਿਹਾ ਹੈ। ਜਿਸ ਵੱਲੋਂ ਹਰ ਸਾਲ ਉਸਦੀ ਬਰਸੀ ਤੇ ਟੂਰਨਾਮੈਂਟ ਕਰਵਾਏ ਜਾਂਦੇ ਹਨ।

# ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਅਤੇ ਪ੍ਰਬੰਧਕ ਕਮੇਟੀਆਂ ਨੂੰ ਅਪੀਲ

## ਆਓ ਅੱਸੂ ਦੀ ਸੰਗਰਾਂਦ ਤੇ ਆਪਣੇ ਗੁਰੂ ਘਰਾਂ ਵਿੱਚ ਨਿਸ਼ਾਨ ਸਾਹਿਬ ਦਾ ਚੋਲਾ ਬਦਲੀ ਕਰਨ ਦੀ ਸੇਵਾ ਕਰੀਏ

**ਚਰਨਜੀਤ ਸਿੰਘ ਬਿਨਪਾਲਕੇ 91-98722-42944**

ਪੰਜਾਬ ਦੇ ਬਹੁਤ ਸਾਰੇ ਗੁਰੂ ਘਰਾਂ ਖ਼ਾਸ ਕਰਕੇ ਦੁਆਬੇ ਦੇ ਗੁਰੂ ਘਰਾਂ ਵਿੱਚ ਸੰਗਰਾਦ ਦਾ ਦਿਹਾੜਾ ਮਨਾਉਣ ਦੀ ਪਰੰਪਰਾ ਪ੍ਰਚਲਿਤ ਹੈ। ਸੰਗਰਾਂਦ ਦੇ ਦਿਨ ਤੇ ਨਵੇਂ ਦੇਸੀ ਮਹੀਨੇ ਦੀ ਆਰੰਭਤਾ ਹੁੰਦੀ ਹੈ। ਇਹ ਦਿਹਾੜਾ ਇਸ ਕਰਕੇ ਨਹੀਂ ਮਨਾਇਆ ਕਿ ਸੰਗਰਾਂਦ ਦਾ ਦਿਨ ਸ਼ੁਭ ਹੁੰਦਾ ਜਾਂਦਾ ਹੈ ਬਲਕਿ ਇਹ ਇਸ ਕਰਕੇ ਮਨਾਇਆ ਜਾਂਦਾ ਹੈ ਕਿ ਮਹੀਨੇ ਵਿੱਚ ਘੱਟੋ-ਘੱਟ ਇੱਕ ਦਿਨ ਨਗਰ ਦੀਆਂ ਸਾਰੀਆਂ ਸੰਗਤਾਂ ਵੱਲੋਂ ਇਕੱਠੇ ਹੋ ਹੋ ਕੇ ਗੁਰਬਾਣੀ ਜਸ ਸਰਵਣ ਕਰਨ ਉਪਰੰਤ ਲੋੜੀਂਦਾ ਵਿਚਾਰ ਵਟਾਂਦਰਾ ਕੀਤਾ ਸਕੇ। ਕਈ ਗੁਰੂ ਘਰਾਂ ਵਿੱਚ ਸੰਗਤਾਂ ਪੂੰਨਿਆਂ ਜਾਂ ਮੱਸਿਆ ਦੇ ਦਿਹਾੜੇ ਤੇ ਇਕੱਤਰ ਹੁੰਦੀਆਂ ਹਨ। ਇਸ ਦਾ ਮਕਸਦ ਵੀ ਉਪਰੋਕਤ ਵਾਲਾ ਹੀ ਹੁੰਦਾ ਹੈ।

ਹੁਣ ਅੱਜ ਦੇ ਮੁੱਖ ਵਿਸ਼ੇ ਦੀ ਗੱਲ ਕਰਦੇ ਹਾਂ ਸ੍ਰੀ ਗੁਰੂ ਰਵਿਦਾਸ ਜੀ ਦਾ ਫੁਰਮਾਨ ਹੈ,

ਜੈਸਾ ਰੰਗੁ ਕੁਸੰਭ ਕਾ, ਤੈਸਾ ਇਹੁ ਸੰਸਾਰ ॥
ਮੇਰੇ ਰਮਈਏ ਰੰਗੁ ਮਜੀਠ ਕਾ, ਕਹੁ ਰਵਿਦਾਸ ਚਮਾਰ ॥

ਗੁਰੂ ਰਵਿਦਾਸ ਜੀ ਨੇ ਮਜੀਠ ਰੰਗ ਦੀ ਤੁਲਨਾ ਪ੍ਰਮਾਤਮਾ ਦੇ ਰੰਗ ਨਾਲ ਕੀਤੀ ਹੈ। ਮਜੀਠ ਰੰਗ ਦੀ ਪਹਿਚਾਣ ਹੈ ਕਿ ਇਹ ਰੰਗ ਗੂੜ੍ਹਾ ਉਨਾਬੀ ਜਾਂ ਗੂੜ੍ਹਾ ਮਜੈਂਟਾ ਜਾਂ ਲਾਲ ਕਾਲਾ ਜਾਂ ਲਾਖਾ ਹੁੰਦਾ ਹੈ। ਸਾਡੇ ਬਹੁਤ ਸਾਰੇ ਗੁਰੂ ਘਰਾਂ ਵਿੱਚ ਮਜੀਠ ਰੰਗ ਦੇ ਨਿਸ਼ਾਨ ਸਾਹਿਬ ਝੂਲਦੇ ਹਨ।

ਗੁਰੂ ਘਰਾਂ ਵਿੱਚ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਵੈਸਾਖੀ ਦੇ ਦਿਹਾੜੇ ਜਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਤੇ ਕੀਤੀ ਜਾਂਦੀ ਹੈ। ਇਹ ਗੱਲ ਵਿਚਾਰਨਯੋਗ ਹੈ ਇਹ ਕਿ ਕੀ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਾਲ ਵਿੱਚ ਕੇਵਲ ਇੱਕ ਵਾਰ ਹੀ ਕੀਤੀ ਜਾ ਸਕਦੀ ਹੈ? ਮਰਿਆਦਾ ਅਨੁਸਾਰ ਅਜਿਹੀ ਕੋਈ ਵੀ ਬੰਦਿਸ਼ ਨਹੀਂ ਹੈ ਕੀ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਾਲ ਵਿੱਚ ਕੇਵਲ ਇੱਕ ਵਾਰ ਹੀ ਕਰਨੀ ਹੈ। ਇਹ ਅਸੀਂ ਜ਼ਰੂਰਤ ਅਤੇ ਸ਼ਰਧਾ ਨੂੰ ਮੁੱਖ ਰੱਖਦਿਆਂ ਸਾਲ ਵਿੱਚ ਇੱਕ ਤੋਂ ਵੱਧ ਵਾਰ ਵੀ ਕਰ ਸਕਦੇ ਹਾਂ। ਅਸੀਂ ਜਾਣਦੇ ਹਾਂ ਕਿ ਨਿਸ਼ਾਨ ਸਾਹਿਬ ਦੇ ਚੋਲੇ ਦਾ ਰੰਗ ਮੀਂਹ ਅਤੇ ਧੁੱਪ ਪੈਣ ਨਾਲ ਤਕਰੀਬਨ ਚਾਰ ਪੰਜ ਮਹੀਨੇ ਵਿੱਚ ਹੀ ਫਿੱਕਾ ਪੈ ਜਾਂਦਾ ਹੈ। ਕਈ ਵਾਰ ਨਿਸ਼ਾਨ ਸਾਹਿਬ ਦਾ ਕੱਪੜਾ ਫਟ ਵੀ ਜਾਂਦਾ ਹੈ। ਸੋ ਜੇਕਰ ਨਿਸ਼ਾਨ ਸਾਹਿਬ ਦੇ ਚੋਲੇ ਦਾ ਰੰਗ ਫਿੱਕਾ ਹੋ ਗਿਆ ਹੈ ਜਾਂ ਕੱਪੜਾ ਫੱਟ ਗਿਆ ਹੈ ਤਾਂ ਇਹ ਸ਼ੋਭਾ ਨਹੀਂ ਦਿੰਦਾ।

ਸੋ, ਸਾਲ ਵਿੱਚ ਘੱਟੋ-ਘੱਟ ਤਿੰਨ ਵਾਰ ਜਾਂ ਦੋ ਵਾਰ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਜਰੂਰ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਜੇਕਰ ਅਸੀਂ ਸਾਲ ਵਿੱਚ ਦੋ ਵਾਰ ਚੋਲਾ ਬਦਲਣ ਦੀ ਸੇਵਾ ਕਰਨੀ ਹੈ ਤਾਂ ਗੁਰੂ ਰਵਿਦਾਸ ਜੀ ਦੀ ਪ੍ਰਕਾਸ਼ ਦਿਹਾੜੇ ਤੇ ਨਿਸ਼ਾਨ ਸਾਹਿਬ ਦੇ ਬਦਲੇ ਚੋਲੇ ਨੂੰ ਅੱਸੂ ਦੀ ਸੰਗਰਾਂਦ ਤੇ ਬਦਲਿਆ ਜਾ ਸਕਦਾ ਹੈ। ਇਸ ਨਾਲ ਪ੍ਰਕਾਸ਼ ਦਿਹਾੜੇ ਨੂੰ ਤਕਰੀਬਨ ਛੇ ਮਹੀਨੇ ਵੀ ਹੋ ਜਾਂਦੇ ਹਨ ਅਤੇ ਬਰਸਾਤ ਦਾ ਮੌਸਮ ਵੀ ਲੰਘ ਜਾਂਦਾ ਹੈ।

ਸੋ, ਸਮੂਹ ਸੰਗਤਾਂ ਅਤੇ ਗੁਰੂ ਰਵਿਦਾਸ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਆਉ ਅੱਸੂ ਮਹੀਨੇ ਦੀ ਸੰਗਰਾਂਦ ਜੋ ਕਿ 17 ਸਤੰਬਰ 2023 ਦਿਨ ਐਤਵਾਰ ਨੂੰ ਹੈ ਦੇ ਦਿਹਾੜੇ ਤੇ ਆਪਣੇ ਗੁਰੂ ਘਰਾਂ ਵਿੱਚ ਨਿਸ਼ਾਨ ਸਾਹਿਬ ਦੇ ਚੋਲਾ ਬਦਲੀ ਕਰਨ ਦੀ ਸੇਵਾ ਜਰੂਰ ਕਰੀਏ।

ਬੇਨਤੀ ਕਰਤਾ ਸਮੂਹ ਮੈਂਬਰ
ਸ੍ਰੀ ਗੁਰੂ ਰਵਿਦਾਸ ਸੰਸਥਾ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਮੁੱਖ ਦਫਤਰ ਪਿੰਡ ਬਿਨਪਾਲਕੇ ਨਜ਼ਦੀਕ ਭੋਗਪੁਰ ਜ਼ਿਲ੍ਹਾ ਜਲੰਧਰ।

# ਨਵੀਂ ਡਰੈੱਸ 'ਚ ਨਜ਼ਰ ਆਉਣਗੇ ਸੰਸਦ ਦੇ ਮੁਲਾਜ਼ਮ, ਕਮਲ ਦੇ ਫੁੱਲ ਤੇ ਖ਼ਾਕੀ ਰੰਗ 'ਤੇ ਕਾਂਗਰਸ ਦਾ ਇਤਰਾਜ

**ਨਵੀਂ ਦਿੱਲੀ-** 18 ਸਤੰਬਰ ਤੋਂ ਸ਼ੁਰੂ ਹੋਣ ਜਾ ਰਹੇ ਸੰਸਦ ਦੇ ਵਿਸ਼ੇਸ਼ ਇਜਲਾਸ ਦੇ ਦੂਜੇ ਦਿਨ 19 ਸਤੰਬਰ ਨੂੰ ਗਣੇਸ਼ ਚਤੁਰਥੀ ਮੌਕੇ ਪੂਜਾ ਕਰਨ ਤੋਂ ਬਾਅਦ ਨਵੇਂ ਸੰਸਦ ਭਵਨ 'ਚ ਕੰਮਕਾਜ ਸ਼ੁਰੂ ਹੋ ਜਾਵੇਗਾ। ਇਸ ਵਿਸ਼ੇਸ਼ ਇਜਲਾਸ ਦੌਰਾਨ ਸੰਸਦ ਭਵਨ ਦੇ ਸਾਰੇ ਮਹਿਲਾ ਤੇ ਮਰਦ ਮੁਲਾਜ਼ਮ ਨਵੀਂ ਡਰੈੱਸ 'ਚ ਨਜ਼ਰ ਆਉਣਗੇ।



ਦੱਸਿਆ ਜਾ ਰਿਹਾ ਹੈ ਕਿ ਸਾਰੇ ਮੁਲਾਜ਼ਮਾਂ ਦੀ ਡਰੈੱਸ, ਇੱਥੋਂ ਤੱਕ ਕਿ ਜੁੱਤੀ ਤੱਕ ਬਦਲ ਦਿੱਤੀ ਗਈ ਹੈ। ਨਵੀਂ ਡਰੈੱਸ 'ਚ ਕਮਲ ਦੇ ਫੁੱਲ ਤੇ ਖ਼ਾਕੀ ਰੰਗ ਨੂੰ ਤਵੱਜੋ ਦਿੱਤੀ ਗਈ ਹੈ। ਸੰਸਦ ਭਵਨ ਦੇ ਮੁਲਾਜ਼ਮਾਂ ਲਈ ਇਹ ਨਵੀਂ ਡਰੈੱਸ ਨਿਫਟ ਨੇ ਡਿਜ਼ਾਈਨ ਕੀਤੀ ਹੈ। ਹੁਣ ਸਕੱਤਰੇਤ ਦੇ ਮੁਲਾਜ਼ਮ ਬੰਦ ਗਲੇ ਦੇ ਸੂਟ ਦੀ ਬਜਾਏ ਮਜੈਂਟਾ ਜਾਂ ਗੂੜ੍ਹੇ ਗੁਲਾਬੀ ਰੰਗ ਦੀ ਨਹਿਰੂ ਜੈਕੇਟ ਪਾਈ ਨਜ਼ਰ ਆਉਣਗੇ। ਸੰਸਦ ਭਵਨ ਦੇ ਟੇਬਲ ਆਫਿਸ ਦੇ ਸਟਾਫ ਯਾਨੀ ਸਦਨ 'ਚ ਸਪੀਕਰ ਦੇ ਸਾਹਮਣੇ ਬੈਠਣ ਵਾਲੇ ਮੁਲਾਜ਼ਮ ਇਸੇ ਡਰੈੱਸ 'ਚ ਹੋਣਗੇ। ਇਨ੍ਹਾਂ ਦੀ ਸ਼ਰਟ ਵੀ ਗੂੜੇ ਗ਼ੁਲਾਬੀ ਰੰਗ ਦੀ ਹੋਵੇਗੀ, ਜਿਸ 'ਤੇ ਕਮਲ ਦਾ ਫੁੱਲ ਬਣਿਆ ਹੋਵੇਗਾ। ਇਨ੍ਹਾਂ ਦੀ ਪੈਂਟ ਦਾ ਰੰਗ ਖ਼ਾਕੀ ਹੋਵੇਗਾ। ਦੋਵਾਂ ਸਦਨਾਂ ਦੇ ਮਾਰਸ਼ਲ ਨਵੀਂ ਸੰਸਦ 'ਚ ਮਨੀਪੁਰੀ ਪਗੜੀ ਬੰਨ੍ਹਣਗੇ। ਇਸ ਦੇ ਨਾਲ ਹੀ ਸੰਸਦ ਭਵਨ ਦੇ ਹੋਰ ਸੁਰੱਖਿਆ ਮੁਲਾਜ਼ਮਾਂ ਦੀ ਡਰੈੱਸ ਵੀ ਬਦਲ ਦਿੱਤੀ ਗਈ ਹੈ।

ਹੁਣ ਇਹ ਸੁਰੱਖਿਆ ਮੁਲਾਜ਼ਮ ਸਫਾਰੀ ਸੂਟ ਦੀ ਬਜਾਏ ਫ਼ੌਜੀਆਂ ਵਾਂਗ ਵਰਦੀ (ਕੌਮੋਫਲੇਜ) ਪਹਿਣਨਗੇ।18 ਤੋਂ 22 ਸਤੰਬਰ ਤੱਕ ਹੋਣ ਵਾਲੇ ਇਸ ਵਿਸ਼ੇਸ਼ ਇਜਲਾਸ 'ਚ ਪੰਜ ਬੈਠਕਾਂ ਹੋਣਗੀਆਂ। ਇਹ 17ਵੀਂ ਲੋਕ ਸਭਾ ਦਾ 13ਵਾਂ ਇਜਲਾਸ ਤੇ ਰਾਜ ਸਭਾ ਦਾ 271ਵਾਂ ਇਜਲਾਸ ਹੋਵੇਗਾ। ਕੇਂਦਰੀ ਸੰਸਦੀ ਕਾਰਜ ਮੰਤਰੀ ਪ੍ਰਹਿਲਾਦ ਜੋਸ਼ੀ ਇਸ ਇਜਲਾਸ ਬਾਰੇ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਅੰਮ੍ਰਿਤ ਕਾਲ 'ਚ ਹੋਣ ਵਾਲੇ ਇਸ ਇਜਲਾਸ 'ਚ ਉਨ੍ਹਾਂ ਨੂੰ ਸਾਰਥਕ ਚਰਚਾ ਤੇ ਬਹਿਸ ਹੋਣ ਦੀ ਉਮੀਦ ਹੈ। ਦੱਸਿਆ ਜਾ ਰਿਹਾ ਹੈ ਕਿ ਸਰਕਾਰ ਨਵੇਂ ਸੰਸਦ ਭਵਨ 'ਚ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਬੁਲ-ਾਉਣ 'ਤੇ ਵੀ ਵਿਚਾਰ ਕਰ ਰਹੀ ਹੈ।

# ਪੁਸਤਕ ਸਮੀਖਿਆ

### ਫੁੱਲਾਂ ਦਾ ਸੁਗੰਧੀ

**ਰੀਵਿਊਕਾਰ: ਬਲਜਿੰਦਰ ਮਾਨ 98150-78947**
**ਲੇਖਿਕਾ: ਸੁਖਜਿੰਦਰ ਬੀਟਾ**
**ਪ੍ਰਕਾਸ਼ਕ: ਯੂਨੀਸਟਾਰ ਬੁਕਸ ਮੁਹਾਲੀ, ਪੰਨੇ: 48, ਮੁੱਲ: 120/-**

ਸੁਖਜਿੰਦਰ ਬੀਟਾ ਇਕ ਪ੍ਰਤੀਬੱਧ ਲੇਖਿਕਾ ਅਤੇ ਸਿੱਖਿਆ ਨੂੰ ਸਮਰਪਿਤ ਅਧਿਆਪਕਾ ਹੈ। ਇਕ ਅਧਿਆਪਕ ਕੋਲ ਬਾਲ ਮਾਨਸਿਕਤਾ ਫਰੋਲਣ ਅਤੇ ਤਰਾਸ਼ਣ ਦੀ ਅਨੋਖੀ ਕਲਾ ਹੁੰਦੀ ਹੈ। ਜਿਸ ਨਾਲ ਉਹ ਉਹਨਾਂ ਦੇ ਜੀਵਨ ਨੂੰ ਨਰੋਈਆਂ ਲੀਹਾ ਤੇ ਤੋਰਦਾ ਹੈ। ਸੁਖਜਿੰਦਰ ਬੀਟਾ ਨੇ ਵੀ ਇਕ ਅਜਿਹਾ ਮਿਸ਼ਨ ਮਿਥਿਆ ਹੋਇਆ ਹੈ। ਉਹ ਇਕ ਸਫਲ ਅਧਿਆਪਕਾ ਦੇ ਨਾਲ ਹਰਮਨ ਪਿਆਰੀ ਲੇਖਿਕਾ ਵੀ ਹੈ। ਜਿਸਦਾ ਲਾਭ ਸਿਰਫ ਉਸਦੇ ਵਿਦਿਆਰਥੀ ਹੀ ਨਹੀ ਉਠਾਉਂਦੇ ਸਗੋਂ ਪਾਠਕ ਵੀ ਭਰਪੂਰ ਲਾਹਾ ਲੈਂਦੇ ਹਨ। ਬਾਲ ਸਾਹਿਤ ਦੀ ਸਿਰਜਣਾ ਕਰਨਾ ਹਾਰੀ ਸਾਰੀ ਦਾ ਕੰਮ ਨਹੀਂ ਪਰ ਉਹ ਨਰੋਏ ਕਦਮੀਂ ਅੱਗੇ ਵਧ ਰਹੀ ਹੈ।




ਰੰਗਦਾਰ ਚਿੱਤਰਾਂ ਨਾਲ ਸ਼ਿੰਗਾਰੀ ਇਸ ਪੁਸਤਕ ਨੂੰ ਆਰਟ ਪੇਪਰ ਤੇ ਛਾਪਿਆ ਗਿਆ ਹੈ। ਸਾਹਿਤ ਅਕੈਡਮੀ ਪਰਸਕਾਰ ਜੇਤੂ ਦਰਸ਼ਨ ਸਿੰਘ ਆਸ਼ਟ ਦੇ ਵਿਚਾਰ ਅਨੁਸਾਰ ਜਿਹੜੇ ਬੱਚੇ ਇਹ ਪੁਸਤਕ ਪੜ੍ਹਨਗੇ ਉਹ ਚੰਗੇ ਨਾਗਰਿਕ ਬਣਕੇ ਦੇਸ਼ ਕੌਮ ਦਾ ਨਾਮ ਜ਼ਰੂਰ ਚਮਕਾਉਣਗੇ। ਜੇਕਰ ਪੁਸਤਕ 'ਫੁੱਲਾਂ ਦੀ ਸੁਗੰਧੀ ਦਾ ਪਾਠ ਕਰੀਏ ਤਾਂ ਇਸ ਵਿਚ ਸ਼ਾਮਿਲ ਅੱਠ ਬਾਲ ਕਹਾਣੀਆਂ ਬਾਲ ਮਨ ਦੀਆਂ ਰੀਝਾਂ ਦੀਆਂ ਬਾਤਾਂ ਪਾਉਂਦੀਆਂ ਹਨ। ਇਹਨਾਂ ਵਿਚ ਨਵੇਂ ਤੇ ਨਰੋਏ ਸੁਪਨੇ ਸੰਜੋਏ ਗਏ ਹਨ। ਪਹਿਲੀ ਕਹਾਣੀ ਸਮਾਰਟਫੋਨ ਵਿਚ ਇਸਦੇ ਲਾਭ ਹਾਨੀਆਂ ਦਰਸਾਈਆਂ ਗਈਆਂ ਹਨ। ਇਸਤੋਂ ਸਾਨੂੰ ਇਸਦੇ ਸਹੀ ਇਸਤੇਮਾਲ ਦੀ ਸਿੱਖ ਮੱਤ ਮਿਲਦੀ ਹੈ। ਚੋਰ ਦੀ ਦਾੜੀ ਵਿਚ ਤਿਣਕਾ ਰਾਹੀਂ ਬੱਚਿਆਂ ਨੂੰ ਸਚਾਈ ਅਤੇ ਇਮਾਨਦਾਰੀ ਨਾਲ ਕਾਰਜ ਕਰਨ ਦੀ ਨਸੀਹਤ ਕੀਤੀ ਗਈ ਹੈ। ਇਕ ਰੁੱਖ ਦੀ ਜੀਵਨੀ ਰਾਹੀਂ ਸਾਨੂੰ ਰੁੱਖਾਂ ਦੀ ਮਹਾਨਤਾ ਬਾਰੇ ਬੜੀ ਕਮਾਲ ਦੀ ਸ਼ੈਲੀ ਵਿਚ ਦਰਸਾਇਆ ਗਿਆ ਹੈ। ਰੁੱਖ ਖੁਦ ਆਪਣੇ ਲਾਭ ਦੱਸਦਾ ਹੋਇਆ ਕੁਦਰਤੀ ਨਿਆਮਤਾ ਦੀ ਸਾਂਭ ਸੰਭਾਲ ਦਾ ਸੁਨੇਹਾ ਦਿੰਦਾ ਹੈ। ਮੇਰੀ ਛੋਟੀ ਗੁੱਡੀ ਰਾਹੀਂ ਲੜਕੀ ਨਾਲ ਕੀਤੇ ਜਾ ਰਹੇ ਭਿੰਨ ਭੇਦ ਨੂੰ ਉਜਾਗਰ ਕੀਤਾ ਗਿਆ ਹੈ। ਜਦੋਂ ਬੇਟੀ ਆਪਣੇ ਪਿਤਾ ਦੀ ਜਾਨ ਬਚਾਉਂਦੀ ਹੈ ਤਾਂ ਜਾ ਕੇ ਉਸਦੀ ਕਦਰ ਕਰਦਾ ਹੈ। ਆਪਣੀ ਦੁਨੀਆਂ ਵਿਚ ਉਸ ਬੱਚੇ ਦੀ ਮਾਨਸਿਕਤਾ ਚਿਤਰੀ ਗਈ ਹੈ ਜਿਨ੍ਹਾਂ ਦੇ ਮਾਪੇ ਆਪਣੇ ਕਾਰੋਬਾਰ ਵਿਚ ਰੁੱਝੇ ਹੋਣ ਕਰਕੇ ਬੱਚੇ ਨੂੰ ਪੂਰਾ ਸਮਾਂ ਨਹੀਂ ਦਿੰਦੇ। ਬੱਚੇ ਕੰਪਿਊਟਰ ਨਾਲ ਯਾਰੀ ਪਾ ਕੇ ਸਾਰਾ ਕੁੱਝ ਹੀ ਬਰਬਾਦ ਕਰ ਬੈਠਦਾ ਹੈ। ਪੁਸਤਕ ਵਿਚ ਸ਼ਾਮਿਲ ਕਹਾਣੀਆ ਵਾਤਾਵਰਨ ਦੀ ਸੰਭਾਲ, ਮਿਹਨਤ ਅਤੇ ਸਵੱਛਤਾ ਦਾ ਸੁਨੇਹਾ ਦਿੰਦੀਆਂ ਹੋਈਆਂ ਚੰਗੇ ਭਵਿੱਖ ਲਈ ਤਿਆਰ ਕਰਦੀਆਂ ਹਨ।

### ਜੰਗਲੀ ਫੁੱਲ

**ਰੀਵਿਊਕਾਰ: ਬਲਜਿੰਦਰ ਮਾਨ 98150-78947**
**ਕਵੀ: ਸੁਰਿੰਦਰ ਸਿੰਘ ਕੰਗਵੀ**
**ਪ੍ਰਕਾਸ਼ਕ: ਸਪਤਰਿਸ਼ੀ ਪ੍ਰਕਾਸ਼ਨ ਚੰਡੀਗੜ੍ਹ, ਪੰਨੇ: 167, ਮੁੱਲ:150/-**

ਸੁਰਿੰਦਰ ਸਿੰਘ ਕੰਗਵੀ ਦੇ ਕਾਵਿ ਸੰਸਾਰ ਦੀ ਸੈਰ ਕਰੀਏ ਤਾਂ ਇਸਦਾ ਮੁੱਖ ਵਿਸ਼ਾ ਮੁਹੱਬਤ ਉੱਭਰਕੇ ਸਾਹਮਣੇ ਆਉਂਦਾ ਹੈ। ਮੁਹੱਬਤ ਨਾਲ ਹੀ ਇਹ ਸਾਰੀ ਕਾਇਨਾਤ ਭਰੀ ਪਈ ਹੈ। ਪਰ ਇਸ ਵਿਚੋਂ ਪਵਿਤਰਤਾ ਲੱਭਣੀ ਅਸਾਨ ਕੰਮ ਨਹੀਂ। ਪਾਕਿ ਮੁਹੱਬਤ ਦੀ ਭਾਲ਼ ਵਿਚ ਤੁਰਿਆ ਕਵੀ ਹਿਜ਼ਰਾਂ ਦੇ ਦੁੱਖ ਹੰਢਾਉਂਦਾ ਹੈ। ਇਸ ਕਾਵਿ ਸੰਗ੍ਰਹਿ ਵਿਚ ਸ਼ਾਮਲ 26 ਗ਼ਜਲਾਂ, 27 ਗੀਤ ਅਤੇ 17 ਕਵਿਤਾਵਾਂ ਭਾਵੇਂ ਵੰਨ-ਸੁਵੰਨੇ ਵਿਸ਼ਿਆਂ ਨੂੰ ਛੂੰਹਦੀਆਂ ਹਨ ਪਰ ਉਹਨਾਂ ਦਾ ਮੂਲ ਭਾਵ ਫਿਰ ਉਥੇ ਹੀ ਜਾ ਪੁੱਜਦਾ ਹੈ। ਇਕ ਸਧਾਰਣ ਇਨਸਾਨ ਲਈ ਪਿਆਰ ਮੁਹੱਬਤ ਵਿਚ ਸਫ਼ਓਮਪ;ਲ ਨਾ ਹੋਣ ਦੇ ਕਈ ਕਾਰਨ ਹੋ ਸਕਦੇ ਹਨ। ਪਰ ਕਵੀ ਇਕ ਥਾਂ ਲਿਖਦਾ ਹੈ।

ਨਾ ਪਿਆਰ ਕਰਦਾ ਏ, ਨਾ ਨਫ਼ਰਤ ਕਰਦਾ ਏ
ਦਿਲ ਤੋਂ ਡਰਦਾ ਏ ਜਾਂ ਇਸ ਜਗ ਤੋਂ ਭਰਦਾ ਏ।




ਕਵੀ ਦੀਆਂ ਇਹ ਸਤ੍ਹਰਾਂ ਇਕ ਵਿਰੋਧਾਭਾਸ ਸਿਰਜਦੀਆਂ ਹਨ। ਇਥੋਂ ਸਿੱਧ ਹੁੰਦਾ ਹੈ ਕਿ ਉਹ ਅਪਣੇ ਹੀ ਭੰਵਰ ਵਿਚ ਫਸਿਆ ਹੋਇਆ ਹੈ। ਨਾ ਆਰ ਦੇ ਰਹੇ ਨਾ ਪਾਰ ਦੇ ਰਹੇ ਵਾਲੀ ਸਥਿਤੀ ਨਾਲ ਦੋ ਚਾਰ ਹੁੰਦਾ ਹੈ। ਇਹ ਰਚਨਾਵਾਂ ਕਵੀ ਨੂੰ ਸ਼ਿਵ ਕੁਮਾਰ ਬਟਾਲਵੀ ਦਾ ਚੇਲਾ ਬਣਾਉਂਦੀਆਂ ਹਨ। ਵਿਛੋੜੇ ਦਰਦ ਅਤੇ ਵਸਾਲ ਦੇ ਪਲਾਂ ਲਈ ਤੜਫ ਹਰ ਗੀਤ ਅਤੇ ਗ਼ਜ਼ਲ ਵਿਚ ਭਾਰੂ ਦਿਖਾਈ ਦਿੰਦੀ ਹੈ। ਕਵੀ ਪ੍ਰੋ. ਐਲ.ਡੀ. ਪਦੇਸ਼ੀ ਦਾ ਸ਼ਾਗਿਰਦ ਹੋਣ ਕਰਕੇ ਸੁਰ ਅਤੇ ਲੈਅ ਨੂੰ ਕਾਇਮ ਰੱਖਣ ਵਿਚ ਸਫ਼ਲ ਕਿਹਾ ਜਾ ਸਕਦਾ ਹੈ। ਗੀਤਕਾਰੀ ਉਸਦਾ ਮੁੱਖ ਸ਼ੌਕ ਕਿਹਾ ਜਾ ਸਕਦਾ ਹੈ।

'ਜੰਗਲੀ ਫੁੱਲ' ਵਿਚ ਕਵੀ ਨੇ ਇਕ ਕਿਰਤੀ ਮਨੁੱਖ ਦੇ ਜੀਵਨ ਨੂੰ ਵੀ ਛੋਹਿਆ ਹੈ। ਜਿਸ ਵਿਚ ਉਸਦੇ ਜੀਵਨ ਦੀਆਂ ਦੁਸ਼ਵਾਰੀਆ ਨੂੰ ਪੇਸ਼ ਕੀਤਾ ਗਿਆ ਹੈ। ਉਹ ਉਹਨਾਂ ਨੂੰ ਹਿੰਮਤ ਨਾਲ ਅੱਗੇ ਵਧਣ ਲਈ ਵੀ ਪ੍ਰੇਰਦਾ ਹੈ। ਜਿਵੇਂ-

ਮਹਿਲਾਂ ਵਿਚੋ ਕੱਢਣੇ ਪੈਣੇ
ਸੂਰਜ ਚੰਨ ਅਤੇ ਇਹ ਤਾਰੇ
ਹਰ ਥਾਂ ਫੇਰ ਇਹ ਚਾਨਣ ਪੁੱਜੇ
ਸੋਨ ਸੁਨਹਿਰੀ ਲੱਗਣ ਢਾਰੇ।

ਇਸ ਤਰ੍ਹਾਂ ਦੀਆਂ ਕਵਿਤਾਵਾਂ ਨਾਲ ਉਹ ਸਮਾਜਕ ਸਰੋਕਾਰਾਂ ਨੂੰ ਉਜਾਗਰ ਕਰਦਾ ਪ੍ਰਤੀਤ ਹੁੰਦਾ ਹੈ। ਸਾਡੇ ਸਮਾਜਕ ਤਾਣੇ ਬਾਣੇ ਵੱਲ ਵੀ ਇਸ਼ਾਰਾ ਕਰਦਾ ਹੈ। ਅਮੀਰੀ ਗਰੀਬੀ ਦੇ ਪਾੜੇ ਅਤੇ ਆਪਸੀ ਵੰਡੀਆਂ ਦੀ ਵੀ ਉਸਨੂੰ ਚਿੰਤਾ ਹੈ। ਨੇਤਾਵਾਂ ਦੁਆਰਾ ਹੁੰਦੀ ਲੁੱਟ ਕਾਰਨ ਹੀ ਮਜ਼ਦੂਰ ਜਮਾਤ ਅਜ ਤਕ ਸੰਤਾਪ ਹੰਢਾ ਰਹੀ ਹੈ। ਉਹ ਆਸਵੰਦ ਹੈ ਕਿ ਇਕ ਨਾ ਇਕ ਦਿਨ ਭਲਾ ਵੇਲਾ ਜ਼ਰੂਰ ਆਵੇਗਾ।

ਕਦ ਤਕ ਚਲਦਾ ਰਹੂ ਤਮਾਸ਼ਾ, ਆਖਰ ਇਹ ਸਭ ਮੁੱਕ ਜਾਣਾ ਹੈ,
'ਕੰਗਵੀ' ਬਾਜ਼ੀ ਜਿੱਤ ਹੀ ਜਾਣੀ ਆਖਰ ਜਿੰਦਾ ਹਰਦੇ ਹਰਦੇ।

ਬੱਦਲਾ ਦੀ ਛਾਂ ਵਰਗੇ ਪਿਆਰ ਨੂੰ ਪਾਉਣ ਵਾਲਾ ਕਵੀ ਯਾਦਾਂ ਦੀ ਲੜੀ ਨੂੰ ਖੋਲ੍ਹਦਾ ਖੋਲ੍ਹਦਾ ਐਨਾ ਉਲਝ ਜਾਂਦਾ ਹੈ ਕਿ ਉਹ ਹੰਝੂਆਂ ਦਾ ਭਾਰ ਚੁੱਕਣ ਤੋਂ ਵੀ ਆਕੀ ਹੋ ਜਾਂਦਾ ਹੈ। ਅਜੋਕੇ ਸਮੇਂ ਦੀ ਭੱਜ ਨੱਸ ਕਾਰਨ ਰਿਸ਼ਤਿਆਂ ਵਿਚ ਆ ਰਹੇ ਨਿਘਾਰ ਅਤੇ ਵੱਡਿਆਂ ਦਾ ਭੁੱਲਿਆ ਜਾ ਰਿਹਾ ਸਤਿਕਾਰ ਉਸਦੀ ਚਿੰਤਾ ਦਾ ਕਾਰਨ ਬਣਦੇ ਹਨ। ਧੀਆਂ ਭੈਣਾਂ ਦੀ ਦੁਰ ਦਸ਼ਾ ਵੀ ਕਵੀ ਦੇ ਦਿਲ ਨੂੰ ਵਲੂੰਧਰੀਦੀ ਹੈ। ਇਸ ਸਭ ਕਾਸੇ ਵਾਸਤੇ ਉਹ ਹਾਕਮਾਂ ਨੂੰ ਦੋਸ਼ੀ ਮੰਨਦਾ ਹੈ। ਇਸ਼ਕ ਮਿਜਾਜੀ ਦੁਆਲੇ ਘੁੰਮਦੀਆਂ ਕਾਵਿ ਵੰਨਗੀਆਂ ਕਿਤੇ ਕਿਤੇ ਇਸ਼ਕ ਹਕੀਕੀ ਦੀ ਉਡਾਰੀ ਭਰਦੀਆਂ ਵੀ ਦਿਖਾਈ ਦਿੰਦੀਆਂ ਹਨ। ਸੁਰਿੰਦਰ ਕੰਗਵੀ ਦੀ ਕਾਵਿ ਸਿਰਜਣਾ ਦਾ ਕਾਰਜ ਕਾਲ ਲੰਮੇਰਾ ਹੋਣ ਕਰਕੇ ਇਸ ਵਿਚੋਂ ਪੁਰਾਤਨਤਾ ਅਤੇ ਅਧੁਨਿਕਤਾ ਦਾ ਸੁਮੇਲ ਵੀ ਪ੍ਰਗਟ ਹੁੰਦਾ ਹੈ। ਇਸ ਮਨੋਰੰਜਕ ਪੁਸਤਕ ਦੇ ਪ੍ਰਕਾਸ਼ਨ ਦੀ ਦੇਰੀ ਕਾਰਨ ਪਾਠਕ ਉਸਦੇ ਵਲਵਲਿਆਂ ਨਾਲ ਸਾਂਝ ਪਾਉਣ ਤੋਂ ਕਾਫੀ ਸਮਾਂ ਪਛੜੇ ਰਹੇ। ਉਸਦੀ ਇਹ ਪਹਿਲੀ ਪਲੇਠੀ ਪੁਸਤਕ ਉਸਨੂੰ ਹੰਢੇ ਹੋਏ ਕਵੀਆਂ ਦੀ ਕਤਾਰ ਵਿਚ ਖੜਾ ਕਰਨ ਦੀ ਸਮਰੱਥਾ ਪ੍ਰਦਾਨ ਕਰਦੀ ਹੈ।

### ਪਿਤਾ ਇਕ ਫਰਿਸ਼ਤਾ

**ਰੀਵਿਊਕਾਰ: ਬਲਜਿੰਦਰ ਮਾਨ 98150-78947**
**ਲੇਖਕਾ: ਕੋਮਲਪ੍ਰੀਤ ਕੌਰ**
**ਪ੍ਰਕਾਸ਼ਕ: ਨਵਰੰਗ ਪਬਲੀਕੇਸ਼ਨਜ਼ ਸਮਾਣਾ, ਪੰਨੇ: 32, ਮੁੱਲ:100/-**

ਕੋਮਲਪ੍ਰੀਤ ਕੌਰ ਬੜੀ ਮਿਹਨਤ ਅਤੇ ਲਗਨ ਨਾਲ ਬਾਲ ਸਾਹਿਤ ਦੀ ਸਿਰਜਣਾ ਵਿਚ ਜੁਟੀ ਹੋਈ ਹੈ। ਉਹ ਆਪਣੇ ਜੀਵਨ ਅਨੁਭਵਾਂ ਨੂੰ ਕਵਿਤਾ ਅਤੇ ਵਾਰਤਕ ਵਿਚ ਪੇਸ਼ ਕਰਦੀ ਹੈ। ਹੱਥਲੀ ਪੁਸਤਕ 'ਪਿਤਾ ਇਕ ਫਰਿਸ਼ਤਾ' ਤੋਂ ਪਹਿਲਾਂ ਉਹ ਬਾਲ ਕਵਿਤਾਵਾਂ ਦੀਆਂ ਪੁਸਤਕਾਂ ਜੁਗਨੂੰ, ਆਓ ਵੰਡੀਏ ਮੁਸਕਾਨ ਅਤੇ ਵਰਤਕ ਦੀਆਂ ਚੰਗੀਆਂ ਗੱਲਾਂ ਤੇ ਪਾਣੀ ਇਕ ਅਨਮੋਲ ਰਤਨ ਪਾਠਕਾਂ ਦੀ ਝੋਲੀ ਪਾ ਚੁੱਕੀ ਹੈ। ਇਹਨਾਂ ਪੁਸਤਕਾਂ ਦੇ ਮਿਲੇ ਪ੍ਰਤੀਕਰਮ ਨੇ ਉਸ ਅੰਦਰ ਹੋਰ ਅੱਗ ਵਧਣ ਦਾ ਜੋਸ਼ ਭਰਿਆ। ਜਿਸ ਸਦਕਾ ਇਕ ਨਿਵੇਕਲੇ ਵਿਸ਼ੇ ਤੇ ਸਿਰਜਣਾ ਕਰਨ ਦਾ ਬੀੜਾ ਚੁੱਕਿਆ ਹੈ। ਇਸ ਤਰ੍ਹਾਂ ਹੱਥਲੀ ਪੁਸਤਕ ਸਾਨੂੰ ਪਿਤਾ ਦੇ ਰੋਲ ਬਾਰੇ ਭਰਪੂਰ ਜਾਣਕਾਰੀ ਪ੍ਰਦਾਨ ਕਰਦੀ ਹੈ। ਲੇਖਿਕਾ ਨੇ ਪੁਸਤਕ ਨੂੰ ਦਿਲਚਸਪ ਬਨਾਉਣ ਲਈ ਕਾਵਿ ਟੁਕੜੀਆਂ ਦਾ ਭਰਪੂਰ ਪ੍ਰਯੋਗ ਕੀਤਾ ਹੈ। ਪੁਸਤਕ ਦੇ ਪਹਿਲੇ ਸੱਤਾ ਪੰਨਿਆਂ ਤੇ ਉੱਘੀਆ ਸ਼ਖਸ਼ੀਅਤਾਂ ਨੇ ਅਸ਼ੀਰਵਾਦ ਦਿੱਤਾ ਹੈ। ਪੁਸਤਕ ਵਿਚ ਪਿਤਾ ਦੀ ਭੂਮਿਕਾ ਨੂੰ ਬੜੇ ਮਾਣ ਤੇ ਅਦਬ ਨਾਲ ਪੇਸ਼ ਕੀਤਾ ਗਿਆ ਹੈ। ਇਸ ਦਾ ਮਨੋਰਥ ਬਾਲ ਮਨ ਅੰਦਰ ਪਿਤਾ ਦੀ ਦੇਣ ਦਾ ਸਤਿਕਾਰ ਪੈਦਾ ਕਰਨਾ ਹੈ। ਨਾਲ ਹੀ ਬੁਢੇਪੇ ਵਿਚ ਉਸਦੀ ਸਾਂਭ ਸੰਭਾਲ ਦਾ ਸੰਦੇਸ਼ ਦੇਣਾ ਹੈ। ਪਿਤਾ ਆਪਣੇ ਪਰਿਵਾਰ ਲਈ ਜਾਨ ਦੀ ਵੀ ਪਰਵਾਹ ਨਹੀਂ ਕਰਦਾ। ਇਸ ਗੱਲ ਦਾ ਸਬੂਤ ਪੁਸਤਕ ਵਿਚ ਇਸ ਘਟਨਾ ਨਾਲ ਦਰਜ ਕੀਤਾ ਗਿਆ ਹੈ।




"ਮਹਾਰਾਜਾ ਰਣਜੀਤ ਸਿੰਘ ਯੁੱਧ ਜਿੱਤ ਕੇ ਆਏ ਤਾਂ ਉਹਨਾਂ ਦੇ ਪਿਤਾ ਜੀ ਦੇ ਤੀਰ ਲੱਗਿਆ ਹੋਇਆ ਸੀ। ਵੈਦ ਨੇ ਕਿਹਾ ਤੀਰ ਨਹੀਂ ਕੱਢਣਾ ਜਾਨ ਜਾ ਸਕਦੀ ਹੈ। ਪਰ ਉਹ ਆਪਣੇ ਪੱਤਰ ਨੂੰ ਇਹ ਗੱਲ ਦੱਸਣਾ ਨਹੀਂ ਸੀ ਚਾਹੁੰਦੇ ਕਿ ਉਹ ਜ਼ਖਮੀ ਹੈ ਤਾਂ ਕਿ ਉਹਨਾਂ ਦੇ ਪੁੱਤਰ ਦੀ ਜਿੱਤ ਦੀ ਖੁਸ਼ੀ ਦੁੱਖ 'ਚ ਨਾ ਬਦਲੇ। ਸੋ ਉਹ ਆਪਣਾ ਤੀਰ ਕੱਢ ਕੇ ਉਨ੍ਹਾਂ ਸਾਹਮਣੇ ਆਏ"।

ਮਾਂ ਦੀਆਂ ਸਿਫ਼ਤਾਂ ਵਿਚ ਬਹੁਤ ਗੀਤ ਅਤੇ ਪੁਸਤਕਾਂ ਦੀ ਸਿਰਜਣਾ ਹੋ ਚੁੱਕੀ ਹੈ। ਪਿਤਾ ਦੀ ਦੇਣ ਅਤੇ ਘਾਲਣਾ ਦਾ ਸਤਿਕਾਰ ਕਰਨ ਵਾਲੀ ਇਹ ਇਕ ਕੀਮਤੀ ਪੁਸਤਕ ਹੈ। ਜਿਥੇ ਇਹ ਬਾਲ ਪਾਠਕਾਂ ਨੂੰ ਉਚੇਰੇ ਗੁਣਾਂ ਦੇ ਧਾਰਨੀ ਬਣਾਉਂਦੀ ਹੈ ਉਥੇ ਵੱਡਿਆਂ ਲਈ ਵੀ ਗਿਆਨਵਰਧਕ ਹੈ ਕੋਮਲਪ੍ਰੀਤ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਨੀ ਬਣਦੀ ਹੈ। ਸ਼ਾਲਾ ਅਜੋਕੀ ਪੀੜੀ ਆਪਣੇ ਮਾਪਿਆਂ ਦੇ ਮਾਣ ਸਨਮਾਨ ਲਈ ਸਦਾ ਤਿਆਰ ਰਹੇ।

# ਮੰਦੀ ਦੇ ਕਾਲੇ ਪ੍ਰਛਾਵੇਂ ਹੇਠ ਜੀਅ ਰਹੇ ਹਨ ਕੈਨੇਡੀਅਨ !



ਜਗਦੀਸ਼ ਚੋਹਕਾ
91-92179-97445
001-403-285-4208

ਕੈਨੇਡਾ ਦੇ ਲੋਕਾਂ ਨੂੰ ਮੌਜੂਦਾ ਹਾਕਮਾਂ ਵਲੋਂ ਘੋਰ ਸੰਕਟ ਵੱਲ ਧੱਕਿਆ ਜਾ ਰਿਹਾ ਹੈ। ਲਿਬਰਲ ਅਤੇ ਐਨ.ਡੀ.ਪੀ. ਗਠਜੋੜ ਅਤੇ ਹਾਕਮੀ ਯੂਨੀਅਨ ਰਾਜਤੰਤਰ ਦੀ ਮਿਲੀ ਭਗਤ ਸਾਰੇ ਕੈਨੇਡਾ ਦੀ ਕਿਰਤੀ ਜਮਾਤ ਅਤੇ ਅਵਾਮ ਦੀਆਂ ਦੁਸ਼ਵਾਰੀਆ ਲਈ ਕੁਝ ਨਹੀਂ ਕਰ ਰਹੇ ਹਨ। ਇੱਥੋ ਦੇ 18-ਲੱਖ ਤੋਂ ਵੱਧ ਦੇ ਮੂਲਵਾਸੀ ਲੋਕਾਂ ਨਾਲ ਹੋਈਆਂ ਸੰਧੀਆ ਅਨੁਸਾਰ ਉਹਨਾਂ ਨੂੰ ਪੀਣ ਵਾਲੇ ਪਾਣੀ, ਰਿਹਾਇਸ਼ ਅਤੇ ਸਿਹਤ ਸਹੂਲਤਾਂ ਵੀ ਨਹੀਂ ਮਿਲ ਰਹੀਆਂ ਹਨ। ਲੋਕਾਂ ਨੂੰ ਪੂਰਾ ਆਰਥਿਕ ਨਿਆ ਨਾ ਮਿਲਣ ਕਰਕੇ ਲੋਕਾਂ ਅੰਦਰ ਨਿਰਾਸ਼ਤਾ ਦਾ ਆਲਮ ਛਾਇਆ ਹੋਇਆ ਹੈ! ਵਿਰੋਧੀ ਧਿਰ ਕੰਜਰਵੇਟਿਵ (ਟੋਰੀ) ਪਾਰਟੀ ਵੀ ਕੇਵਲ ਸਰਕਾਰ ਵਿਰੁਧ ਭੌਂਕ ਕੇ ਗੌਗਲੂਆਂ ਨੂੰ ਝਾੜ ਕੇ ਆਪਣੀ ਡਿਊਟੀ ਪੂਰੀ ਕਰ ਰਹੀ ਹੈ। ਹਾਕਮ ਅਤੇ ਵਿਰੋਧੀ ਦੋਨੋਂ ਧਿਰਾਂ ਕਿਉਂਕਿ ਪੂੰਜੀਪਤੀਆਂ ਤੇ ਕਾਰਪੋਰੇਟ ਘਰਾਣਿਆ ਦੀ ਵਾਰੋ ਵਾਰੀ ਮਿਲਕੇ ਪਿਛਲੇ 156 ਸਾਲਾਂ ਤੋਂ ਸੇਵਾ ਕਰ ਰਹੇ ਹਨ। ਇਸ ਲਈ ਕੈਨੇਡਾ ਅੰਦਰ ਕਿਰਤੀਆ ਦੀ ਤੇ ਲੋਕ ਪੱਖੀ ਸਰਕਾਰ ਦੀ ਅੱਜੇ ਕੋਈ ਆਸ ਨਹੀਂ ਰੱਖੀ ਜਾ ਸਕਦੀ ਹੈ। ਕੈਨੇਡਾ ਅੰਦਰ ਰਾਜ ਕਰ ਰਹੇ ਗਠਜੋੜ ਦਾ ਮੰਤਵ ਕੋਵਿਡ-ਮਹਾਂਮਾਰੀ ਸਮੇਂ ਦੇ ਆਰਥਿਕ ਸੰਕਟ ਦਾ ਬੋਝ ਹੌਲੀ ਹੌਲੀ ਲੋਕਾਂ ਤੇ ਪਾਉਣਾ ਹੈ ਤੇ ਕਾਰਪੋਰੇਟ ਘਰਾਣਿਆ ਨੂੰ ਖੁਲ੍ਹੇ ਗੱਫੇ ਦੇਣਾ ਹੈ। ਕਿਰਤੀ ਲੋਕਾਂ ਦੀਆਂ ਉਜਰਤਾਂ ਨੂੰ ਖੋਰਾਂ ਤੇ ਉਨ੍ਹਾਂ ਉਪਰ ਹਰ ਵੇਲੇ ਬੇਰੁਜ਼ਗਾਰੀ ਦੀ ਲਟਕ ਰਹੀ ਤਲਵਾਰ ਦਾ ਡਰ, "ਇਹ ਸਭ ਪੂੰਜੀਵਾਦੀ ਦੀਵਾਲੀਆ ਆਰਥਿਕ ਨੀਤੀਆਂ ਦੇ ਜਾਰੀ ਰਹਿਣ ਦਾ ਹੀ ਸਿੱਟਾ ਹੈ।

ਕੈਨੇਡਾ ਦੀਆਂ ਪੂੰਜੀਵਾਦੀ ਕਾਰਪੋਰੇਟ ਪੱਖੀ ਅਤੇ ਸੱਜੇ ਪੱਖੀ ਹਾਕਮ ਪਾਰਟੀਆਂ ਨੇ ਕੋਵਿਡ-19 ਦੀ ਮਹਾਂਮਾਰੀ ਵੇਲੇ ਆਪਣੀਆਂ ਨੀਤੀਆ ਅੰਦਰ ਦੇਸ਼ 'ਤੇ ਪਸਰੀ ਗਰੀਬੀ ਨੂੰ 2030 ਤਕ ਖਤਮ ਕਰਨ ਲਈ ਵਾਇਦੇ ਕੀਤੇ ਸਨ ਕਿ ਲੰਬੇ ਸਮੇਂ ਲਈ ਪੂੰਜੀ ਨਿਵੇਸ਼ ਕਰਕੇ,'ਮਕਾਨਾਂ ਦੀ ਥੁੜ੍ਹ ਦੂਰ ਕਰਨ ਲਈ ਮਕਾਨ ਉਸਾਰੀ, ਸਾਫ ਪਾਣੀ ਦੀ ਉਪਲਬਧੀ ਕਰਾਉਣੀ, ਸਿਹਤ ਤੇ ਟਰਾਂਸਪੋਰਟ ਸਭ ਦੀ ਪਹੁੰਚ ਤਕ ਕਰਨਾ। ਬੱਚਿਆ ਦੀ ਸਾਂਭ-ਸੰਭਾਲ, ਸਿਖਿਆ ਅਤੇ ਫਿਰ ਰੁਜ਼ਗਾਰ ਦਾ ਪ੍ਰਬੰਧ ਕਰਨਾ। ਇਸ ਟੀਚੇ ਲਈ ਸਲਾਨਾ 72-84 ਬਿਲੀਅਨ ਡਾਲਰ ਖਰਚ ਕਰਨਾ ਸੀ। ਪਰ ਟੀਚੇ ਨਾ ਤਾਂ ਪੂਰੇ ਹੋ ਸਕੇ, ਸਗੋਂ ਕੈਨੇਡਾ ਦੇ ਨਾਗਰਿਕ ਹਾਕਮਾਂ ਦੀਆ ਉਦਾਰਵਾਦੀ ਨੀਤੀਆ ਕਾਰਨ ਮੰਦੇ ਨਾਲ ਜੂਝ ਰਹੇ ਹਨ। ਜਿਸ ਲਈ ਮੌਜੂਦਾ ਸਰਕਾਰ ਜ਼ਿੰਮੇਵਾਰ ਹੈ। ਕੈਨੇਡਾ ਦੀ ਆਰਥਿਕਤਾ ਦੇਸ਼ ਦੀ ਰੀਅਲ -ਅਸਟੇਟ, ਮੈਨੂਫੈਕਚਰਿੰਗ ਅਤੇ ਕੁਦਰਤੀ ਸੋਮਿਆ 'ਤੇ ਨਿਰਭਰ ਕਰਦੀ ਸੀ।ਜੋ ਰੁਜ਼ਗਾਰ ਵੀ ਦਿੰਦੀ ਅਤੇ ਦੇਸ਼ ਦੀ ਜੀ.ਡੀ.ਪੀ. ਵਿੱਚ ਵੀ ਭਰਵਾ ਹਿੱਸਾ ਪਾਉਂਦੀ ਸੀ। ਪਰ ਉਹ ਉਦਾਰਵਾਦੀ ਨੀਤੀਆ ਕਾਰਨ ਮੂੰਧੇ ਮੂੰਹ ਪਈਆ ਹਨ। ਰੁਜ਼ਗਾਰ ਖੁਸਣ ਕਾਰਨ ਖਰੀਦ ਸ਼ਕਤੀ ਵੀ ਹੇਠਾਂ ਚਲੀ ਗਈ ਹੈ, ਵਿਆਜ ਦਰਾਂ 'ਚ ਬੇ-ਵਹਾ ਵਾਧਾ, ਆਰਥਿਕ ਦਰ 'ਚ ਖੜੋਤ ਆਉਣੀ, ਮੁਦਰਾ-ਸਫੀਤੀ ਨੂੰ ਜਨਮ ਦਿੰਦੀ। ਜਿਸ ਵਿੱਚੋ ਹੀ ਅੱਗੋ ਮੰਦਾ ਜਨਮ ਲੈਂਦਾ ਹੈ।

ਕੈਨੇਡਾ ਵਿੱਚ ਇਸ ਵੇਲੇ ਘੱਟ ਗਿਣਤੀ ਲਿਬਰਲ ਪਾਰਟੀ ਦੀ ਪੂੰਜੀਵਾਦੀ ਕਾਰਪੋਪੱਖੀ ਇਸਾਈਅਤ ਪ੍ਰਭਾਵ ਵਾਲੀ ਸਰਕਾਰ ਹੈ। ਜਿਸ ਨੂੰ ਐਨ.ਡੀ.ਪੀ. ਪਾਰਟੀ ਜੋ ਨਾਂ ਦੀ ਸਮ-ਾਜਵਾਦੀ ਹੈ ਜਿਸ ਦਾ ਅਧਾਰ ਮਜ਼ਦੂਰਾਂ 'ਚ ਸਮਝਿਆ ਜਾਂਦਾ ਹੈ ਪਰ ਪੂੰਜੀਵਾਦੀ ਨੀਤੀਆ ਦੀ ਹੀ ਹਮਾਇਤ ਕਰਦੀ ਹੈ। ਜਸਟਿਨ ਟਰੂਡੋ ਨੂੰ ਇਹ ਹਮਾਇਤ ਦੇ ਰਹੀ ਹੈ। ਵਿਰੋਧੀ ਧਿਰ ਟੋਰੀ (ਕੰਜਰਵੇਟਿਵ) ਪਾਰਟੀ ਹੈ, ਉਹ ਵੀ ਪੂੰਜੀਪਤੀ ਸੱਜੇ ਪੱਖੀ ਸੋਚ ਵਾਲੀ ਹੈ। ਦੋਨੋ ਵੱਡੀਆਂ ਸੱਜੇ ਪੱਖੀ ਪਾਰਟੀਆਂ ਅਮਰੀਕਾ ਦੇ ਪ੍ਰਭਾਵ ਅਧੀਨ ਹਨ। ਇਸ ਲਈ ਕੈਨੇਡਾ ਦੇ ਨਾਗਰਿਕਾਂ ਨੂੰ ਹੁਣ ਇਸ ਮੰਦੀ-ਗ੍ਰਸਤ ਮਾਹੌਲ 'ਚ ਨਿਕਲਣ ਲਈ ਕੋਈ ਆਰਥਿਕ ਰਾਹਤ ਮਿਲਣ ਦੀ ਵੀ ਵੱਡੀ ਆਸ ਨਹੀਂ ਹੈ। ਮਹਿੰਗਾਈ, ਬੇਰੁਜ਼ਗਾਰੀ, ਮਕਾਨਾਂ ਦੀ ਸਮੱਸਿਆ, ਕਰਜ਼ਿਆਂ ਦੀਆਂ ਕਿਸ਼ਤਾਂ ਅਤੇ ਵਿਆਜ ਦਰ 'ਚ ਅਥਾਹ ਵਾਧਾ ਹਜ਼ਾਰਾਂ ਕੈਨੇਡੀਅਨ ਕਿਰਤੀਆਂ ਨੂੰ ਮੌਤ ਦੇ ਮੂੰਹ ਵਿੱਚ ਧੱਕ ਰਿਹਾ ਹੈ। ਦੂਸਰੇ ਪਾਸੇ ਇਪਸੌਸ ਕੰਪਨੀ ਦੇ ਇਕ ਸਰਵੇਖਣ 'ਚ ਇਹ ਪਾਇਆ ਹੈ ਕਿ 64-ਫੀਸਦ ਲੋਕਾਂ ਨੂੰ ਲੱਗਦਾ ਹੈ ਕਿ ਸਰਕਾਰ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ-ਮਹਿੰਗਾਈ ਤੇ ਬੇਰੁਜ਼ਗਾਰੀ ਦੇ ਹਲ, ਲੋਕਾਂ ਨੂੰ ਇਲਾਜ ਤੇ ਬੱਚਿਆਂ ਨੂੰ ਸਿੱਖਿਆ ਸਹੂਲਤਾਂ ਦੇਣ ਤੋਂ ਪਿਛੇ ਹੱਟ ਰਹੀ ਹੈ ਅਤੇ ਮਕਾਨਾਂ ਦੀ ਸਮੱਸਿਆ ਦਾ ਹੱਲ 'ਤੇ ਵਿਆਜ ਦਰਾਂ ਨੂੰ ਕਾਬੂ ਹੇਠ ਰੱਖਣ ਲਈ ਫੇਲ੍ਹ ਹੋਈ ਹੈ। 63-ਫੀਸਦ ਨੇ ਕਿਹਾ ਕਿ ਸਰਕਾਰ ਆਪਣੇ ਸਰਕਾਰੀ ਖਰਚੇ ਘੱਟ ਕਰਨ ਅਤੇ ਜਵਾਬਦੇਹੀ 'ਤੇ ਪਾਰਦਰਸ਼ਤਾ ਦੀ ਘਾਟ ਕਾਰਨ ਲੋਕਾਂ ਦੀ ਪਸੰਦ ਹੇਠ ਨਹੀਂ ਹੈ।ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਸਰਕਾਰ ਨਸ਼ੀਲੀ ਦੁਵਾਈਆ ਦੇ ਸੇਵਨ ਕਾਰਨ ਹੋ ਰਹੀਆਂ ਮੌਤਾਂ ਰੋਕਣ ਲਈ ਫੇਲ੍ਹ ਹੋਈ ਹੈ।

ਸੰਸਾਰ ਆਰਥਿਕ ਵਾਧਾ ਦਰ ਬੜੀ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ। ਇਹ ਲੱਛਣ 80 ਸਾਲ ਪਹਿਲਾ ਹੋਏ ਮੰਦਵਾੜੇ ਬਾਦ ਦੋ ਵਾਰੀ ਵਾਪਰ ਚੁੱਕੇ ਮੰਦੇ ਬਾਦ ਪਨਪਿਆ ਹੈ। ਇਹ ਧੀਮੀ ਦਰ 2023 ਨੂੰ ਜੋ 3.0 ਫੀ ਸਦ ਦਿਸਦੀ ਸੀ ਘੱਟ ਕੇ 1.7 ਫੀਸਦ ਤਕ ਪੁੱਜ ਗਈ । ਇਸ ਦਾ ਅਸਰ ਕੈਨੇਡਾ 'ਤੇ ਵੀ ਪੈ ਰਿਹਾ ਹੈ।ਗਰੀਬੀ ਦਰ ਵੀ ਵੱਧੇਗੀ? ਇਸੇ ਤਰ੍ਹਾਂ ਬੇਰੁਜਗਾਰੀ ਦਰ ਵੀ ਵੱਧੇਗੀ ਅਤੇ ਕਿਰਤ ਸ਼ਕਤੀ ਨੂੰ ਰੁਜ਼ਗਾਰ ਦੀ ਪ੍ਰਾਪਤੀ ਵੀ ਘੱਟੇਗੀ (ਆਈ.ਐਲ.ਓ ਜਨਵਰੀ 2023)। ਸੰਸਾਰ ਮੁਦਰਾ ਸਫੀਤੀ ਭਾਵ ਜਿਉਣ ਵਾਲੀਆਂ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਦਾ 2022 ਵਿੱਚ ਇੰਡੈਕਸ ਜੋ 143.7 ਸੀ ਇਸ ਤੋਂ ਵੀ ਉਪਰ ਚਲਾ ਜਾਵੇਗਾ? "ਓਕਸਫੈਮ" ਦੀ ਰਿਪੋਰਟ ਅਨੁਸਾਰ ਗਰੀਬਾਂ ਤੇ ਅਮੀਰਾਂ ਵਿਚਕਾਰ ਪਾੜਾ



ਹੋਰ ਵੱਧੇਗਾ ? ਬੈਂਕ ਆਫ ਕੈਨੇਡਾ ਮੁਤਾਬਿਕ ਲੋਕਾਂ ਵਲੋਂ ਮਕਾਨਾਂ, ਗੱਡੀਆਂ ਅਤੇ ਛੋਟੇ ਕਾਰੋਬਾਰੀਆ ਵਲੋਂ ਲਏ ਕਰਜੇ ਦੇ ਵਿਆਜ ਦਰ੍ਹਾਂ 'ਚ ਵਾਧਾ 4.4 ਫੀ ਦਰ ਤੋਂ ਵੀ ਹੋਰ ਵੱਧ ਸਕਦਾ ਹੈ। ਜਦੋ ਤਕ ਅਸੀਂ ਮੁਦਰਾ ਸਫ਼ੀਤੀ ਦੀ ਦਰ 2-ਫੀ ਸਦ ਤੱਕ ਹੇਠਾਂ ਨਾ ਲਿਆਂਦੀ। ਕਿਰਤ-ਆਰਥਿਕ ਮਾਹਰ 'ਜਿਮ ਸਟੋਨ ਫੋਰਡ' ਦਾ ਕਹਿਣਾ ਹੈ ਕਿ ਸਰਕਾਰ ਦੀ ਇਹ ਆਰਥਿਕ ਨੀਤੀ ਦੇਸ਼ ਦੀ ਆਰਥਿਕਤਾ ਨੂੰ ਹੋਰ ਆਰਥਿਕ ਮੰਦੇ ਵੱਲ ਧੱਕ ਦੇਵੇਗੀ। ਜਿਸ ਕਾਰਨ ਉਜਰਤਾਂ ਹੋਰ ਖੁਰ ਜਾਣਗੀਆਂ, ਆਮਦਨ ਘੱਟ ਜਾਵੇਗੀ ! ਫਿਰ 8-9 ਫੀ ਸਦ ਬੇਰੁਜ਼ਗਾਰੀ ਘੱਟ ਕਰਨੀ ਮੁਸ਼ਕਲ ਹੋ ਜਾਵੇਗੀ ?

ਕੈਨੇਡਾ ਦੇ ਆਰਥਿਕ ਮਾਹਰਾ ਨੇ ਕਿਹਾ ਹੈ ਕਿ ਸੰਸਾਰ ਆਰਥਿਕ ਮੰਦੀ ਦੇ ਚਲਦੇ ਹੋਏ ਭਾਵੇਂ ਕੈਨੇਡਾ ਦੇ ਪ੍ਰਧਾਨਮੰਤਰੀ ਜਸਟਿਨ ਟਰੂਡੋ ਨੇ ਇਸ ਮੰਦੀ ਨੂੰ ਰੋਕਣ ਲਈ ਆਰਥਿਕ ਵਿਕਾਸ ਨੂੰ ਤੇਜ ਕਰਨ ਦੀ ਗੱਲ ਕੀਤੀ ਹੈ ਅਤੇ ਇਸ ਲਈ ਇਮੀਗ੍ਰੇਸ਼ਨ ਨੂੰ ਵਧਾ ਕੇ ਤੇਜ਼ ਕੀਤਾ ਹੈ ਤਾਂ ਕਿ ਕਿਰਤ ਮੰਡੀ ਅੰਦਰ ਪੈਦਾ ਹੋਏ ਫੈਲਾਅ ਨੂੰ ਭਰਿਆ ਜਾ ਸਕੇ। ਪਰ ਇਸ ਦੇ ਬਾਵਜੂਦ ਵੀ ਮੰਦਾ ਰੋਕਿਆ ਨਹੀ ਜਾ ਸਕੇਗਾ, 'ਭਾਵੇਂ ਕਿ ਆਉਣ ਵਾਲੇ ਪ੍ਰਵਾਸੀ ਲੋਕਾਂ, ਰਿਫ਼ੂਜੀ, ਰਿਸ਼ਤੇਦਾਰਾਂ ਅਤੇ ਪ੍ਰਵਾਸੀ ਕੌਮਾਂਤਰੀ ਵਿਦਿਆਰਥੀਆਂ ਵਲੋ ਆਰਥਿਕਤਾ ਅੰਦਰ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਪਰ ਦੂਸਰੇ ਪਾਸੇ ਉਹਨਾਂ ਲੋਕਾਂ ਦੀਆਂ ਸਮਾਜਕ ਲੋੜਾਂ, ਰੁਜ਼ਗਾਰ, ਮਕਾਨ, ਜਿਉਣ ਲਈ ਲੋੜੀਂਦੀਆਂ ਸਹੂਲਤਾਂ, ਇਲਾਜ, ਬੱਚਿਆਂ ਦੀ ਪੜ੍ਹਾਈ ਦੇ ਪ੍ਰਬੰਧ ਕਰਨ ਲਈ ਖਰਚੇ ਵੱਧਣ ਦੇ ਨਾਲ ਬਜਟੀ ਆਰਥਿਕ ਬੋਝ ਵੀ ਵੱਧ ਜਾਵੇਗਾ। ਇਥੇ ਇਹ ਦੱਸਿਆ ਜਾਂਦਾ ਹੈ ਕਿ 2015 ਤੋਂ ਲੈ ਕੇ ਅੱਜ ਤਕ ਲਗਭਗ 2.5 ਮਿਲੀਅਨ ਨਵੇਂ ਸਥਾਈ ਵਸਨੀਕ ਕੈਨੇਡਾ ਆ ਚੁੱਕੇ ਹਨ। ਹੁਣ ਕੈਨੇਡਾ ਦੀ ਆਬਾਦੀ ਵੱਧ ਕੇ 40-ਮਿਲੀਅਨ ਭਾਵ 4-ਕਰੋੜ ਪੁੱਜ ਗਈ ਹੈ। ਇਸ ਵੇਲੇ ਵੱਡੀ ਸਮੱਸਿਆ ਆਵਾਸ ਲਈ ਮਕਾਨਾਂ ਅਤੇ ਰੁਜ਼ਗਾਰ ਦੀ ਹੈ। ਇਕ ਪਾਸੇ ਮਕਾਨਾਂ ਦੀ ਭਾਰੀ ਥੁੜ ਹੈ, ਪਰ ਦੂਸਰੇ ਪਾਸੇ ਹਾਊਸਿੰਗ ਮੰਡੀ ਅੰਦਰ ਰੀਅਲ-ਅਸਟੇਟ ਦੀ ਫਰਜ਼ੀ ਮੰਗ ਕਾਰਨ ਇਸ ਖੇਤਰ ਵਿੱਚ 7.6-ਫੀ ਸਦ ਦਾ ਵਾਧਾ ਨੋਟ ਕੀਤਾ ਗਿਆ ਹੈ। ਬੈਂਕ ਆਫ ਕੈਨੇਡਾ ਦੇ ਡਾਇਰੈਕਟਰ "ਮੈਕਲੇਮ" ਨੇ ਕਿਹਾ ਹੈ, "ਪ੍ਰਵਾਸੀਆਂ ਦੀ ਆਮਦ ਕਾਰਨ ਮਕਾਨਾਂ ਦੀ ਮੰਗ ਨੇ ਕੀਮਤਾਂ ਵਿੱਚ ਅਥਾਹ ਵਾਧਾ ਵੀ ਕਰ ਦਿੱਤਾ ਹੈ। ਇਸ ਸਮੁੱਚੇ ਵਰਤਾਰੇ ਕਾਰਨ ਵਿਆਜ ਦਰਾਂ ਨੂੰ ਵੀ ਵਧਾਉਣਾ ਪਿਆ ਹੈ। ਵਿਆਜ ਦਰਾਂ ਦੇ ਵਾਧੇ ਕਾਰਨ ਹੁਣ ਆਮ ਨਾਗਰਿਕ ਲਈ ਕਿਸ਼ਤਾਂ ਅਦਾ ਕਰਨੀਆਂ ਮੁਸ਼ਕਲ ਹੋ ਗਈਆਂ ਹਨ।"

ਜੂਨ, 2023 ਦੌਰਾਨ ਹੀ ਆਰਥਿਕ ਮਾਹਰਾਂ ਨੇ ਇਸ ਮੰਦੀ ਬਾਰੇ ਜੋ ਕੈਨੇਡਾ ਅੰਦਰ ਮਾਰੋ-ਮਾਰ ਕਰਦੀ ਆ ਰਹੀ ਸੀ ਸਬੰਧੀ ਸੁਚੇਤ ਕੀਤਾ ਸੀ। ਕੈਨੇਡਾ ਦੇ ਅੰਕੜਾ ਵਿਭਾਗ ਨੇ ਅਸਲ ਕੁਲ ਘਰੇਲੂ ਉਤਪਾਦ 'ਚ ਵਾਧਾ ਦਰ 0.3-ਫੀ ਸਦ ਦੱਸੀ ਹੈ। ਪਰ ਜਮੀਨੀ ਪੱਧਰ 'ਤੇ ਆਰਥਿਕ ਸੰਕਟ ਬੜੀ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ। ਜੀਵਨ ਲੋੜਾਂ (ਲਿਵਿੰਗ ਕੋਸਟ) ਅੰਦਰ ਖਰੀਦਣ ਸ਼ਕਤੀ 'ਚ 90.21 ਗੁਣਾ ਵਾਧਾ ਹੋ ਗਿਆ ਹੈ। ਸਿਹਤ ਅੰਕੜਾ 69.53-ਫੀ ਸਦ ਉੱਚਾ ਚਲਾ ਗਿਆ ਹੈ। ਜੀਵਨ ਦੀ ਵਿਸ਼ੇਸ਼ਤਾ ਦਾ ਇੰਡੈਕਸ 156.38-ਫੀ ਸਦ ਉੱਚਾ ਚਲਾ ਗਿਆ ਹੈ। ਜਾਇਦਾਦ ਦੀਆਂ ਕੀਮਤਾਂ ਭਾਵ ਆਮਦਨ ਉਪਰ ਗੈਹਣੇ ਹੋਈ ਕੀਮਤ 88.18-ਫੀ ਸਦ ਪੁੱਜ ਗਈ ਹੈ। ਇਕ ਬੈੱਡ ਵਾਲੇ ਕਮਰੇ ਦਾ ਕਿਰਾਇਆ (ਕੇਂਦਰੀ ਕੈਲਗਰੀ ਸ਼ਹਿਰ) 1673.99 ਡਾਲਰ ਤਕ ਪੁੱਜ ਗਿਆ ਹੈ। ਕੈਲਗਰੀ ਸ਼ਹਿਰ ਅੰਦਰ ਤਿੰਨ ਜੀਆਂ ਦੇ ਪ੍ਰਵਾਰ (ਮਾਂ+ਬਾਪ+ਤਿੰਨ ਬੱਚੇ) ਦਾ ਖਰਚਾ ਮਕਾਨ ਕਿਰਾਇਆ, ਭੋ ਜਨ, ਘਰ ਲਈ ਸਮਾਨ, ਗੱਡੀ ਦਾ ਤੇਲ ਖਰਚਾ, ਸਿਹਤ 'ਤੇ ਖਰਚਾ, ਬਿਜਲੀ-ਪਾਣੀ ਆਦਿ ਬਿਲ ਕੁਲ ਮਿਲਾਕੇ ਖਰਚਾ 4672-ਡਾਲਰ ਪ੍ਰਤੀ ਮਹੀਨਾ ਆਉਂਦਾ ਹੈ (ਅਕਤੂਬਰ, 2022 ਕੈਲਗਰੀ)। ਇਕ ਕੈਨੇਡੀਅਨ ਕਿਰਤੀ ਅਤੇ ਉਸਦੀ ਪਤਨੀ ਦੋਨੋਂ ਜੋ ਕੈਜ਼ੂਅਲ ਲੇਬਰ, ਜਾਂ ਅਰਥ-ਕੈਜ਼ੂਅਲ ਲੇਬਰ ਜਾਂ ਹੋਰ ਛੋਟੇ-ਮੋਟੇ ਕੰਮ ਕਰਦੇ ਹੋਣ, ਜਦਕਿ ਇਕ ਦਿਹਾੜੀਦਾਰ ਦੀ ਉਜਰਤ 15-ਡਾਲਰ ਪ੍ਰਤੀ ਘੰਟਾ ਹੋਵੇ। ਉਸ ਨੂੰ ਰੋਜ਼ ਕਦੀ ਵੀ 8-ਘੰਟੇ ਕੰਮ ਵੀ ਨਾ ਮਿਲੇ ਤਾਂ ਦੋਨੋ ਮਿਲ ਕੇ ਇਕ ਮਹੀਨੇ ਦਾ ਖਰਚ ਕਿਵੇਂ ਪੂਰਾ ਕਰ ਸੱਕਣਗੇ ਜੋ ਮੁਮਕਿਨ ਨਹੀਂ ਜਾਪਦਾ ? ਉਹ ਫਿਰ ਕਿਉਂ ਨਹੀਂ ਮਾਨਸਿਕ ਰੋਗੀ ਹੋਣਗੇ ? ਕੈਨੇਡਾ ਜਿਥੇ ਕਦੀ ਝਾੜੂਆਂ ਨਾਲ ਡਾਲਰਾ ਨੂੰ ਇਕੱਠੇ ਕੀਤਾ ਜਾਂਦਾ ਸੀ ਅੱਜ ਇਥੇ ਹਰ ਪਾਸੇ ਸੋਕਾ ਪਿਆ ਹੋਇਆ ਦਿਸ ਰਿਹਾ ਹੈ।

ਕੈਨੇਡਾ ਅੰਦਰ ਕਿਰਤੀ ਦੀ ਖਰੀਦ ਸ਼ਕਤੀ ਜਿਹੜੀ ਇਕ ਦਹਾਕੇ ਉਸ ਦੇ ਗੁਜ਼ਾਰੇ ਤੋਂ ਵੀ ਵੱਧ ਹੁੰਦੀ ਸੀ ਤੇ ਉਹ ਕਾਫੀ ਡਾਲਰ ਜੋੜ ਲੈਂਦਾ ਸੀ। ਪਰ ਅੱਜ ਉਹ ਖੁਰ ਗਈ ਹੈ। ਹੁਣ ਗੁਜ਼ਾਰਾ ਕਰਨਾ ਵੀ ਮੁਸ਼ਕਲ ਹੈ। ਸਰਕਾਰ ਦੇ ਚਲ ਰਹੇ ਫਿਸਕਲ ਬਜ਼ਟ (ਖਰਚਾ ਤੇ ਆਮਦਨ ਵਿਚਕਾਰ ਪਾੜਾ) ਕਾਰਨ ਕਿਰਤੀਆਂ ਦੀਆਂ ਉਜਰਤਾਂ 3-4-ਫੀਸਦ ਤਕ ਖੁਰ ਗਈਆਂ ਹਨ। ਖਰੀਦ ਸ਼ਕਤੀ 1992-ਡਾਲਰ ਹੇਠਾਂ ਆ ਗਈ ਹੈ। ਜਦ ਕਿ ਪੂੰਜੀਪਤੀਆਂ ਦੇ ਮੁਨਾਫ਼ਿਆਂ 'ਚ ਅਥਾਹ ਵਾਧਾ ਹੋਇਆ ਹੈ। ਵੱਡੇ ਵੱਡੇ ਕਾਰਪੋਰੇਟਾਂ ਦੇ ਮੁੱਖ ਕਾਰਜਕਾਰੀ ਅਫਸਰਾਂ ਦੀਆਂ ਤਨਖਾਹਾਂ ਵਿੱਚ ਕਈ ਗੁਣਾ ਵਾਧਾ ਕੀਤਾ ਗਿਆ ਹੈ। ਕੋਵਿਡ-19 ਮਹਾਂਮਾਰੀ ਬਾਦ ਕੈਨੇਡਾ ਅੰਦਰ 10-ਫੀ ਸਦ ਇਸਤਰੀ ਕਿਰਤ ਸ਼ਕਤੀ ਕਿਰਤ ਮੰਡੀ 'ਚ ਬਾਹਰ ਕਰ ਦਿੱਤੀ ਗਈ ਹੈ। ਜਿਸ ਨਾਲ ਇਕ ਟ੍ਰਿਲੀਅਨ ਡਾਲਰ ਦਾ ਕਸਾਰਾ ਪਿਆ ਹੈ ਅਤੇ ਕਿਰਤੀ ਪ੍ਰਵਾਰਾਂ 'ਚ ਰੁਜ਼ਗਾਰ ਖੁਸਣ ਨਾਲ ਹੋਰ ਮੰਦਾ ਵੱਧਿਆ ਹੈ। ਭਾਵੇ ਕੈਨੇਡਾ ਸਰਕਾਰ ਵਲੋਂ ਕਾਰਬਨ ਫੰਡ ਅਤੇ ਸਹਾਇਤਾ ਫੰਡ ਵੀ ਸ਼ੁਰੂ ਕੀਤਾ ਹੈ। ਜਿਸ ਰਾਹੀਂ ਭੋਜਨ, ਸਿਹਤ ਸਹੂਲਤਾਂ, ਐਮਰਜੈਂਸੀ ਤੇ ਸਹਾਰਾ ਪ੍ਰਦਾਨ ਕਰਨ ਅਤੇ ਪ੍ਰਤੀ ਵਿਅਕਤੀ 100-200 ਡਾਲਰ ਮਾਲੀ ਸਹਾਇਤਾ ਵਜੋਂ ਨਿਗੁਣੇ ਜਿਹੇ ਰਾਹਤ ਵਜੋ ਦਿਤੇ ਗਏ ਹਨ। ਪਰ ਇਸ ਦੇ ਬਾਵਜੂਦ ਵੀ ਅਮੀਰੀ ਅਤੇ ਗਰੀਬੀ ਵਿਚਕਾਰ ਪਾੜਾ ਵੱਧ ਰਿਹਾ ਹੈ। ਹਾਕਮਾਂ ਦੀਆਂ ਉਦਾਰੀਵਾਦੀ ਨੀਤੀਆ ਕਾਰਨ ਜਿਹੜਾ ਪੂੰਜੀਪਤੀ ਇਕ ਬਿਲੀਅਨ ਦਾ ਮਾਲਕ ਸੀ ਉਹ ਹੁਣ 20-ਬਿਲੀਅਨ ਦਾ ਮਾਲਕ ਬਣ ਗਿਆ ਹੈ (ਓਕਸਫੈਮ ਕੈਨੇਡਾ)।

ਮੌਜੂਦਾ ਜਸਟਿਨ ਟਰੂਡੋ ਦੀ ਲਿਬਰਲ-ਐਨ.ਡੀ.ਪੀ. ਸਰਕਾਰ ਵਲੋਂ ਬੜੇ ਲੁਕਵੇਂ ਢੰਗ ਨਾਲ ਆਪ ਬਾਹਰ ਰਹਿ ਕੇ ਓਨਟਾਰੀਓ ਸਰਕਾਰ ਰਾਹੀਂ ਓਨਟਾਰੀਓ ਕੋਲੀਸ਼ਨ ਹੈਲਥ ਪ੍ਰਾਈਵੇਟ ਬਿਲ-60 ਡੌਗ-ਫੋਰਡ ਵਲੋਂ ਰੈਫਰੈਂਡਮ ਲਿਆਂਦਾ ਜਾ ਰਿਹਾ ਸੀ। ਜਿਸ ਦਾ ਮਨਸ਼ਾ ਕੈਨੇਡਾ ਅੰਦਰ ਰਾਜਸੀ ਸਿਹਤ ਵਿਭਾਗ ਦਾ ਨਿਜੀਕਰਨ ਕਰਨਾ ਹੈ। ਸਰਕਾਰੀ ਸਿਹਤ ਸਹੂਲਤਾਂ ਅਤੇ ਪ੍ਰਬੰਧ ਦੀ ਥਾਂ ਪ੍ਰਾਈਵੇਟ ਅਦਾਰਿਆਂ, ਡਾਕਟਰਾਂ ਅਤੇ ਮਾਹਰਾਂ ਦੇ ਹੱਥ ਸਾਰੇ ਸਿਹਤ ਸਿਸਟਮ ਨੂੰ ਨਿਜੀ ਹੱਕਾਂ ਵਿੱਚ ਦੇਣਾ। ਜੇਕਰ ਇਹ ਬਿਲ ਪਾਸ ਹੋ ਜਾਂਦਾ ਹੈ ਅਤੇ ਫਿਰ ਸਾਰੇ ਕੈਨੇਡਾ ਅੰਦਰ ਇਸ ਨੂੰ ਲਾਗੂ ਕਰਨਾ ਫੈਡਰਲ ਸਰਕਾਰ ਨੂੰ ਆਸਾਨ ਹੋ ਜਾਵੇਗਾ ? ਇਹ ਇਕ ਅੱਜ ਰੈਫਰੈਂਡਮ ਟਰਾਇਲ ਹੈ। ਜੇਕਰ ਜਿਸ ਨੂੰ ਇਸ ਸਟੇਜ਼ 'ਤੇ ਰੋਸ ਵਿਰੋਧਤਾ ਕਰਕੇ ਬੰਦ ਕਰਨ ਲਈ ਨਿਸ਼ਾਨਾ ਨਾ ਬਣਾਇਆ ਗਿਆ ਤਾਂ ਇਹ ਕੈਨੇਡਾ ਦੀ ਕਿਰਤੀ ਜਮਾਤ, ਘਟ ਆਮਦਨ ਵਾਲੇ ਨਾਗਰਿਕਾਂ, ਸੀਨੀਅਰਜ਼ ਅਤੇ ਪ੍ਰਵਾਸੀ ਜਿਨ੍ਹਾਂ ਨੂੰ ਸਰਕਾਰੀ ਹਸਪਤਾਲਾਂ ਅਤੇ ਸਿਸਟਮ ਅਧੀਨ ਸਹੂਲਤਾਂ ਮਿਲਦੀਆਂ ਹਨ ਉਹਨਾਂ ਤੋਂ ਹੱਥ ਧੋਣੇ ਪੈਣਗੇ ?

ਜੇਕਰ ਫੈਡਰਲ ਸਰਕਾਰ ਫਿਰ ਅਜਿਹਾ ਬਿਲ ਲਿਆਵੇਗੀ ਤਾਂ ਉਹ ਸਹਿਜੇ ਹੀ ਪਾਸ ਹੋ ਜਾਵੇਗਾ, ਕਿਉਂਕਿ ਐਨ.ਡੀ.ਪੀ ਜੇਕਰ ਵਿਰੋਧ ਵੀ ਕਰੇਗੀ ਤਾਂ ਕੰਜਰਵੇਟਿਵ (ਟੋਰੀ) ਪੂਰੀ ਹਮਾਇਤ ਦੇਵੇਗੀ।

ਅਮਲ ਵਿੱਚ ਜੇਕਰ ਦੇਖਿਆ ਜਾਵੇ ਤਾਂ ਕੈਨੇਡਾ ਅੰਦਰ ਪਿਛਲੀਆਂ ਬਾਈ-ਇਲੈਕਸ਼ਨ ਵੇਲੇ ਕੈਨੇਡਾ ਦੇ ਨਾਗਰਿਕਾਂ ਨੂੰ ਜੋ ਸਹੂਲਤਾਂ ਸਿਹਤ ਰੁਜ਼ਗਾਰ, ਮਹਿੰਗਾਈ ਰੋਕਣ, ਮਾਨਸਿਕ ਸਿਹਤ ਲਈ, ਮਕਾਨਾਂ ਦੀ ਉਸਾਰੀ, ਆਮ ਲੋਕਾਂ ਤੇ 14-ਟੈਕਸਾਂ ਦਾ ਬੋਝ ਘੱਟ ਕਰਨ ਦੇ ਵਾਅਦੇ ਕੀਤੇ ਸਨ। ਲਿਬਰਲ ਰਾਜਗੱਦੀ ਤੇ ਕਾਬਜ਼ ਹੋਣ ਤੋਂ ਬਾਦ ਸਭ ਵਾਅਦੇ ਭੁਲ ਗਏ ਹਨ। ਸਗੋਂ ਟੋਰੀ ਜਿਹੜੇ ਵਿਰੋਧੀ ਧਿਰ 'ਚ ਬੈਠੇ ਹੋਏ ਹਨ ਉਹਨਾਂ ਨੇ ਵੀ ਕੋਈ ਖਾਸ ਲੋਕ ਹਿਤੂ ਰੋਲ ਨਹੀਂ ਅਦਾ ਕੀਤਾ। ਦੋਨੋ ਧਿਰਾਂ ਦੇਸ਼ ਅੰਦਰ ਪੂੰਜੀਵਾਦੀ ਕਾਰਪੋਰੇਟ ਘਰਾਣਿਆ ਨੂੰ ਹੀ ਵੱਧ ਛੋਟਾਂ ਦੇ ਕੇ ਉਹਨਾਂ ਨੂੰ ਉਚਾ ਚੁੱਕ ਰਹੇ ਹਨ। ਕੈਨੇਡਾ 'ਚ ਆਵਾਮ ਸਾਹਮਣੇ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਮਕਾਨਾਂ ਲਈ ਲਏ ਕਰਜ਼ਿਆਂ ਦੇ ਵਿਆਜ ਦਰਾਂ 'ਚ ਬੇਵਹਾ-ਵਾਧਾ ਅਤੇ ਪੈਦਾ ਹੋਏ ਮਾਨਸਿਕ ਦਬਾਅ ਨੇ ਸਾਹ ਸੂਤੇ ਹੋਏ ਹਨ। ਇਹ ਵੀ ਵਿਡੰਬਨਾਂ ਹੈ ਕਿ ਜੇਕਰ ਟਰੂਡੋ ਦੀ ਲਿਬਰਲ ਪਾਰਟੀ ਨੂੰ ਲੋਕ ਪਸੰਦ ਨਹੀਂ ਕਰਦੇ ਤਾਂ ਰਾਜਗੱਦੀ 'ਤੇ ਬੈਠਣ ਵਾਲੀ ਟੋਰੀ ਪਾਰਟੀ ਵੀ ਕਿਹੜੀ ਲੋਕ-ਪੱਖੀ ਹੈ।

ਕੈਨੇਡਾ ਦੇ ਲੋਕਾਂ ਨੂੰ ਮਿਲਕੇ ਆਪਣੀਆਂ ਸਮੱਸਿਆਵਾਂ ਦੇ ਹੱਲ ਅਤੇ ਦੁਸ਼ਵਾਰੀਆਂ ਦੇ ਖਾਤਮੇ ਲਈ ਕਿਰਤੀਆਂ, ਆਮ ਲੋਕਾਂ, ਟਰੇਡ ਯੂਨੀਅਨਾਂ, ਵਿਦਿਆਰਥੀਆਂ ਅੰਦਰ ਆਪਸੀ ਬੈਠਕੇ ਇਕ ਜਨਤਕ ਦਬਾਅ ਪੈਦਾ ਕਰਕੇ ਹਾਕਮਾਂ ਨੂੰ ਸਹੂਲਤਾਂ ਦੇਣ ਲਈ ਮਜਬੂਰ ਕਰਨਾ ਚਾਹੀਦਾ ਹੈ। ਇਸ ਦਬਾਅ ਲਈ ਜਮਹੂਰੀ ਲੋਕ, ਖੱਬੇ ਪੱਖੀ ਸ਼ਕਤੀਆਂ ਅਤੇ ਟਰੇਡ ਯੂਨੀਅਨਾਂ ਨੂੰ ਮਿਲ ਕੇ ਇਕ ਮੰਚ ਬਣਾ ਕੇ ਉਪਰਾਲਾ ਕਰਨਾ ਚਾਹੀਦਾ ਹੈ।

ਇਸ ਵਿੱਚ ਹੀ ਸਾਰੇ ਕੈਨੇਡੀਅਨ ਲੋਕਾਂ ਦਾ ਭਲਾ ਹੋਵੇਗਾ। ਨਾਟੋ ਦੇ ਮੈਂਬਰ ਵਲੋਂ ਜੋ ਕੈਨੇਡਾ ਮਿਲੀਅਨ ਡਾਲਰ ਜੰਗ ਲਈ ਖਰਚਦਾ ਹੈ ਉਹ ਬੰਦ ਕਰਕੇ ਲੋਕਾਂ ਦੀ ਭਲਾਈ ਲਈ ਖਰਚਣਾ ਚਾਹੀਦਾ ਹੈ। ਕੈਨੇਡਾ ਦੀ ਆਰਥਿਕਤਾ ਇਸ ਵੇਲੇ ਘੋਰ ਮੰਦੇ ਦੇ ਕਾਲੇ ਪਰਛਾਵੇਂ ਹੇਠ ਆ ਰਹੀ ਹੈ। ਆਓ! ਇਸ ਪ੍ਰਤੀ ਲੋਕਾਂ ਨੂੰ ਸੁਚੇਤ ਕਰੀਏ।

# ਕਰੋੜਪਤੀ ਨੇ ਭਾਰਤ ਦੇ ਜਿਆਦਾਤਰ ਸੰਸਦ ਮੈਂਬਰ

ਨਵੀਂ ਦਿੱਲੀ- ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮ (ਏਡੀਆਰ) ਨੇ ਮੰਗਲਵਾਰ ਨੂੰ ਆਪਣੀ ਰਿਪੋਰਟ 'ਚ ਕਿਹਾ ਕਿ ਦੇਸ਼ ਦੇ ਸੰਸਦ ਮੈਂਬਰਾਂ ਦੀ ਔਸਤ ਸੰਪਤੀ 38.33 ਕਰੋੜ ਰੁਪਏ ਹੈ। ਇਨ੍ਹਾਂ ਵਿੱਚ ਰਾਜ ਸਭਾ ਅਤੇ ਲੋਕ ਸਭਾ ਦੇ ਸੰਸਦ ਮੈਂਬਰ ਸ਼ਾਮਲ ਹਨ।

ਇਸ ਦੇ ਨਾਲ ਹੀ ਸੰਸਦ ਮੈਂਬਰਾਂ ਦੀ ਕੁੱਲ ਜਾਇਦਾਦ 30 ਹਜ਼ਾਰ ਕਰੋੜ ਰੁਪਏ ਦੇ ਕਰੀਬ ਹੈ। ਏਡੀਆਰ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਲੋਕ ਸਭਾ ਅਤੇ ਰਾਜ ਸਭਾ ਦੇ 763 ਮੌਜੂਦਾ ਸੰਸਦ ਮੈਂਬਰਾਂ ਦੀ ਕੁੱਲ ਜਾਇਦਾਦ 29,251 ਕਰੋੜ ਰੁਪਏ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਜਪਾ ਦੇ 385 ਸੰਸਦ ਮੈਂਬਰਾਂ ਦੀ ਕੁੱਲ ਜਾਇਦਾਦ 7,051 ਕਰੋੜ ਰੁਪਏ ਹੈ।

ਏਡੀਆਰ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਇਹ ਅੰਕੜੇ ਚੋਣਾਂ ਦੇ ਸਮੇਂ ਸੰਸਦ ਮੈਂਬਰਾਂ ਵੱਲੋਂ ਦਾਇਰ ਕੀਤੇ ਗਏ ਹਲਫਨਾਮਿਆਂ ਤੋਂ ਲਏ ਗਏ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 38.33 ਕਰੋੜ ਰੁਪਏ ਹੈ। ਅਪਰਾਧਿਕ ਮਾਮਲਿਆਂ ਵਾਲੇ ਸੰਸਦ ਮੈਂਬਰਾਂ ਦੀ ਔਸਤ ਦੌਲਤ 50.03 ਕਰੋੜ ਰੁਪਏ ਹੈ ਅਤੇ ਅਪਰਾਧਿਕ ਕੇਸਾਂ ਵਾਲੇ ਸੰਸਦ ਮੈਂਬਰਾਂ ਦੀ ਔਸਤ ਦੌਲਤ 30.50 ਕਰੋੜ ਰੁਪਏ ਹੈ।

ਏਡੀਆਰ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਭਾਜਪਾ ਦੇ 385 ਸੰਸਦ ਮੈਂਬਰਾਂ ਦੀ ਕੁੱਲ ਜਾਇਦਾਦ 7,051 ਕਰੋੜ ਰੁਪਏ, ਬੀਆਰਐਸ ਦੇ 16 ਸੰਸਦ ਮੈਂਬਰਾਂ ਦੀ ਕੁੱਲ ਜਾਇਦਾਦ 6,136 ਕਰੋੜ ਰੁਪਏ, ਵਾਈਐਸਆਰਸੀਪੀ ਦੇ 31 ਸੰਸਦ ਮੈਂਬਰਾਂ ਦੀ ਕੁੱਲ ਜਾਇਦਾਦ 4,766 ਕਰੋੜ ਰੁਪਏ, ਕਾਂਗਰਸ ਦੇ 81 ਸੰਸਦ ਮੈਂਬਰਾਂ ਦੀ ਕੁੱਲ ਜਾਇਦਾਦ ਹੈ। 3,169 ਕਰੋੜ ਰੁਪਏ ਅਤੇ ਆਮ ਆਦਮੀ ਪਾਰਟੀ ਦੇ 11 ਸੰਸਦ ਮੈਂਬਰਾਂ ਦੀ ਕੁੱਲ ਜਾਇਦਾਦ 1,318 ਕਰੋੜ ਰੁਪਏ ਹੈ।

ਇਸ ਦੇ ਨਾਲ ਹੀ, ਤੇਲੰਗਾਨਾ ਪ੍ਰਤੀ ਐਮਪੀ ਸਭ ਤੋਂ ਵੱਧ ਔਸਤ ਦੌਲਤ ਵਾਲੇ ਰਾਜਾਂ ਵਿੱਚੋਂ ਸਭ ਤੋਂ ਅੱਗੇ ਹੈ। ਤੇਲੰਗਾਨਾ ਦੇ 24 ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 262.26 ਕਰੋੜ ਰੁਪਏ ਹੈ।

ਆਂਧਰਾ ਪ੍ਰਦੇਸ਼ ਦੇ 36 ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 150.76 ਕਰੋੜ ਰੁਪਏ ਅਤੇ ਪੰਜਾਬ ਦੇ 20 ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 88.94 ਕਰੋੜ ਰੁਪਏ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲਕਸ਼ਦੀਪ ਵਿੱਚ ਸਾਂਸਦਾਂ ਦੀ ਔਸਤ ਦੌਲਤ ਸਭ ਤੋਂ ਘੱਟ ਹੈ, ਇੱਥੇ ਇੱਕ ਸਾਂਸਦ ਦੀ ਔਸਤ ਦੌਲਤ 9.38 ਲੱਖ ਰੁਪਏ ਹੈ। ਇਸ ਤੋਂ ਬਾਅਦ ਤ੍ਰਿਪੁਰਾ ਦਾ ਨੰਬਰ ਆਉਂਦਾ ਹੈ, ਜਿੱਥੇ ਇਸ ਦੇ ਤਿੰਨ ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 1.09 ਕਰੋੜ ਰੁਪਏ ਹੈ। ਇਸ ਦੇ ਨਾਲ ਹੀ ਮਨੀਪੁਰ ਦੇ ਤਿੰਨ ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 1.12 ਕਰੋੜ ਰੁਪਏ ਹੈ।

# ਹਿਮਾਚਲ ਪ੍ਰਦੇਸ਼ ਨੂੰ ਮਹਿੰਗੇ ਪੈ ਸਕਦੇ ਹਨ ਹਵਾਈ ਝੂਟੇ



ਡਾ. ਗੁਰਿੰਦਰ ਕੌਰ
001-408-493-9776

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਇੱਕ ਰਾਜ-ਪੱਧਰੀ ਮੀਟਿੰਗ ਦੌਰਾਨ ਖੁਲਾਸਾ ਕੀਤਾ ਕਿ ਪਿਛਲੇ ਦੋ ਮਹੀਨਿਆਂ ਵਿੱਚ ਲਗਾਤਾਰ ਭਾਰੀ ਮੀਂਹ ਪੈਣ ਕਾਰਨ ਰਾਜ ਦੇ ਸੈਰ-ਸਪਾਟਾ ਅਤੇ ਮੇਜ਼ਬਾਨੀ ਵਿਭਾਗ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ ਜਿਸ ਦੀ ਭਰਪਾਈ ਕਰਨ ਲਈ ਰਾਜ ਦੇ ਸਾਰੇ ਜ਼ਿਲ੍ਹਿਆਂ ਦੇ ਹੈਡ-ਕੁਆਟਰਾਂ ਸਮੇਤ ਦੂਰ-ਦੁਰਾਡੇ ਦੇ ਆਦਿਵਾਸੀਆਂ ਖੇਤਰਾਂ ਵਿੱਚ 16 ਹੈਲੀਪੋਰਟਾਂ ਦਾ ਨਿਰਮਾਣ ਕੀਤਾ ਜਾਵੇਗਾ ਅਤੇ ਇਨ੍ਹਾਂ ਹੈਲੀਪੋਰਟਾਂ ਦੇ ਬਣਨ ਨਾਲ ਰਾਜ ਵਿੱਚ ਸਲਾਨਾ 5 ਕਰੋੜ ਸੈਲਾਨੀਆਂ ਦੀ ਆਮਦ ਦੇ ਟੀਚੇ ਨੂੰ ਪੂਰਾ ਕਰ ਲਿਆ ਜਾਵੇਗਾ।

ਹੈਲੀਪੋਰਟਾਂ ਦਾ ਕੰਮ ਦੋ ਪੜਾਵਾਂ ਵਿੱਚ ਕੀਤਾ ਜਾਵੇਗਾ। ਸ਼ੁਰੂਆਤੀ ਪੜਾਅ ਵਿੱਚ ਨੌਂ ਹੈਲੀਪੋਰਟ ਸਥਾਪਤ ਕੀਤੇ ਜਾਣਗੇ ਜਿਨ੍ਹਾਂ ਵਿੱਚ ਹਮੀਰਪੁਰ ਜ਼ਿਲ੍ਹੇ ਵਿੱਚ ਜਸਕੋਟ, ਕਾਂਗੜਾ ਜ਼ਿਲ੍ਹੇ ਵਿੱਚ ਰੱਕਰ ਅਤੇ ਪਾਲਮਪੁਰ, ਚੰਬਾ ਜ਼ਿਲ੍ਹੇ ਵਿੱਚ ਸੁਲਤਾਨਪੁਰ, ਕੁੱਲੂ ਜ਼ਿਲ੍ਹੇ ਵਿੱਚ ਮਨਾਲੀ, ਲਾਹੌਲ-ਸਪੀਤੀ ਜ਼ਿਲ੍ਹੇ ਵਿੱਚ ਜਿਸਪਾ, ਸ਼ਿਸੂ, ਅਤੇ ਰੰਗਰੀਕ ਅਤੇ ਕਿਨੌਰ ਜ਼ਿਲ੍ਹੇ ਵਿੱਚ ਸ਼ਾਰਬੋ ਥਾਵਾਂ ਸ਼ਾਮਲ ਹਨ। ਅਗਲੇ ਪੜਾਅ ਵਿੱਚ ਬਾਕੀ ਦੇ ਸੱਤ ਹੈਲੀਪੋਰਟ ਬਣਾਏ ਜਾਣ ਦੀ ਤਜਵੀਜ਼ ਹੈ। ਰਾਜ ਦੇ ਹਰ ਜ਼ਿਲ੍ਹੇ ਵਿੱਚ ਇੱਕ, ਪਰ ਆਦਿਵਾਸੀ ਖੇਤਰਾਂ ਵਿੱਚ ਸੈਰ-ਸਪਾਟੇ ਦੀਆਂ ਵੱਧ ਸੰਭਾਵਨਾਵਾਂ ਹੋਣ ਦੇ ਕਾਰਨ ਉਨ੍ਹਾਂ ਖੇਤਰਾਂ ਵਿੱਚ ਇੱਕ ਤੋਂ ਵੱਧ ਹੈਲੀਪੋਰਟ ਬਣਾਏ ਜਾਣਗੇ। ਹੈਲੀਪੋਰਟ ਬਣਨ ਨਾਲ ਆਦਿਵਾਸੀ ਖੇਤਰਾਂ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਢੋਅ-ਢੁਆਈ ਕਰਨ ਵਿੱਚ ਬਹੁਤ ਆਸਾਨੀ ਹੋ ਜਾਵੇਗੀ। ਇਸ ਮੀਟਿੰਗ ਦੌਰਾਨ ਉਨ੍ਹਾਂ ਨੇ ਇਹ ਵੀ ਕਿਹਾ ਕਿ ਹੈਲੀਪੋਰਟਾਂ ਦੇ ਬਣਨ ਨਾਲ ਰਾਜ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਹੋ ਜਾਣਗੇ। ਹਿਮਾਚਲ ਪ੍ਰਦੇਸ਼ ਸਰਕਾਰ ਨੇ ਇਸ ਸਾਲ 8 ਜ਼ਿਲ੍ਹਿਆਂ ਵਿੱਚ ਹੈਲੀਪੋਰਟਾਂ ਦੇ ਨਿਰਮਾਣ ਦੀ ਮਨਜ਼ੂਰੀ ਦੇ ਦਿੱਤੀ ਹੈ ਅਤੇ ਛੇ ਜ਼ਿਲ੍ਹਿਆਂ ਵਿੱਚ ਉੱਥੋਂ ਦੇ ਡਿਪਟੀ ਕਮਿਸ਼ਨਰਾਂ ਨੇ ਹੈਲੀਪੋਰਟਾਂ ਲਈ ਜ਼ਮੀਨ ਦੀ ਨਿਸ਼ਾਨਦੇਹੀ ਵੀ ਕਰ ਲਈ ਹੈ।

ਕਿਸੇ ਵੀ ਰਾਜ ਦੇ ਵਿਕਾਸ ਲਈ ਵਿਕਾਸ ਕਾਰਜ ਬਹੁਤ ਜ਼ਰੂਰੀ ਹੁੰਦੇ ਹਨ। ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਹਿਮਾਲਿਆ ਪਹਾੜ ਦੀ ਗੋਦ ਵਿੱਚ ਵੱਸੇ ਹੋਏ ਰਾਜ ਹਨ। ਪਹਾੜਾਂ ਵਿੱਚ ਵੱਸੇ ਹੋਏ ਹੋਣ ਕਾਰਨ ਇਨ੍ਹਾਂ ਦੋਹਾਂ ਰਾਜਾਂ ਵਿੱਚ ਕੁਦਰਤੀ ਸਰੋਤਾਂ ਦੀ ਬਹੁਤਾਤ ਹੈ। ਇੱਥੋਂ ਦੀ ਠੰਡੀ ਸਾਫ਼ ਹਵਾ, ਤਾਜ਼ੇ ਪਾਣੀ ਦੇ ਝਰਨੇ, ਚਸ਼ਮੇ ਅਤੇ ਦਰਿਆ, ਉੱਚੇ ਅਤੇ ਲੰਮੇ ਦਰਖ਼ਤ, ਅਤੇ ਉੱਚੀਆਂ ਉੱਚੀਆਂ ਪਹਾੜੀਆਂ ਹਰ ਇੱਕ ਦਾ ਮਨ ਮੋਹ ਲੈਂਦੀਆਂ ਹਨ। ਇਸੇ ਕਰ ਕੇ ਇਨ੍ਹਾਂ ਰਾਜਾਂ ਦੇ ਨਾਲ ਲੱਗਦੇ ਮੈਦਾਨੀ ਖੇਤਰਾਂ ਦੇ ਲੋਕ ਗਰਮੀ ਦੇ ਮਹੀਨਿਆਂ ਵਿੱਚ ਗਰਮ ਤਾਪਮਾਨ ਤੋਂ ਰਾਹਤ ਲੈਣ ਲਈ ਅਤੇ ਸਰਦੀਆਂ ਵਿੱਚ ਬਰਫ਼ਬਾਰੀ ਦਾ ਆਨੰਦ ਲੈਣ ਇਨ੍ਹਾਂ ਰਾਜਾਂ ਵਿੱਚ ਆ ਜਾਂਦੇ ਹਨ।

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਅਨੁਸਾਰ ਇਸ ਸਾਲ (2023) ਜਨਵਰੀ ਤੋਂ ਲੈ ਕੇ ਜੂਨ ਮਹੀਨੇ ਦੇ ਆਖ਼ੀਰ ਤੱਕ ਹਿਮਾਚਲ ਪ੍ਰਦੇਸ਼ ਵਿੱਚ ਲਗਭਗ 1 ਕਰੋੜ 6000 ਹਜ਼ਾਰ ਸੈਲਾਨੀਆਂ ਦੀ ਆਮਦ ਦਰਜ ਹੋਈ ਹੈ ਜਿਨ੍ਹਾਂ ਵਿੱਚੋਂ 99 ਲੱਖ 78 ਹਜ਼ਾਰ ਦੇਸੀ ਅਤੇ ਬਾਕੀ ਦੇ ਵਿਦੇਸ਼ੀ ਸੈਲਾਨੀ ਸਨ। ਸੈਰ-ਸਪਾਟਾ ਵਿਭਾਗ ਬਹੁਤ ਹੀ ਫ਼ਾਇਦੇ ਵਾਲਾ ਧੰਦਾ ਹੈ। ਇਸੇ ਲਈ ਹਿਮਾਚਲ ਪ੍ਰਦੇਸ਼ ਸਰਕਾਰ ਨੇ ਇਸ ਧੰਦੇ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਲਈ ਪਿਛਲੇ ਇੱਕ ਦਹਾਕੇ ਵਿੱਚ ਰਾਜ ਵਿੱਚ ਸੜਕਾਂ ਦਾ ਜਾਲ ਵਿਛਾ ਦਿੱਤਾ ਹੈ।

ਸ਼ਿਮਲਾ, ਕੁੱਲੂ-ਮਨਾਲੀ, ਧਰਮਸ਼ਾਲਾ ਅਤੇ ਹੋਰ ਕਈ ਸ਼ਹਿਰਾਂ ਨੂੰ ਚਾਰ-ਮਾਰਗੀ ਸੜਕਾਂ ਨਾਲ ਜੋੜ ਦਿੱਤਾ ਗਿਆ ਹੈ। ਚਾਰ-ਮਾਰਗੀ ਸੜਕਾਂ ਦੇ ਬਣਨ ਨਾਲ ਹਿਮਾਚਲ ਪ੍ਰਦੇਸ਼ ਦੇ ਸ਼ਹਿਰਾਂ ਵਿੱਚ ਸੈਲਾਨੀਆਂ ਦੀ ਆਮਦ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸੈਲਾਨੀਆਂ ਦੀ ਆਮਦ ਦੇ ਵਾਧੇ ਨਾਲ ਰਾਜ ਦੇ ਸ਼ਹਿਰਾਂ ਵਿੱਚ ਉਨ੍ਹਾਂ ਦੇ ਰਹਿਣ, ਖਾਣ-ਪੀਣ ਦੇ ਸਮਾਨ ਅਤੇ ਗੱਡੀਆਂ ਖੜ੍ਹੀਆਂ ਕਰਨ ਲਈ ਬਹੁ-ਮੰਜ਼ਲੀ ਇਮਾਰਤਾਂ, ਹੋਟਲ, ਰੈਸਟੋਰੈਂਟ, ਕਾਰ-ਪਾਰਕਿੰਗ ਵਰਗੀਆਂ ਇਮਾਰਤਾਂ ਧੜਾਧੜ ਉਸਾਰੀਆਂ ਗਈਆਂ। ਆਰਥਿਕ ਲਾਭ ਨੂੰ ਦੇਖਦੇ ਹੋਏ ਕਈ ਥਾਵਾਂ ਉੱਤੇ ਵਾਤਾਵਰਨ ਨਿਯਮਾਂ ਦੀ ਅਣਦੇਖੀ ਕਰਦੇ ਹੋਏ ਵੀ ਇਮਾਰਤਾਂ ਉਸਾਰੀਆਂ ਗਈਆਂ। ਸ਼ਿਮਲੇ ਵਿੱਚ ਗਿਰਿਆ ਸ਼ਿਵ ਮੰਦਿਰ ਬਰਸਾਤੀ ਨਾਲੇ ਦੇ ਵਹਾਅ ਖੇਤਰ ਵਿੱਚ ਬਣਿਆ ਹੋਇਆ ਸੀ। ਸ਼ਿਮਲੇ ਦੇ ਕ੍ਰਿਸ਼ਨਾ ਨਗਰ ਵਾਲੀ ਇਮਾਰਤ ਵੀ ਬਾਵੜੀ ਉੱਤੇ ਬਣੀ ਹੋਈ ਸੀ। ਕੁੱਲੂ ਵਿੱਚ ਇਕੱਠੀਆਂ ਗਿਰੀਆਂ



ਅੱਠ ਬਹੁ-ਮੰਜ਼ਲੀ ਇਮਾਰਤਾਂ ਵੀ ਪਹਾੜ ਦੀ ਤਿੱਖੀ ਢਲਾਨ ਉੱਤੇ ਬਣੀਆਂ ਹੋਈਆਂ ਸਨ। ਪਹਾੜੀ ਖੇਤਰ ਵਿੱਚ ਇਮਾਰਤਾਂ ਬਣਾਉਣ ਲਈ 25 ਡਿਗਰੀ ਵਾਲੀ ਢਲਾਨ ਨੂੰ ਸੁਰੱਖਿਅਤ ਮੰਨਿਆ ਜਾਂਦਾ ਹੈ, ਇਸ ਤੋਂ ਵੱਧ ਪਹਾੜੀ ਢਲਾਨ ਉੱਤੇ ਬਣੀਆਂ ਇਮਾਰਤਾਂ ਲਈ ਹਮੇਸ਼ਾਂ ਖ਼ਤਰਾ ਹੀ ਬਣਿਆ ਰਹਿੰਦਾ ਹੈ।

ਚਾਰ-ਮਾਰਗੀ ਸੜਕਾਂ ਬਣਾਉਣ ਵੇਲੇ ਸੜਕ ਬਣਾਉਣ ਵਾਲੀਆਂ ਕੰਪਨੀਆਂ ਨੇ ਵਾਤਾਵਰਨ ਨਿਯਮਾਂ ਦੀ ਅਣਦੇਖੀ ਕੀਤੀ ਹੋਈ ਹੈ। ਸ਼ਿਮਲਾ-ਪਰਵਾਣੂ ਚਾਰ-ਮਾਰਗੀ ਸੜਕ ਦੇ ਪਰਵਾਣੂ ਤੋਂ ਧਰਮਪੁਰ ਤੱਕ ਦੇ ਹਿੱਸੇ ਵਿੱਚ ਕਈ ਥਾਵਾਂ ਉੱਤੇ ਪਹਾੜ ਦੀ ਸਿੱਧੀ ਕਟਾਈ (90 ਡਿਗਰੀ ਦੇ ਐਂਗਲ ਉੱਤੇ) ਕੀਤੀ ਹੋਈ ਹੈ। ਇਸ ਚਾਰ-ਮਾਰਗੀ ਸੜਕ ਦਾ ਪਰਵਾਣੂ ਤੋਂ ਧਰਮਪੁਰ ਤੱਕ ਹਿੱਸਾ ਜੁਲਾਈ ਅਤੇ ਅਗਸਤ ਦੇ ਮਹੀਨਿਆਂ ਵਿੱਚ ਮੀਂਹ ਪੈਣ ਤੋਂ ਬਾਅਦ ਪਹਾੜ ਖਿਸਕਣ ਨਾਲ ਬਿਲਕੁਲ ਟੁੱਟ ਗਿਆ ਹੈ। ਇਸ ਖੇਤਰ ਵਿੱਚ ਅੱਜਕੱਲ੍ਹ ਪੁਰਾਣੀ ਦੋ-ਮਾਰਗੀ ਸੜਕ ਹੀ ਚਾਲੂ ਕੀਤੀ ਗਈ ਹੈ।

ਇਸੇ ਤਰ੍ਹਾਂ ਕੁੱਲੂ ਤੋਂ ਮਨਾਲੀ ਦੀ ਚਾਰ-ਮਾਰਗੀ ਸੜਕ ਦਾ 6 ਕਿਲੋਮੀਟਰ ਦਾ ਹਿੱਸਾ ਬਿਆਸ ਨਦੀ ਦੇ ਖਾਲੀ ਪਏ ਵਹਾਅ ਖੇਤਰ ਵਿੱਚ ਕੰਕਰੀਟ ਦੀਆਂ ਕੰਧਾਂ ਬਣਾ ਕੇ ਉਸ ਖੇਤਰ ਨੂੰ ਭਰ ਕੇ ਬਣਾਇਆ ਗਿਆ ਸੀ। ਇਹ ਸੜਕ ਵੀ ਇਸ ਤਰਾਸਦੀ ਵਿੱਚ ਹੜ੍ਹ ਗਈ ਹੈ। ਮਨਾਲੀ-ਕੀਰਤਪੁਰ ਚਾਰ-ਮਾਰਗੀ ਸੜਕ ਬਣਾਉਣ ਲਈ 21 ਸੁਰੰਗਾਂ ਬਣਾਈਆਂ ਗਈਆਂ ਹਨ। ਇਹ ਸੁਰੰਗਾਂ, ਪਹਾੜਾਂ ਨੂੰ ਵਿਸਫੋਟਕ ਸਮੱਗਰੀ ਨਾਲ ਉੱਡਾ ਕੇ ਜਾਂ ਪਹਾੜਾਂ ਦੀ ਅੰਡਰ-ਕਟਿੰਗ ਕਰ ਕੇ ਬਣਾਈਆਂ ਗਈਆਂ ਹਨ। ਵਿਸਫੋਟਕ ਸਮੱਗਰੀ ਨਾਲ ਪਹਾੜਾਂ ਨੂੰ ਉਡਾਉਣ ਕਾਰਨ ਪਹਾੜ ਕੰਮਜ਼ੋਰ ਹੋ ਜਾਂਦੇ ਹਨ ਜਿਸ ਦੇ ਨਤੀਜੇ ਵਜੋਂ ਉਹ ਆਪਣਾ ਸੰਤੁਲਨ ਖੋ ਬੈਠਦੇ ਹਨ ਅਤੇ ਥੱਲੇ ਨੂੰ ਖਿਸਕ ਕੇ ਆਪਣਾ ਸੰਤੁਲਨ ਕਾਇਮ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਹਾੜਾਂ ਦੀ ਇਹ ਕਿਰਿਆ ਲੈਂਡ-ਸਲਾਇਡ ਦੇ ਨਾਂ ਨਾਲ ਜਾਣੀ ਜਾਂਦੀ ਹੈ। ਹਿਮਾਚਲ ਪ੍ਰਦੇਸ਼ ਹਾਈਕੋਰਟ ਵੱਲੋਂ ਬਣਾਈ ਗਈ ਸ਼ੁਕਲਾ ਕਮੇਟੀ ਦੀ 2010 ਦੀ ਇੱਕ ਰਿਪੋਰਟ ਅਨੁਸਾਰ ਹਿਮਾਚਲ ਪ੍ਰਦੇਸ਼ ਦਾ ਜ਼ੀਔਲੋਜ਼ੀਕਲ ਸਟਰਕਚਰ ਪਣ-ਬਿਜਲੀ ਪ੍ਰੋਜੈਕਟ ਲਗਾਉਣ ਦੇ ਅਨੁਕੂਲ ਨਹੀਂ ਹੈ।

ਹਿਮਾਚਲ ਪ੍ਰਦੇਸ਼ ਦੇ ਲੋਕ ਚਾਰ-ਮਾਰਗੀ ਸੜਕਾਂ, ਪਣ-ਬਿਜਲੀ ਪ੍ਰੋਜੈਕਟਾਂ ਅਤੇ ਸੈਰ-ਸਪਾਟੇ ਦੇ ਅਖੌਤੀ ਆਰਥਿਕ ਵਿਕਾਸ ਦੀ ਮਾਰ ਤੋਂ ਹਾਲੇ ਉਭਰੇ ਵੀ ਨਹੀਂ ਹਨ ਕਿ ਹੁਣ ਹੈਲੀਪੋਰਟਾਂ ਦੁਆਰਾ ਹੋਣ ਵਾਲੇ ਆਰਥਿਕ ਵਿਕਾਸ ਦੀ ਨਵੀਂ ਯੋਜਨਾ ਲਿਆਂਦੀ ਗਈ ਹੈ। ਸੈਲਾਨੀਆਂ ਦੀ ਪਹਾੜੀ ਖੇਤਰਾਂ ਵਿੱਚ ਸੁਖਾਲਿਆਂ ਪਹੁੰਚ ਲਈ ਬਣਾਈਆਂ ਗਈਆਂ ਚਾਰ-ਮਾਰਗੀ ਸੜਕਾਂ ਨੇ ਰਾਜ ਦਾ ਹੁਣ ਤੱਕ ਬਹੁਤ ਨੁਕਸਾਨ ਕਰ ਦਿੱਤਾ ਹੈ। ਹੁਣ ਸਵਾਲ ਉੱਠਦਾ ਹੈ ਕਿ ਚਾਰ-ਮਾਰਗੀ ਸੜਕਾਂ ਦੇ ਨਿਰਮਾਣ ਨਾਲ ਹਿਮਾਚਲ ਪ੍ਰਦੇਸ਼ ਦਾ ਇੰਨਾ ਜ਼ਿਆਦਾ ਨੁਕਸਾਨ ਹੋਇਆ ਹੈ ਤਾਂ ਕਿ ਇੱਥੋਂ ਦੇ ਪਹਾੜ ਹੈਲੀਪੋਰਟਾਂ, ਅਤੇ ਹੈਲੀਕਾਪਟਰਾਂ ਦਾ ਭਾਰ ਸਹਿ ਸਕਣਗੇ? ਹੈਲੀਪੋਰਟ ਬਣਾਉਣ ਲਈ ਹੋਰ ਪਹਾੜ ਅਤੇ ਦਰਖ਼ਤ ਕੱਟੇ ਜਾਣਗੇ ਅਤੇ ਹੋਰ ਜ਼ਮੀਨ ਪੱਧਰੀ ਕੀਤੀ ਜਾਵੇਗੀ। ਪਹਾੜਾਂ ਦਾ ਸੰਤੁਲਨ ਹੋਰ ਵਿਗੜ ਜਾਵੇਗਾ ਜਿਸ ਨਾਲ ਪਹਾੜ ਖਿਸਕਣ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਜਾਵੇਗਾ। ਹਿਮਾਚਲ ਪ੍ਰਦੇਸ਼ ਸਰਕਾਰ ਸਲਾਨਾ 5 ਕਰੋੜ ਸੈਲਾਨੀਆਂ ਦੇ ਟੀਚੇ ਨੂੰ ਪੂਰਾ ਕਰਨ ਲਈ ਰਾਜ ਦੇ ਸਾਰੇ ਜ਼ਿਲ੍ਹਿਆਂ ਨੂੰ ਹਵਾਈ ਸੰਪਰਕ ਮੁਹੱਈਆ ਕਰਵਾ ਰਹੀ ਹੈ। ਇੰਨੇ ਸਾਰੇ ਸੈਲਾਨੀਆਂ ਦੇ ਖਾਣ-ਪੀਣ ਅਤੇ ਰਹਿਣ ਦੀ ਵਿਵਸਥਾ ਲਈ ਹੋਰ ਇਮਾਰਤਾ ਚਾਹੀਦੀਆਂ ਹਨ। ਇਹ ਇਮਾਰਤਾਂ ਕਿੱਥੇ ਬਣਾਈਆਂ ਜਾਣਗੀਆਂ ? ਜ਼ੀਔਲੋਜ਼ੀਕਲ ਸਰਵੇ ਆਫ਼ ਇੰਡੀਆ ਦੀ ਇੱਕ ਰਿਪੋਰਟ ਅਨੁਸਾਰ ਰਾਜ ਵਿੱਚ 17,120 ਖੇਤਰ ਅਜਿਹੇ ਹਨ ਜਿੱਥੇ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਭਾਰਤ ਸਰਕਾਰ ਦੇ 2003 ਦੇ ਅੰਕੜਿਆਂ ਅਨੁਸਾਰ ਹਿਮਾਚਲ ਪ੍ਰਦੇਸ਼ ਦੇ 97.42 ਫ਼ੀਸਦ ਖੇਤਰਾਂ ਵਿੱਚ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰਨ ਦੀ ਸੰਭਾਵਨਾ ਹੈ। ਕੀ ਅਜਿਹੇ ਖੇਤਰ ਹੈਲੀਕਾਪਟਰਾਂ ਦੀ ਉਡਾਣ ਵੇਲੇ ਝਟਕਿਆਂ ਨੂੰ ਸਹਿ ਪਾਉਣਗੇ?

ਹਿਮਾਚਲ ਪ੍ਰਦੇਸ਼ ਜਿਹੜੇ ਪਹਾੜਾਂ ਵਿੱਚ ਵੱਸਿਆ ਹੈ ਉਹ ਬਣ/ਉਭਰ ਰਹੇ ਅਤੇ ਬਹੁਤ ਨਾਜ਼ੁਕ ਹਨ ਅਤੇ ਇਹ ਪਹਾੜੀ ਖੇਤਰ ਭੂਚਾਲ ਸੰਵੇਦਨਸ਼ੀਲ ਵੀ ਹੈ। ਇਸ ਤਰ੍ਹਾਂ ਦਾ ਵਿਕਾਸ ਹਿਮਾਚਲ ਪ੍ਰਦੇਸ਼ ਲਈ ਬਹੁਤ ਘਾਤਕ ਹੋ ਸਕਦਾ ਹੈ। ਜਿਨ੍ਹਾਂ ਖੇਤਰਾਂ ਵਿੱਚ ਹੈਲੀਪੋਰਟ ਬਣਾਉਣੇ ਹਨ ਉਨ੍ਹਾਂ ਖੇਤਰਾਂ ਦਾ ਚੁਣਾਅ ਉਸ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਕਰ ਰਿਹਾ ਹੈ। ਇਹੋ ਜਿਹੇ ਸੰਵੇਦਨਸ਼ੀਲ ਖੇਤਰਾਂ ਵਿੱਚ ਉਸਾਰੀ ਲਈ ਸਭ ਤੋਂ ਪਹਿਲਾਂ ਉਸ ਖੇਤਰ ਦੀ ਵਾਤਾਵਰਨ ਕਮੇਟੀ ਨਾਲ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ।

ਉਸ ਤੋਂ ਬਾਅਦ ਉਥੋਂ ਦਾ ਵਾਤਾਵਰਨ ਪ੍ਰਭਾਵ ਮੁਲਾਂਕਣ ਕਰਵਾਇਆ ਜਾਂਦਾ ਹੈ। ਇਸ ਤੋਂ ਬਾਅਦ ਇਸ ਖੇਤਰ ਦੀ ਜਨਤਾ ਦੀ ਰਾਇ ਲੈਣ ਲਈ ਪ੍ਰਿੰਟ ਅਤੇ ਇਲੈਕਟਰੋਨਿਕ ਮੀਡੀਆ ਰਾਹੀਂ ਉਸ ਖੇਤਰ ਦੇ ਲੋਕਾਂ ਦੀ ਰਾਇ ਲਈ ਵਿਸਤਾਰਪੂਰਵਕ ਜਾਣਕਾਰੀ ਦਿੱਤੀ ਜਾਂਦੀ ਹੈ, ਜੇਕਰ ਉਹ ਹਾਮੀ ਭਰਦੇ ਹਨ ਤਾਂ ਹੀ ਪ੍ਰੋਜੈਕਟ ਸ਼ੁਰੂ ਕੀਤਾ ਜਾਂਦਾ ਹੈ ਅਤੇ ਨਾਂਹ ਹੋਣ ਦੀ ਹਾਲਤ ਵਿੱਚ ਉਸ ਵਿੱਚ ਸੁਧਾਰ ਕਰ ਕੇ ਫਿਰ ਤੋਂ ਸਾਰੀ ਪ੍ਰਕਿਰਿਆ ਦੁਹਰਾਈ ਜਾਂਦੀ ਹੈ।

ਹੈਲੀਕਾਪਟਰ ਆਵਾਜਾਈ ਦੇ ਦੂਜੇ ਸਾਧਨਾਂ ਨਾਲੋਂ ਵਾਤਾਵਰਨ ਵਿੱਚ ਜ਼ਿਆਦਾ ਪ੍ਰਦੂਸ਼ਕਾਂ ਦੀ ਨਿਕਾਸੀ ਕਰਦੇ ਹਨ। ਹਵਾਈ ਜ਼ਹਾਜਾਂ ਰਾਹੀਂ ਛੱਡੀਆਂ ਜਾਣ ਵਾਲੀਆਂ ਗਰੀਨਹਾਊਸ ਗੈਸਾਂ ਇੱਥੋਂ ਦੇ ਵਾਤਾਵਰਨ ਨੂੰ ਗੰਧਲਾ ਕਰਨ ਦੇ ਨਾਲ ਨਾਲ ਇੱਥੋਂ ਦੇ ਤਾਪਮਾਨ ਵਿੱਚ ਵੀ ਵਾਧਾ ਕਰ ਦੇਣਗੀਆਂ। ਭਾਰਤ ਸਰਕਾਰ ਦੀ 2020 ਦੀ ਇੱਕ ਰਿਪੋਰਟ ਅਨੁਸਾਰ 1901-2018 ਤੱਕ ਦੇ ਅਰਸੇ ਵਿੱਚ ਭਾਰਤ ਦੇ ਔਸਤ ਤਾਪਮਾਨ ਵਿੱਚ 0.7 ਡਿਗਰੀ ਸੈਲਸੀਅਸ ਦਾ ਵਾਧਾ ਹੋਇਆ ਹੈ ਜਦੋਂ ਕਿ ਹਿੰਦੂ ਕੁਸ਼ ਹਿਮਾਲਿਆ ਦੇ ਤਾਪਮਾਨ ਵਿੱਚ 1951-2014 ਤੱਕ ਦੇ ਅਰਸੇ ਵਿੱਚ 1.3 ਡਿਗਰੀ ਸੈਲਸੀਅਸ ਦਾ ਵਾਧਾ ਹੋਇਆ ਹੈ। ਸਲਾਨਾ 5 ਕਰੋੜ ਸੈਲਾਨੀਆਂ ਦੀ ਆਮਦ ਅਤੇ 16 ਹੈਲੀਪੋਰਟਾਂ ਦੇ ਬਣਨ ਨਾਲ ਤਾਪਮਾਨ ਵਿੱਚ ਕਿੰਨਾ ਵਾਧਾ ਹੋਵੇਗਾ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਇੰਟਰਗਵਰਨਮੈਂਟਲ ਪੈਨਲ ਔਨ ਕਲਾਈਮੇਟ ਚੇਂਜ ਦੀ ਪੰਜਵੀਂ ਅਤੇ ਛੇਵੀਂ ਰਿਪੋਰਟ ਅਨੁਸਾਰ ਭਾਰਤ ਉੱਤੇ ਤਾਪਮਾਨ ਦੇ ਵਾਧੇ ਕਾਰਨ ਆਉਣ ਵਾਲੀਆਂ ਮੌਸਮੀ ਤਬਦੀਲੀਆਂ ਦਾ ਅਸਰ ਬਾਕੀ ਦੇ ਬਹੁਤੇ ਦੇਸਾਂ ਨਾਲੋਂ ਜ਼ਿਆਦਾ ਪਵੇਗਾ। ਭਾਰਤ ਦੇ ਉੱਤਰ ਵੱਲ ਬਰਫ਼ ਨਾਲ ਲੱਦੇ ਪਹਾੜ ਹਨ ਅਤੇ ਦੱਖਣ ਵੱਲ ਤਿੰਨੇ ਪਾਸੇ ਸਮੁੰਦਰ ਹੈ। ਨਤੀਜੇ ਵੱਜੋਂ ਤਾਪਮਾਨ ਦੇ ਵਾਧੇ ਨਾਲ ਬਰਫ਼ ਤੇਜ਼ੀ ਨਾਲ ਪਿਘਲੇਗੀ ਅਤੇ ਹੜ੍ਹਾਂ, ਬੱਦਲ ਫੱਟਣ,ਥੋੜੇ ਸਮੇਂ ਵਿੱਚ ਜ਼ਿਆਦਾ ਮੀਂਹ ਵਰਗੀਆਂ ਕੁਦਰਤੀ ਆਫ਼ਤਾਂ ਆਉਣਗੀਆਂ ਅਤੇ ਦੱਖਣੀ ਖੇਤਰਾਂ ਨੂੰ ਸਮੁੰਦਰੀ ਆਫ਼ਤਾਂ ਸਾਹਮਣਾ ਕਰਨਾ ਪਵੇਗਾ।

ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਰਾਜ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਕਿਸੇ ਵੀ ਤਰ੍ਹਾਂ ਦਾ ਵਿਕਾਸ ਕਰਨ ਲਈ ਸਭ ਤੋਂ ਪਹਿਲਾਂ ਵਾਤਾਵਰਨ ਮਾਹਿਰਾਂ, ਭੂ-ਵਿਗਿਆਨੀਆਂ ਅਤੇ ਸਥਾਨਕ ਲੋਕਾਂ ਦੀ ਰਾਇ ਲੈਣੀ ਚਾਹੀਦੀ ਹੈ। ਪਹਾੜੀ ਖੇਤਰ ਕਿਸੇ ਵੀ ਤਰ੍ਹਾਂ ਦੇ ਬੁਨਿਆਂਦੀ ਢਾਂਚੇ ਅਤੇ ਆਬਾਦੀ ਦਾ ਭਾਰ ਆਪਣੀ ਸਮਰੱਥਾ ਤੋਂ ਵੱਧ ਨਹੀਂ ਝੱਲ ਸਕਦੇ। ਇਸ ਲਈ ਇੱਥੋਂ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਸੈਲਾਨੀਆਂ ਦੀ ਗਿਣਤੀ ਵਧਾਉਣ ਬਜਾਏ ਇਹ ਗਿਣਤੀ ਇੱਥੋਂ ਦੇ ਸ਼ਹਿਰਾਂ ਦੀ ਸਮਰੱਥਾ ਅਨੁਸਾਰ ਨਿਰਧਾਰਤ ਕਰੇ।

ਹੈਲੀਪੋਰਟ ਅਤੇ ਚਾਰ-ਮਾਰਗੀ ਸੜਕਾਂ ਬਣਾਉਣ ਦੀ ਥਾਂ ਉੱਤੇ ਪੁਰਾਣੀਆਂ ਦੋ-ਮਾਰਗੀ ਸੜਕਾਂ ਦੀ ਚੰਗੀ ਤਰ੍ਹਾਂ ਮੁਰੰਮਤ ਕਰਵਾ ਕੇ ਉਨ੍ਹਾਂ ਨੂੰ ਆਵਾਜਾਈ ਦੇ ਯੋਗ ਬਣਵਾਵੇ। ਨਿੱਜੀ ਗੱਡੀਆਂ, ਹੈਲੀਕਾਪਟਰਾਂ ਦੀ ਥਾਂ ਉੱਤੇ ਸੁਵਿਧਾਜਨਕ ਜਨਤਕ ਆਵਾਜਾਈ ਦੇ ਸਾਧਨ ਮੁੱਹਈਆ ਕਰਵਾਵੇ। ਨਿੱਜੀ ਗੱਡੀਆਂ ਅਤੇ ਸੈਲਾਨੀਆਂ ਦੀ ਗਿਣਤੀ ਨਿਰਧਾਰਤ ਕਰਨ ਨਾਲ ਬਹੁ-ਮੰਜ਼ਲੀਆਂ ਇਮਾਰਤਾਂ ਅਤੇ ਪਾਰਕਿੰਗ ਲਈ ਹੋਰ ਥਾਵਾਂ ਬਣਾਉਣ ਦੀ ਜ਼ਰੂਰਤ ਨਹੀਂ ਪਵੇਗੀ। ਇਸ ਤਰ੍ਹਾਂ ਕਰਨ ਨਾਲ ਹਿਮਾਚਲ ਪ੍ਰਦੇਸ਼ ਦੀ ਹੋਂਦ ਵੀ ਬਰਕਰਾਰ ਰਹੇਗੀ ਅਤੇ ਇਹ ਲੰਮੇ ਸਮੇਂ ਲਈ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਵੀ ਬਣਿਆ ਰਹੇਗਾ।

# ਬੋਧੀਸੱਤਵ ਅੰਬੇਡਕਰ ਸਕੂਲ ਫੂਲਪੁਰ ਧਨਾਲ ਦੇ ਵਿਹੜੇ ਵਿੱਚ ਰੱਖੀ ਇਕ ਪ੍ਰੈੱਸ ਮਿਲਣੀ ਦੌਰਾਨ ਪੋਸਟਰ ਰਲੀਜ਼

ਬੋਧੀਸੱਤਵ ਅੰਬੇਡਕਰ ਐਜੂਕੇਸ਼ਨ ਸੋਸਾਇਟੀ, ਬੋਧੀਸੱਤਵ ਅੰਬੇਡਕਰ ਸੀਨੀਅਰ ਸੈਕੰਡਰੀ ਸਕੂਲ ਫੂਲਪੁਰ ਧਨਾਲ, ਜਲੰਧਰ ਅਤੇ ਪ੍ਰਗਿਆਸ਼ੀਲ ਐਜੂਕੇਸ਼ਨ ਸੋਸਾਇਟੀ ਜਲੰਧਰ, ਪੰਜਾਬ ਵਲੋਂ ਬੋਧੀਸੱਤਵ ਅੰਬੇਡਕਰ ਸਕੂਲ ਫੂਲਪੁਰ ਧਨਾਲ ਦੇ ਪ੍ਰਾਂਗਣ ਵਿੱਚ ਰੱਖੀ ਇਕ ਪ੍ਰੈੱਸ ਮਿਲਣੀ ਰਾਹੀਂ ਇਕ ਪੋਸਟਰ ਰਲੀਜ਼ ਕਰਕੇ ਜਿਸ ਵਿੱਚ ਉਪਰੋਕਤ ਸੰਸਥਾਵਾਂ ਵਲੋਂ ਸਾਂਝੇ ਉਪਰਾਲੇ ਤਹਿਤ ਸੂਬੇ ਦੇ ਵਿਦਿਆਰਥੀਆਂ ਲਈ ਦਸਵੀਂ ਅਤੇ ਇਸ ਤੋਂ ਉੱਪਰ ਵਾਲੇ ਵਿਦਿਆਰਥੀਆਂ ਲਈ, JEE/ NEET /CLAT / JOURNALISM/ UPSC/ PCS/ PPSC/ DEFENCE/ POLICE/ RAILWAY/ BANKING ਆਦਿ ਕੋਰਸਾਂ ਦੀ ਤਿਆਰੀ ਲਈ ਉਚੇਚੇ ਤੌਰ ਤੇ ਕੈਰੀਅਰ ਕੌਂਸਲਿੰਗ ਅਤੇ 50% ਰਿਆਇਤੀ (ਡਿਸਕਾਊਂਟ) ਦਰ ਤੇ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਵਾਲੀਆਂ ਉਚ ਪਾਏ ਦੇ ਵਿਦਵਾਨਾਂ ਦੀਆਂ ਕਿਤਾਬਾਂ ਵੀ ਮੁਹੱਈਆਂ ਕਰਵਾਈਆਂ ਜਾਣਗੀਆਂ। ਇਹ ਵਿਸ਼ੇਸ਼ ਸਮਾਗਮ ਮਿਤੀ 01-10-2023, ਦਿਨ ਐਤਵਾਰ ਸਵੇਰੇ 8 ਵਜੇ ਤੋਂ ਆਰੰਭ ਹੋਵੇਗਾ। ਸਮਾਗਮ ਦਾ ਸਥਾਨ ਦੇਸ਼ ਭਗਤ ਯਾਦਗਾਰ ਹਾਲ ਜਲੰਧਰ, ਪੰਜਾਬ ਵਿਖੇ ਰੱਖਿਆ ਗਿਆ ਹੈ । ਇਸ ਮੰਤਵ ਲਈ ਵਿਸ਼ੇਸ਼ ਤੌਰ ਤੇ ਕੇਂਦਰੀ ਅਤੇ ਸੂਬੇ ਦੀਆਂ ਨਾਮਵਰ ਯੂਨੀਵਰਸਟੀਆਂ ਦੇ ਵਾਇਸ ਚਾਂਸਲਰ, ਡੀਨ, ਹੈੱਡ ਆਫ਼ ਦੀ ਡਿਪਾਰਟਮੈਂਟ, ਪ੍ਰੋਫੈਸਰ ਅਤੇ ਨਾਮਵਰ ਸੰਸਥਾਵਾਂ ਤੋਂ ਪਹੁੰਚ ਰਹੇ ਵਿਦਵਾਨ ਵਿਦਿਆਰਥੀਆਂ ਨੂੰ ਉੱਚ ਪਦਾਂ ਤੇ ਨਿਯੁੱਕਤੀ ਦਿਵਾਉਣ ਦੇ ਯੋਗ ਬਨਾਉਣ ਦਾ ਰਾਹ ਦਸੇਰਾ ਬਣਨਗੇ।




ਇਸ ਲਈ ਲੋੜੀਂਦਾ "QR CODE" ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਲਈ ਜ਼ਾਰੀ ਕੀਤਾ ਗਿਆ ਹੈ ਅਤੇ ਵਧੇਰੇ ਜਾਣਕਾਰੀ ਲਈ (99883-93442, 98724-12866, 79869-20903 ) ਮੈਂਬਰਾਂ ਦੇ ਫੋਨ ਨੰਬਰ ਵੀ ਦਿੱਤੇ ਹਨ ।

ਸਭ ਭਰਾਤਰੀ ਸੰਸਥਾਵਾਂ ਜੋ ਵਿੱਦਿਆ ਰਾਹੀਂ ਵਿਦਿਆਰਥੀਆਂ ਦੇ ਅੱਗੇ ਵੱਧਣ ਵਿੱਚ ਯੋਗਦਾਨ ਕਰਨਾ ਚਾਹੁੰਦੇ ਹਨ, ਨੂੰ ਇਸ ਰਾਹੀਂ ਅਪੀਲ ਕੀਤੀ ਜਾਂਦੀ ਹੈ ਕਿ ਲੋੜਵੰਦ ਵਿਦਿਆਰਥੀਆਂ ਤੱਕ ਸੂਚਨਾ ਪਹੁੰਚਾ ਕੇ ਉਨ੍ਹਾਂ ਨੂੰ ਰਜਿਸਟਰਡ ਕਰਵਾਉਣ ਦਾ ਉਪਰਾਲਾ ਕਰਨ ਤਾਂ ਜੋ ਵੱਧ ਤੋਂ ਵੱਧ ਬੱਚੇ ਇਸ ਕੈਰੀਅਰ ਕੌਂਸਲਿੰਗ ਦਾ ਫਾਇਦਾ ਉਠਾ ਸਕਣ। ਇਸ ਲਈ ਕੋਈ ਵੀ ਦਾਖਲਾ ਜਾਂ ਹੋਰ ਕਿਸੇ ਵੀ ਤਰਾਂ ਦੀ ਫੀਸ ਨਹੀਂ ਲਈ ਜਾਵੇਗੀ। ਇਸ ਪ੍ਰੈਸ ਮਿਲਣੀ ਜਮੇਂ ਉਚੇਚੇ ਤੌਰ ਤੇ ਪੰਜਾਬ ਦੇ ਸਮਾਜਿਕ ਅਤੇ ਵਿਦਿਅਕ ਖੇਤਰ ਵਿੱਚ ਕੰਮ ਕਰਦੀਆਂ ਸੰਸਥਾਵਾਂ ਜਿਨ੍ਹਾਂ ਵਿੱਚ ਅੰਬੇਡਕਰ ਮਿਸ਼ਨ ਸੋਸਾਇਟੀ ਜਲੰਧਰ ਤੋਂ ਡਾ. ਜੀ. ਸੀ. ਕੌਲ, ਅੰਬੇਡਕਰ ਭਵਨ ਟਰੱਸਟ ਜਲੰਧਰ ਤੋਂ ਸ਼੍ਰੀ ਬਲਦੇਵ ਭਾਰਦਵਾਜ, ਚੇਤਨਾ ਮਾਰਚ ਕਮੇਟੀ ਜਲੰਧਰ ਅਤੇ ਪ੍ਰਬੁੱਧ ਭਾਰਤ ਫਾਉਂਡੇਸ਼ਨ ਪੰਜਾਬ ਵਲੋਂ ਸ਼੍ਰੀ ਸੁਰਿੰਦਰ ਕੁਮਾਰ ਤੇ ਉਨ੍ਹਾਂ ਦੀ ਟੀਮ ਦੇ ਸਾਥੀ, ਐਸ ਸੀ /ਐਸ ਟੀ / ਰੇਲਵੇ / ਇਮਪਲਾਈਜ਼ ਐਸੋਸੀਏਸ਼ਨ NORTH ZONE ਵਲੋਂ ਪ੍ਰਧਾਨ ਸ. ਜੀਤ ਸਿੰਘ ਅਤੇ ਸਾਥੀ, ਜ਼ਿੰਦਗੀ -ਏ-ਆਸ (ਐਨ ਜੀ ਓ) ਵਲੋਂ ਕਰਨਲ (ਰਿਟਾ.) ਐਸ. ਐਸ. ਸੋਖੀ, ਫ਼ਾਰ ਦ ਪੀਪਲ ਫਾਉਂਡੇਸ਼ਨ (ਐਨ ਜੀ ਓ) ਵਲੋਂ ਸ਼੍ਰੀ ਪਰਮਿੰਦਰ ਸਿੰਘ, ਪ੍ਰਗਿਆਸ਼ੀਲ ਐਜੂਕੇਸ਼ਨ ਸੋਸਾਇਟੀ ਵਲੋਂ ਡਾ. ਸੰਦੀਪ ਮਹਿਮੀ, ਬੋਧੀਸੱਤਵ ਐਜੂਕੇਸ਼ਨ ਸੁਸਾਇਟੀ ਅਤੇ ਬੋਧੀਸੱਤਵ ਅੰਬੇਡਕਰ ਸੀਨੀਅਰ ਸੈਕੰਡਰੀ ਸਕੂਲ ਫੂਲਪੁਰ ਧਨਾਲ ਵਲੋਂ ਸ਼੍ਰੀ ਰਾਮ ਲੁਭਾਇਆ, ਇੰਜੀ. ਜਸਵੰਤ ਰਾਏ, ਸ਼੍ਰੀ ਹੁਸਨ ਲਾਲ ਅਤੇ ਪ੍ਰਿੰ-ਸੀਪਲ ਮੈਡਮ ਚੰਚਲ ਬੋਧ ਆਦਿ ਹਾਜ਼ਰ ਸਨ।

**ਰਿਪੋਰਟ- ਚਰਨਜੀਤ ਸਿੰਘ ਬਿਨਪਾਲਕੇ**

# 'ਪੱਕਾ ਮੋਰਚਾ' ਲਾਉਣ ਵਾਲੇ 1158 ਅਸਿਸਟੈਂਟ ਪ੍ਰੋਫੈਸਰ ਅਤੇ ਚੋਣ ਵਾਅਦੇ



ਮੇਜਰ ਸਿੰਘ ਨਾਭਾ
91-94635-53962

ਕਾਂਗਰਸ ਸਰਕਾਰ ਜਾਂਦੇ ਜਾਂਦੇ ਕਾਲਜਾਂ ਲਈ ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ ਕਰਨ ਵਿੱਚ ਪੂਰੀ ਤਰ੍ਹਾਂ ਸਫ਼ਲ ਨਾ ਹੋ ਸਕੀ ਕਿਉਂ ਕਿ ਵੱਖ-ਵੱਖ ਵਿਸ਼ਿਆਂ ਦੀਆਂ ਆਸਾਮੀਆਂ ਲਈ ਨਿਯੁਕਤੀ ਪੱਤਰ ਦੇਣ ਦੀ ਪ੍ਰਕ੍ਰਿਆ ਅੱਧ ਵਿਚਾਲੇ ਲਟਕ ਗਈ। ਐਨ ਮੌਕੇ ਤੇ ਮਾਣਯੋਗ ਹਾਈ ਕੋਰਟ ਦੇ ਸਟੇਅ ਆਰਡਰ ਕਾਰਨ ਚਿਰਾਂ ਤੋਂ ਨੌਕਰੀ ਦੀ ਉਡੀਕ ਕਰ ਰਹੇ ਬਦਨਸੀਬ ਬੇਰੁਜ਼ਗਾਰਾਂ ਦੇ ਸੁਪਨਿਆਂ 'ਤੇ ਪਾਣੀ ਫੇਰ ਦਿੱਤਾ।

ਮਾਣਯੋਗ ਹਾਈ ਕੋਰਟ ਨੇ ਨੌ ਮਹੀਨਿਆਂ ਬਾਅਦ 8 ਅਗਸਤ 2022 ਨੂੰ ਇਸ ਭਰਤੀ ਨੂੰ ਰੱਦ ਕਰਨ ਦਾ ਫੈਸ਼ਲਾ ਸੁਣਾ ਕੇ 1158 ਪਰਿਵਾਰਾਂ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ। ਜਿਨ੍ਹਾਂ ਨੂੰ ਆਸ ਸੀ ਕਿ ਉੱਚ ਅਦਾਲਤ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣ ਲਈ ਸਫਲ ਉਮੀਦਵਾਰਾਂ ਦੇ ਹੱਕ 'ਚ ਫੈਸਲਾ ਦੇਵੇਗੀ ਪਰ ਇਹ ਨਾ ਹੋਇਆ।ਪਿਛਲੀ ਸਰਕਾਰ ਸਮੇਂ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨ ਦੀ ਭਰਤੀ ਸਮੇਂ ਬਹੁਤ ਸਾਰੇ ਸਫਲ ਉਮੀਦਵਾਰ ਆਪਣੀਆਂ ਪਿਛਲੀਆਂ ਨੌਕਰੀਆਂ ਤੋਂ ਵਿਭਾਗ ਦੇ ਕਹਿਣ ਤੇ ਅਸਤੀਫੇ ਦੇ ਕੇ ਚਾਅ ਨਾਲ ਨਵੀਂ ਨਿਯੁਕਤੀ ਹੋਣ ਕਾਰਨ ਨਵੀਂ ਨੌਕਰੀ ਹਾਸਲ ਕਰਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦੀ ਸੋਚ ਰਹੇ ਸਨ ਪਰ ਇਹ ਕੰਮ ਉੱਚ- ਅਦਾਲਤ ਦੇ ਆਦੇਸ਼ਾਂ ਅਨੁਸਾਰ ਐਨ ਮੌਕੇ ਤੇ ਰੋਕ ਦਿੱਤਾ ਗਿਆ।

ਪੰਜਾਬ ਅੰਦਰ ਨਵੀਂ ਬਣੀ ਸਰਕਾਰ ਵਲੋਂ ਸਿਹਤ ਅਤੇ ਸਿੱਖਿਆ ਦੇ ਮਹੱਤਵਪੂਰਣ ਮੁੱਦੇ ਪਹਿਲ ਦੇ ਆਧਾਰ ਤੇ ਹੱਲ ਕਰਨ ਲਈ ਰੱਖੇ ਗਏ ਜਿਨ੍ਹਾਂ 'ਚੋਂ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣਾ ਵੀ ਅਹਿਮ ਮੁੱਦਾ ਹੈ ਜੋ ਨੋਜਵਾਨਾਂ ਅਤੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ।ਇਸ ਵਿਭਾਗ ਦੇ ਸਿੱਖਿਆ ਮੰਤਰੀ ਵੀ ਨੋਜਵਾਨ ਅਤੇ ਚੰਗੇ ਪੜ੍ਹੇ ਲਿਖੇ ਹਨ ਜਿਨ੍ਹਾਂ ਤੋਂ ਇਸ ਮਸਲੇ ਦੇ ਹੱਲ ਦੀ ਆਸ ਕੀਤੀ ਜਾ ਰਹੀ ਸੀ ਕਿਉਂ ਕਿ ਉਹ ਜਰੂਰ ਬੇਰੁਜ਼ਗਾਰਾਂ ਦੇ ਦਰਦ ਨੂੰ ਭਲੀਭਾਂਤ ਜਾਣਦੇ ਹੋਣਗੇ। ਕਈ ਮੀਟਿੰਗਾਂ ਪਿਛਲੇ ਅਤੇ ਮੋਜੂਦਾ ਸਿੱਖਿਆ ਮੰਤਰੀ ਨਾਲ ਹੋਣ ਉਪਰੰਤ ਕੋਈ ਸਾਰਥਕ ਹੱਲ ਨਹੀਂ ਨਿਕਲਿਆ।

ਪਿਛਲੇ ਸਮੇਂ ਵੱਖ-ਵੱਖ ਸਹਿਰਾਂ ਵਿਖੇ ਪੀੜ੍ਹਤ ਸਫਲ ਉਮੀਦਵਾਰਾਂ ਵਲੋਂ ਸਥਾਨਕ ਪੱਧਰੀ ਇਕੱਤਰਤਾ ਕਰਕੇ ਆਪਣਾ ਸਾਂਤਮਈ ਰੋਸ਼ ਪ੍ਰਗਟ ਕੀਤਾ ਹੈ।ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ 28 ਅਗਸਤ ਨੂੰ ਰੋਸ ਰੈਲੀ ਕੱਢ ਕੇ ਵੱਡਾ ਇਕੱਠ ਕਰਕੇ ਆਪਣੀਆਂ ਮੰਗਾਂ ਦੇ ਸਬੰਧ ਵਿਚ ਤਹਿਸੀਲਦਾਰ ਨੂੰ ਮੰਗ ਪੱਤਰ ਦੇਣ ਉਪਰੰਤ ਮੁੱਖ ਮੰਤਰੀ ਨਾਲ ਮੀਟਿੰਗ ਦੀ ਤਾਰੀਖ ਲਈ 'ਹਾਂ' ਹੋਈ ਪਰ ਇਹ ਮੀਟਿੰਗ ਨਹੀਂ ਮਿਲੀ। ਮਾਣਯੋਗ ਹਾਈ ਕੋਰਟ ਵਲੋਂ 16 ਸਤੰਬਰ ਨੂੰ ਫੈਸ਼ਲੇ ਦੀ ਕਾਪੀ ਜਾਰੀ ਕੀਤੀ ਗਈ ਜਿਸ ਵਿੱਚ ਸਰਕਾਰ ਵਲੋਂ ਭਰਤੀ ਪ੍ਰਕ੍ਰਿਆ ਨੂੰ ਕਰਦੇ ਸਮੇਂ ਜੋ ਊਣਤਾਈਆਂ ਪਾਈਆਂ ਗਈਆਂ ਜੋ ਕਿ ਉੱਚ ਅਧਿਕਾਰੀਆਂ ਦੀ ਅਣਗਹਿਲੀ ਸਦਕਾ ਹੋਇਆ। ਇਸ ਲਈ 1158 ਸਫਲ ਉਮੀਦਵਾਰਾਂ ਦਾ ਇਸ 'ਚ ਕੋਈ ਕਸੂਰ ਨਹੀਂ। ਜਿਨ੍ਹਾਂ ਸਬੰਧਤ ਅਧਿਕਾਰੀਆਂ ਨੇ ਅਣਗਹਿਲੀ ਕੀਤੀ ਹੈ ਉਨ੍ਹਾਂ ਨੂੰ ਸ਼ਜਾ ਮਿਲਣੀ ਚਾਹੀਦੀ ਹੈ ਨਾ ਕਿ ਉਮੀਦਵਾਰਾਂ ਨੂੰ। ਇਸ ਕੋਰਟ ਕੇਸ ਨਾਲ ਨਾ ਤਾਂ ਰਿੱਟਾਂ ਕਰਨ ਵਾਲਿਆ ਨੂੰ ਕੋਈ ਰਾਹਤ ਮਿਲੀ, ਨਾ ਕੋਈ ਸਰਕਾਰ ਦੀ ਅਗਲੀ ਰਣਨੀਤੀ ਇਸ ਮਸਲੇ ਨੂੰ ਹੱਲ ਕਰਨ ਲਈ ਸਾਹਮਣੇ ਆਈ ਹੈ , ਜਦੋਂ ਕਿ ਲੱਖਾਂ ਰੁਪਏ ਇਸ ਪ੍ਰਕ੍ਰਿਆ ਉੱਪਰ ਖਰਚੇ ਗਏ ਹਨ।

ਪੰਜਾਬ ਅੰਦਰ ਉੱਚ ਵਿਦਿਆ ਦੇ ਰਹੇ ਸਰਕਾਰੀ ਕਾਲਜਾਂ ਅੰਦਰ ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਕਾਲਜ ਅਧਿਆ-ਪਕਾਂ ਦੀ ਰੈਗੂਲਰ ਭਰਤੀ ਹੀ ਨਹੀਂ ਕੀਤੀ। ਇਨ੍ਹਾਂ 'ਚੋਂ ਨਿਯੁਕਤ ਹੋਏ ਕੁਝ ਉਮੀਦਵਾਰਾਂ ਨੂੰ ਸਟੇਸ਼ਨ ਅਲਾਟ ਹੋ ਚੁੱਕੇ ਹਨ ਜਿਨ੍ਹਾਂ 'ਚੋਂ 122 ਉਮੀਦਵਾਰ ਹਾਜ਼ਰੀ ਦੇਕੇ ਪੜ੍ਹਾ ਰਹੇ ਹਨ ਅਤੇ ਆਪਣੀ ਤਨਖਾਹ ਲੈ ਰਹੇ ਹਨ। ਬਾਕੀ ਜਿਹੜੇ ਨਿਯੁਕਤੀ ਪੱਤਰ ਲੈ ਚੁੱਕੇ ਹਨ, ਉਨ੍ਹਾਂ ਦੀ ਤਨਖਾਹ ਕਢਵਾਉਣ ਲਈ ਮਹਿਕਮੇ ਵਲੋਂ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਪੱਤਰ ਜਾਰੀ ਕੀਤਾ ਗਿਆ, ਪਰ ਇਹ ਵੀ ਪੂਰ ਨਾ ਚੜ੍ਹਿਆ। ਬਾਅਦ 'ਚ ਨਵਾਂ ਪੱਤਰ ਜਾਰੀ ਕਰਕੇ ਜਿਨ੍ਹਾਂ ਨੂੰ ਨਿਯੁਕਤੀ ਪੱਤਰ ਮਿਲ ਚੁੱਕੇ ਹਨ ਉਨ੍ਹਾਂ ਕੁਲ ਲੱਗਭਗ 462 ਸਹਾਇਕ ਪ੍ਰੋਫੇਸਰਾਂ ਦੀ ਹਾਜ਼ਰੀ ਡਾਇਰੈਕਟੋਰੇਟ ਦਫਤਰ ਵਿਖੇ ਮੰਨ ਕੇ ਉਨ੍ਹਾਂ ਦੀ ਵੀ ਹਾਜ਼ਰ ਹੋ ਚੁੱਕੇ ਅਸਿਸਟੈਂਟ ਪ੍ਰੋਫੈਸਰਾਂ ਦੇ ਨਾਲ ਹੀ ਤਨਖਾਹ ਵੱਖ-ਵੱਖ ਕਾਲਜਾਂ ਵਿੱਚ ਪਈਆਂ ਖਾਲੀ ਪੋਸਟਾਂ ਵਿਰੁੱਧ ਕਢਵਾਉਣ ਲਈ ਸਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਆਦੇਸ਼ ਦਿੱਤੇ ਗਏ ਪਰ ਅਜੇ ਤੱਕ ਉਨ੍ਹਾਂ ਨੂੰ ਤਨਖਾਹ ਨਹੀਂ ਮਿਲੀ।ਇਹ ਮਾਮਲਾ ਵੀ ਖਟਾਈ 'ਚ ਪੈ ਗਿਆ। ਇਥੇ ਇਹ ਵੀ ਵਰਣਨਯੋਗ ਹੈ ਕਿ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਤੋਂ ਪਿਛਲੀਆਂ ਨੌਕਰੀਆਂ ਤੋਂ ਅਸਤੀਫੇ ਲਏ ਗਏ ਹਨ ਜਿਸ ਨਾਲ ਹੁਣ ਉਹ ਸਾਰੇ ਹੀ ਬੇਰੁਜ਼ਗਾਰ ਹੋ ਕੇ ਆਰਥਿਕ ਤੰਗੀ 'ਚੋਂ ਲੰਘ ਰਹੇ ਹਨ। ਕਈਆਂ ਨੇ ਕਈ ਕਿਸਮ ਦੇ ਲੋਨ ਵਗੈਰਾ ਲਏ ਹੋਣਗੇ, ਉਨ੍ਹਾਂ ਦੀਆਂ ਕਿਸ਼ਤਾਂ ਉਹ ਕਿਵੇਂ ਭਰਨਗੇ। ਇਹ ਇੱਕ ਗੰਭੀਰ ਮੁੱਦਾ ਬਣ ਗਿਆ ਹੈ। ਤਕਰੀਬਨ ਅੱਧੇ ਸਫਲ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਨਹੀਂ ਮਿਲ ਸਕੇ ਜਿਨ੍ਹਾਂ 'ਚ ਕਈ ਵਿਸ਼ਿਆਂ ਦੀਆਂ ਸਿਲੈਕਸ਼ਨ ਲਿਸਟਾਂ ਰਿਕਰਿਊਟਮੈਂਟ ਸਾਈਟ ਉੱਪਰ ਪਾ ਕੇ ਬਾਅਦ 'ਚ ਹਟਾ ਦਿੱਤੀਆਂ ਗਈਆਂ। ਉਹ ਅਜੇ ਆਪਣੇ ਭਵਿੱਖ ਲਈ ਚਿੰਤਾਗ੍ਰਸ਼ਤ ਹਨ।

ਜੇ ਨਵੀਂ ਸਰਕਾਰ ਚਾਹੇ ਇਨ੍ਹਾਂ ਸਫ਼ਲ ਉਮੀਦਵਾਰਾਂ ਲਈ ਜੁਆਇਨਿੰਗ ਕਰਵਾਉਣ ਲਈ ਕਾਨੂੰਨੀ ਰਾਇ ਲੈ ਕੇ ਇਨ੍ਹਾਂ ਪੀੜ੍ਹਤ ਉਮੀਦਵਾਰਾਂ ਨੂੰ ਸਪੈਸ਼ਲ ਆਰਡੀਨੈਸ ਜਾਰੀ ਕਰਕੇ ਇਸ ਮਸਲੇ ਦਾ ਹੱਲ ਕੱਢ ਸਕਦੀ ਹੈ। ਪਿਛਲੇ ਸਮੇਂ ਸਵ: ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਵੇਲੇ ਕਾਂਗਰਸ ਸਰਕਾਰ ਨੇ ਥੋਕ 'ਚ ਅਧਿਆਪਕਾਂ ਦੀ ਭਰਤੀ ਕਰਦੇ ਸਮੇਂ ਸ਼ਿਫਾਰਸੀ ਭਰਤੀ ਨਿਯਮਾਂ ਨੂੰ ਦਰਨਿਕਾਰ ਕੇ ਕੀਤੀ ਸੀ ਜੋ ਬਾਅਦ 'ਚ ਉੱਚ ਅਦਾਲਤ ਵਲੋਂ ਰੱਦ ਕੀਤੀ ਗਈ ਅਤੇ ਦੁਬਾਰਾ ਵਿਭਾਗੀ ਚੋਣ ਕਮੇਟੀਆਂ ਨੇ ਨਵੇਂ ਸਿਰਿਉਂ ਭਰਤੀ ਕੀਤੀ ਜਿਸ 'ਚ ਬਹੁਤੇ ਪਹਿਲੇ ਅਧਿਆਪਕ ਤਾਂ ਸਿਲੈਕਟ ਹੋ ਗਏ ਪਰ ਸਿਫਾਰਸ਼ੀ ਰਹਿ ਗਏ ਭਾਵੇਂ ਉਨ੍ਹਾਂ ਦੀ ਸਰਵਿਸ ਕਈ ਸਾਲ ਹੋ ਚੁੱਕੀ ਸੀ।ਉਨ੍ਹਾਂ ਲਈ ਦੁਬਾਰਾ ਨੌਕਰੀ 'ਚ ਜਾਣ ਦਾ ਕੋਈ ਰਾਹ ਨਾ ਬਣ ਸਕਿਆ। ਸਰਕਾਰ ਬਦਲਣ ਨਾਲ ਅਕਾਲੀ ਸਰਕਾਰ ਆ ਗਈ ਤਾਂ ਮੁੱਖ ਮੰਤਰੀ ਸਵ: ਪ੍ਰਕਾਸ਼ ਸਿੰਘ ਬਾਦਲ ਨੇ ਫਿਰ ਵੀ ਉਨ੍ਹਾਂ ਦੀ ਪੀੜ੍ਹਾ ਸੁਣੀ ਅਤੇ ਸਪੈਸ਼ਲ ਆਰਡੀਨੈਂਸ ਜਾਰੀ ਕਰਕੇ ਮੁੜ ਉਨ੍ਹਾਂ ਨੂੰ ਸਕੂਲਾਂ 'ਚ ਜੁਆਇਨ ਕਰਵਾ ਦਿੱਤਾ। ਪਰ ਇਨ੍ਹਾਂ ਸਹਾਇਕ ਪ੍ਰੋਫੇਸਰਾਂ ਦੀ ਨਿਯੁਕਤੀ ਤਾਂ ਪਾਰਦਰਸ਼ੀ ਢੰਗ ਨਾਲ ਹੋਈ ਹੈ।

ਪਰ ਹੁਣ ਸਰਕਾਰ ਦਾ ਰਵੱਈਆ ਇਨ੍ਹਾਂ ਪ੍ਰਤੀ ਕੋਈ ਵਧੀਆ ਦਿਖਾਈ ਨਹੀਂ ਦੇ ਰਿਹਾ। ਇਸੇ ਕਰਕੇ ਆਖਿਰ ਨੂੰ ਇਨ੍ਹਾਂ ਨਿਯੁਕਤ ਹੋਏ ਉਮੀਦਵਾਰਾਂ ਨੇ ਸਿੱਖਿਆ ਮੰਤਰੀ ਦੇ ਵਿਰੁੱਧ ਪਿੰਡ ਗੰਭੀਰਪੁਰ ਵਿਖੇ 31 ਅਗਸਤ 2023 ਤੋਂ ਸੜਕ ਉੱਪਰ ਹੀ 'ਪੱਕਾ ਮੋਰਚਾ' ਲਾ ਦਿੱਤਾ ਹੈ। ਪੰਜਾਬ ਦੀ ਉੱਚ ਸਿੱਖਿਆ ਪ੍ਰਾਪਤ ਕਰੀਮ ਜਿਨ੍ਹਾਂ 'ਚ ਪੀ.ਐਚ.ਡੀ. ਪ੍ਰਾਪਤ ਉਮੀਦਵਾਰ ਵੀ ਹਨ, ਸੜਕਾਂ ਉੱਪਰ ਰਾਤਾਂ ਕੱਟ ਰਹੀ ਹੈ। ਜਿਸ ਵਿੱਚ ਲੜਕੀਆਂ, ਵਿਆਹੀਆਂ ਲੜਕੀਆਂ ਅਤੇ ਉਨ੍ਹਾਂ ਦੇ ਬੱਚੇ ਵੀ ਸਾਮਲ ਹਨ। ਇਨ੍ਹਾਂ ਸਾਰਿਆਂ ਨੂੰ ਦੇਖ ਕੇ ਜੁਝਾਰੂ ਸੋਚ ਦਾ ਉਤਪੰਨ ਹੋਣਾ ਕੁਦਰਤੀ ਹੈ। ਇਸੇ ਕਾਰਨ ਮੁਲਾਜ਼ਮ ਜਥੇਬੰਦੀਆਂ, ਕਿਸਾਨ ਜਥੇਬੰਦੀਆਂ ਆਦਿ ਉਨ੍ਹਾਂ ਦਾ ਸਾਥ ਦੇਣ ਲੱਗੀਆਂ ਹਨ।

ਸਰਕਾਰ ਨੂੰ ਲੋਕਾਂ ਦੇ ਵਧ ਰਹੇ ਰੋਹ ਤੋਂ ਅਗਾਊਂ ਹੀ ਕੋਈ ਹੱਲ ਜਰੂਰ ਸੋਚ ਲੈਣਾ ਚਾਹੀਦਾ ਹੈ ਤਾਂ ਜੋ ਪੰਜਾਬ ਦਾ ਮਾਹੌਲ ਸਾਂਤ ਬਣਿਆ ਰਹੇ। ਭਾਵੇਂ ਚੋਣ ਵਾਅਦਿਆਂ 'ਚ ਇਹੀ ਸਰਕਾਰ ਦਾ ਮੁੱਖ ਮੰਤਰੀ ਸਰਕਾਰ ਆਉਣ ਤੇ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦੀ ਗੱਲ ਕਰਦਾ ਸੀ ਪਰ ਇਹ ਵੀ ਪਿਛਲੀਆਂ ਸਰਕਾਰਾਂ ਵਾਂਗ ਉਸੇ ਲੀਹ ' ਤੇ ਚਲਦੇ ਲੱਗਦੇ ਹਨ ਜੋ ਉਨ੍ਹਾਂ ਨੂੰ ਅਗਲੀਆਂ ਆ ਰਹੀਆਂ ਲੋਕ ਸਭਾ ਚੋਣਾਂ 'ਚ ਲੋਕਾਂ ਸਾਹਮਣੇ ਜਵਾਬਦੇਹ ਹੋਣਾ ਹੋਵੇਗਾ। ਫਿਰ ਵੀ ਆਸ ਹੈ ਕਿ ਸਰਕਾਰ ਆਪਣਾ ਪੱਖ ਮਜਬੂਤੀ ਨਾਲ ਰੱਖ ਕੇ ਸਟੇਅ ਨੂੰ ਤੜਵਾਉਣ ਲਈ ਹਰ ਸੰਭਵ ਯਤਨ ਕਰੇਗੀ ਜਾਂ ਕੋਈ ਪਹਿਲਾਂ ਹੀ ਕੋਈ ਹੋਰ ਹੱਲ ਕੱਢੇਗੀ ਤਾਂ ਕਿ ਇਹ ਭਰਤੀ ਜਲਦੀ ਸਿਰੇ ਚੜ੍ਹ ਜਾਵੇ ਜਿਸ ਨਾਲ ਰਹਿੰਦੇ ਸਫਲ ਉਮੀਦਵਾਰਾਂ ਦੇ ਸੁਪਨੇ ਸਾਕਾਰ ਹੋ ਸਕਣ ਅਤੇ ਉਚੇਰੀ ਸਿੱਖਿਆ ਦੇ ਸੁਧਾਰ ਦੀ ਗੱਲ ਵੀ ਪੂਰ ਚੜ੍ਹ ਜਾਵੇ।

# "ਪੰਜਾਬੀ ਅਦਾਕਾਰ ਮਲਕੀਅਤ ਮੀਤ ਨਾਲ ਗੱਲਬਾਤ"

## ਫਿਲਮਾਂ ਮੇਰੇ ਜੀਵਨ ਦਾ ਅਨਿੱਖੜਵਾਂ ਅੰਗ ਨੇ। ਇਸੇ ਲਈ ਮੈਂ ਅਮਰੀਕਾ ਤੋਂ ਵਾਪਿਸ ਪੰਜਾਬ ਆਇਆ ਹਾਂ:- ਮਲਕੀਅਤ ਮੀਤ

ਕੁਲਵੰਤ ਉੱਭੀ ਧਾਲੀਆਂ
ਫਰਿਜ਼ਨੋ, ਕੈਲੇਫੋਰਨੀਆਂ (559) 473-9264

ਹਰ ਇਨਸਾਨ ਦੀ ਜ਼ਿੰਦਗੀ ਕਲਾ ਜਾਂ ਅਦਾਕਾਰੀ ਦੇ ਸਮੇਲ ਨਾਲ ਭਰੀ ਹੁੰਦੀ ਹੈ। ਜਿਸ ਦੀ ਸੁਰੂਆਤ ਉਸ ਦੇ ਜਨਮ ਤੋਂ ਹੀ ਹੋ ਜਾਂਦੀ ਹੈ। ਇਸ ਗੱਲ ਨੂੰ ਅਸੀਂ ਬੇਸ਼ੱਕ ਲਾਡ-ਪਿਆਰ, ਕਲੋਲਾਂ, ਅਦਾਵਾਂ, ਨਖ਼ਰੇ, ਗੱਲ-ਗੱਲ 'ਤੇ ਚਿਹਰੇ ਦੇ ਬਦਲਦੇ ਅੰਦਾਜ਼ ਜਾਂ ਅਦਾਵਾਂ ਰਾਹੀਂ ਦੇਖ ਸਕਦੇ ਹਾਂ। ਇਸੇ ਕਲਾਕਾਰੀ ਦੇ ਰੰਗਾਂ ਦੀ ਸਾਂਝ ਦੂਜੇ ਲੋਕਾਂ ਨਾਲ ਪਾਉਣ ਦਾ ਮੌਕਾ ਬਹੁਤ ਘੱਟ ਲੋਕਾਂ ਨੂੰ ਮਿਲਦਾ ਹੈ। ਇਹ ਕਲਾ ਜਾਂ ਅਦਾਕਾਰੀ ਨੂੰ ਰੂਹ ਤੋਂ ਕਰਨ ਵਾਲੇ ਆਪਣੇ ਸ਼ੌਕ ਨੂੰ ਜਦ ਕਿੱਤਾ ਬਣਾ ਲੈਂਦੇ ਹਨ ਤਾਂ ਗੱਲ ਹੋਰ ਵੀ ਵਧੀਆ ਹੋ ਨਿਬੜਦੀ ਹੈ। ਇਸੇ ਹੀ ਅਦਾਕਾਰੀ ਦੇ ਸ਼ੌਕ ਨੂੰ ਆਪਣਾ ਸਫਲ ਕਿੱਤਾ ਬਣਾਉਣ ਵਾਲੇ ਮਲਕੀਅਤ ਮੀਤ ਨਾਲ ਕੀਤੀ ਗਈ ਗੱਲਬਾਤ ਦੀ ਸਾਂਝ ਪਾਵਾਗੇ। ਭਵਿੱਖ ਵਿੱਚ ਉਨ੍ਹਾਂ ਦੀਆਂ ਕਈ ਨਵੀਆਂ ਫਿਲਮਾਂ ਵੀ ਰਿਲੀਜ਼ ਹੋ ਰਹੀਆਂ ਹਨ, ਉਨ੍ਹਾਂ ਬਾਰੇ ਵੀ ਸੰਖੇਪ ਚਰਚਾ ਕਰਾਂਗੇ।

ਪੰਜਾਬੀ ਸੱਭਿਆਚਾਰ ਅਤੇ ਸਾਹਿਤਕ ਸਾਂਝਾਂ ਕਰਕੇ ਮੇਰਾ ਮਲਕੀਅਤ ਮੀਤ ਨਾਲ ਕਾਫ਼ੀ ਲੰਮੇ ਸਮੇਂ ਤੋਂ ਮੇਲ-ਮਿਲਾਪ ਰਿਹਾ ਹੈ। ਅਸੀਂ ਇਕੱਠਿਆਂ ਕਈ ਪ੍ਰੋਗਰਾਮ ਵੀ ਕੀਤੇ। ਜੇ ਗੱਲ ਕਰੀਏ ਉਸ ਦੀਆਂ ਲਿਖਤਾਂ ਵੱਲ ਤਾਂ ਉਹ ਇੱਕ ਵਾਰਤਿਕ ਲਿਖਾਰੀ ਵੀ ਹੈ। ਜਿਸ ਦੇ ਲਿਖੇ ਲੇਖਾਂ ਦੀ ਪੁਸਤਕ 'ਕੀ ਰੱਬ ਮਰ ਗਿਆ?' ਕੁਝ ਸਮਾਂ ਪਹਿਲਾ ਰਿਲੀਜ਼ ਹੋਈ ਸੀ। ਇਸੇ ਤਰਾਂ ਉਸ ਨੇ ਬਤੌਰ ਗੀਤਕਾਰ ਬਹੁਤ ਸਾਰੇ ਗੀਤ ਲਿਖੇ, ਜੋ ਨਾਮਵਰ ਗਾਇਕ ਕਲਾਕਾਰਾਂ ਨੇ ਗਾਏ। ਜਿੰਨਾਂ ਨੂੰ ਪੁਸਤਕ ਦੇ ਰੂਪ ਵਿੱਚ ਪਬਲਿਸ ਵੀ ਕਰਵਾਇਆ। ਇਸੇ ਤਰ੍ਹਾਂ ਅਦਾਕਾਰੀ ਦੇ ਖੇਤਰ ਵਿੱਚ ਆਪਣੇ ਸ਼ੌਕ ਨੂੰ ਕਿੱਤਾ ਬਣਾਉਂਦਿਆਂ ਬਹੁਤ ਸਾਰੇ ਹਿੰਦੀ-ਪੰਜਾਬੀ ਸੀਰੀਅਲਾਂ ਵਿੱਚ ਕੰਮ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ਨੂੰ ਡਾਇਰੈਕਟ ਵੀ ਕੀਤਾ। ਕੁਝ ਸਮਾਂ ਪਹਿਲਾ ਉਨ੍ਹਾਂ ਦੀ ਟੀਮ ਵੱਲੋਂ ਸਿੱਖ ਘੱਲੂਘਾਰੇ ਦੀ ਕਹਾਣੀ ਨੂੰ ਪੇਸ਼ ਕਰਦਿਆ ਵੈੱਬ-ਸੀਰੀਜ਼ "ਦਾ ਆਕੂਪਾਈਡ" ਰਿਲੀਜ਼ ਕੀਤੀ ਗਈ।

ਇਸ ਮੇਰੇ ਅਤੇ ਮਲਕੀਅਤ ਦੇ ਦੋਸ਼ਤੀ ਭਰੇ ਇਸ ਮਿਲਾਪ ਜਾਂ ਮੁਲਾਕਾਤਾਂ ਦੀ ਕੜੀ ਨੂੰ ਜੋੜਨ ਵਿੱਚ ਅਦਾਕਾਰ ਬੱਲੂ ਸਿੰਘ ਦਾ ਵੀ ਅਹਿਮ ਰੋਲ ਰਿਹਾ ਹੈ। ਜਿਸ ਬਾਅਦ ਇਕੱਠਿਆਂ ਅਸੀਂ ਕਈ ਸਟੇਜ਼ ਪ੍ਰੋਗਰਾਮ ਅਤੇ ਸੰਗੀਤਕ ਵੀਡੀਓ ਵੀ ਕੀਤੇ। ਉਸ ਵਿੱਚ ਅਦਾਕਾਰੀ ਦਾ ਜਜ਼ਬਾ ਅਤੇ ਗੀਤਕਾਰੀ ਦਾ ਜਜ਼ਬਾ ਭਰਿਆ ਹੋਇਆ ਹੈ। ਫਰਿਜ਼ਨੋ ਸ਼ਹਿਰ ਪੰਜਾਬੀਅਤ ਦੀ ਵੱਸੋਂ ਅਤੇ ਸਰਗਰਮੀਆਂ ਦਾ ਕੈਲੇਫੋਰਨੀਆਂ ਵਿੱਚ ਵੱਡਾ ਧੁਰਾ ਹੈ। ਇੱਥੇ ਵੱਸਦੇ ਯਾਰਾਂ ਦੀਆਂ ਮਹਿਫਲਾਂ ਦੀ ਚਰਚਾ ਦੁਨੀਆਂ ਦੇ ਹਰ ਕੋਨੇ ਵਿੱਚ ਸੁਣੀ ਜਾ ਸਕਦੀ ਹੈ। ਤਕਰੀਬਨ ਡੇਢ ਦਹਾਕਾ ਪਹਿਲਾ ਮਲਕੀਅਤ ਕੈਲੇਫੋਰਨੀਆਂ ਦੇ ਸ਼ਹਿਰ ਲਾਸ-ਏਜ਼ਲਸ ਵਿਖੇ ਆਪਣੇ ਪਰਿਵਾਰ ਸਮੇਤ ਰਹਿੰਦਾ ਸੀ। ਪਰ ਸਾਹਿੱਤਕ ਪ੍ਰੋਗਰਾਮਾਂ ਜਾਂ ਹੋਰ ਸਟੇਜ਼ ਸ਼ੋਆਂ ਦੌਰਾਨ ਅਕਸਰ ਉਸ ਦੀ ਫਰਿਜ਼ਨੋ ਆਉਣੀ-ਜਾਣੀ ਹੁੰਦੀ ਰਹਿੰਦੀ। ਇਸੇ ਸਫ਼ਰ ਨੂੰ ਮੁੱਕਾਉਂਦਿਆਂ ਮਲਕੀਅਤ ਸਿੰਘ ਲਾਸ-ਏਜ਼ਲਸ ਤੋਂ ਪਰਿਵਾਰ ਸਮੇਤ ਆ ਫਰਿਜ਼ਨੋ ਵਿਖੇ ਆ ਵਸੇ।

ਹੁਣ ਆਉ ਆਪਾ ਗੱਲ ਕਰਦੇ ਹਾਂ ਮਲਕੀਅਤ ਮੀਤ ਦੇ ਫਿਲਮੀ ਸਫ਼ਰ ਬਾਰੇ। ਨਵੀਂ ਬਣੀ ਫਿਲਮ "ਪਿੰਡ ਅਮਰੀਕਾ" ਵਿੱਚ ਇੱਕ ਗੋਰਾ, ਉੱਚੇ ਲੰਮੇ ਕੱਦ ਵਾਲਾ ਤੇ ਭਾਰੀ ਗਰਜਵੀਂ ਅਵਾਜ਼ ਦਾ ਮਾਲਕ, ਮਲਕੀਅਤ ਮੀਤ, ਬਿਸ਼ਨ ਸਿੰਘ ਦਾ ਕਿਰਦਾਰ ਨਿਭਾਉਂਦਾ ਨਜ਼ਰ ਆਵੇਗਾ। ਜਿਸ ਨੇ ਪੰਜਾਬ ਦੇ ਦੁਆਬਾ ਕਾਲਜ ਜਲੰਧਰ ਤੋਂ ਬੀ.ਏ. ਤੱਕ ਦੀ ਪੜ੍ਹਾਈ ਕੀਤੀ ਅਤੇ ਇਸੇ ਦੌਰਾਨ ਕਈ ਨਾਟਕ ਪ੍ਰਤੀ-ਯੋਗਤਾਵਾਂ ਵਿੱਚ ਸ਼ਿਰਕਤ ਕਰ ਜੇਤੂ ਇਨਾਮ ਹਾਸਲ ਕੀਤੇ।



ਮੇਰੀ ਉਸ ਨਾਲ ਜ਼ਿੰਦਗੀ ਦੇ ਸਫਰ ਅਤੇ ਨਵੀਂ ਬਣੀ ਫਿਲਮ "ਪਿੰਡ ਅਮਰੀਕਾ" ਦੇ ਬਾਰੇ ਹੋਈ ਗੱਲਬਾਤ ਹੋਈ।

ਇਸ ਬਾਰੇ ਗੱਲਬਾਤ ਕਰਦਿਆਂ ਉਹਨਾਂ ਦੱਸਿਆ ਕਿ, "ਮੇਰਾ ਫਿਲਮਾਂ ਬਣਾਉਣ ਤੇ ਐਕਟਿੰਗ ਕਰਨ ਦਾ ਸੁਪਨਾ ਬਚਪਨ ਤੋਂ ਹੀ ਸੀ। ਦੂਰਦਰਸ਼ਨ ਵਿੱਚ ਬਾਲ ਕਲਾਕਾਰ ਵੱਜੋ ਇਸ ਸ਼ੌਕ ਨੂੰ ਪੂਰਾ ਕੀਤਾ। ਪੜ੍ਹਾਈ ਪੂਰੀ ਕਰ ਮੈਂ ਅਮਰੀਕਾ ਚੱਲਿਆ ਗਿਆ। ਜਿੱਥੇ ਕਈ ਹਾਲੀਵੁੱਡ ਦੀਆਂ ਫਿਲਮਾਂ ਵਿੱਚ ਕੰਮ ਕੀਤਾ। ਮੈਂ ਕਈ ਨਾਟਕ ਲਿਖੇ, ਗੀਤ, ਗ਼ਜ਼ਲਾਂ ਲਿਖੀਆਂ। ਮੇਰੀਆਂ ਲਿਖੀਆਂ "ਤੇਰੀ ਚੜ੍ਹਦੀ ਜਵਾਨੀ ਨੇ ਲੁੱਟਿਆ ਸ਼ਹਿਰ ਸਾਰੇ ਦਾ ਸਾਰਾ", "ਦਿਲ ਮਿਲਿਆ ਦੇ ਮੇਲੇ" ਅਤੇ "ਕੀ ਰੱਬ ਮਰ ਗਿਆ" ਕਿਤਾਬਾਂ ਵੀ ਛਪੀਆਂ ਹਨ। ਜ਼ਿਆਦਾਤਰ ਲੋਕ ਮੈਨੂੰ ਮੇਰੇ ਲਿਖੇ ਹਿੱਟ ਗੀਤਾਂ:
"ਤੇਰੀ ਚੜ੍ਹਦੀ ਜਵਾਨੀ ਨੇ ਲੁੱਟਿਆ ਸ਼ਹਿਰ ਸਾਰੇ ਦਾ ਸਾਰਾ",
"ਰੱਬ ਕਰਕੇ ਤੈਨੂੰ ਵੀ ਲੱਗ ਜਾਵੇ ਤੂੰ ਇਸ਼ਕੇ ਨੂੰ ਰੋਗ ਦੱਸਦੀ",
"ਕਿਵੇ ਦਿਲ ਨੂੰ ਸਭਾਂਲੇ ਗੀ ਜਦੋ ਮੇਰੀ ਯਾਦ ਆਏ ਗੀ"
ਆਦਿਕ ਕਰਕੇ ਜਾਣਦੇ ਹਨ। ਜਿਨਾਂ ਨੂੰ ਮਨਮੋਹਨ ਵਾਰਿਸ, ਕਮਲ ਹੀਰ, ਜਸਬੀਰ ਜੱਸੀ, ਜਸਪਿੰਦਰ ਨਰੂਲਾ, ਮਲਕੀਤ ਸਿੰਘ, ਸੋਨੂੰ ਨਿਗਮ, ਰਾਜੇਸ ਰਾਜੂ, ਕੁਲਦੀਪ ਦੀਪ, ਤੇਜੀ ਸੰਧੂ, ਰੈਵ ਬਿੰਦ ਅਤੇ ਕਈ ਹੋਰ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ ਹੈ।"

ਪ੍ਰਸ਼ਨ: ਤੁਹਾਡੀ ਪਹਿਲੀ ਫ਼ਿਲਮ ਕਿਹੜੀ ਸੀ ਅਤੇ ਕਿਸ ਕਿਰਦਾਰ ਵਿੱਚ ਤੁਸੀਂ ਭੂਮਿਕਾ ਨਿਭਾਈ?

ਉੱਤਰ: "ਮੇਰੀ ਪਹਿਲੀ ਪੰਜਾਬੀ ਫਿਲਮ "ਦ ਲੁਆਇਨ ਆਫ ਪੰਜਾਬ" ਜੋ ਦਿਲਜੀਤ ਦੁਸਾਂਝ ਨਾਲ ਆਈ ਸੀ। ਜਿਸ ਵਿਚ ਮੈਂ ਇੰਦਰਮੋਹਨ ਬੱਬਰ ਦਾ ਕਿਰਦਾਰ ਨਿਭਾਇਆ ਸੀ।"

ਪ੍ਰਸ਼ਨ: ਇਸ ਤੋ ਇਲਾਵਾ ਤੁਸੀਂ ਹੋਰ ਕਿਹੜੀਆਂ-ਕਿਹੜੀਆਂ ਫਿਲਮਾਂ ਜਾਂ ਟੀ.ਵੀ. ਸੀਰੀਜ਼ ਵਿੱਚ ਤੁਸੀਂ ਭੂਮਿਕਾ ਨਿਭਾਈ?

ਉੱਤਰ: ਮੇਰੀਆਂ ਪੰਜਾਬੀ ਦੀਆਂ ਫਿਲਮਾਂ –
"ਗੋਲਡ ਬਰੈਸਲੈਟ",
"ਖੁਸ਼ੀਆਂ",
"ਰਹੇ ਚੜ੍ਹਦੀ ਕਲਾ ਪੰਜਾਬ ਦੀ",
"ਹਾਈ ਵੇ ਫਾਈਵ"
ਅਤੇ ਇਸ ਤੋਂ ਇਲਾਵਾ ਵੈੱਬ ਸੀਰੀਜ਼ "ਐਡ ਦੇ ਔਕੂਪਾਇਡ ਮੀ" ਵਿੱਚ ਕੰਮ ਕੀਤਾ ਹੈ।"

ਪ੍ਰਸ਼ਨ: ਹੁਣ ਭਵਿੱਖ ਵਿੱਚ ਤੁਹਾਡੇ ਅਦਾਕਾਰੀ ਦੇ ਇਸ ਸਫ਼ਰ ਬਾਰੇ ਕੀ ਰੁਝੇਵੇ ਜਾਂ ਸ਼ੌਕ ਹਨ। ਜਿਨਾਂ ਰਾਹੀ ਤੁਸੀਂ ਹੋਰ ਪ੍ਰੋਜ਼ੈਕਟ ਵੀ ਲਿਆ ਰਹੇ ਹੋ?

ਉੱਤਰ: "ਮੈਂ ਅਮਰੀਕਾ ਤੋਂ ਵਾਪਸ ਪੰਜਾਬ ਆ ਕੇ ਫਿਲਮਾਂ ਕਰਨ ਦਾ ਮੰਨ ਬਣਾ ਲਿਆ। ਜਿਸ ਦਾ ਨਤੀਜਾ ਆਪ ਦੇ ਸਾਹਮਣੇ ਹੈ। ਹੁਣ ਮੇਰੀਆਂ ਬਹੁਤ ਸਾਰੀਆਂ ਫਿਲਮਾਂ ਜਿਨਾਂ ਵਿੱਚ ਮੈਂ ਬਤੌਰ ਐਕਟਰ ਕੰਮ ਕਰ ਚੁੱਕਿਆ ਹਾਂ ਤੇ ਜਲਦੀ ਰਿਲੀਜ਼ ਹੋਣ ਜਾ ਰਹੀਆਂ ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ ਤੇ ਬਣੀ ਫਿਲਮ "ਸਰਾਭਾ" ਜਿਸ ਵਿੱਚ ਮੈਂ ਸੁੱਚਾ ਸਿੰਘ ਜੇਲਰ ਦਾ ਕਿਰਦਾਰ ਨਿਭਾਇਆ ਅਤੇ ਸਹਾਇਕ ਨਿਰਦੇਸ਼ਕ ਵਜੋਂ ਕਵੀ ਰਾਜ ਹੁਰਾ ਨਾਲ ਕੰਮ ਕੀਤਾ ਹੈ। ਇਸ ਤੋਂ ਇਲਾਵਾ ਤੁਸੀਂ "ਪਿੰਡ ਅਮਰੀਕਾ", "ਸਰਾਭਾ", "ਮੌਜ਼ ਮਸਤੀਆਂ", "ਛਿੰਦਾ ਛਿੰਦਾ – ਨੋ ਪਾਪਾ" ਆਦਿਕ ਫਿਲਮਾਂ ਵਿੱਚ ਤੁਸੀਂ ਮੈਨੂੰ ਦੇਖੋਗੇ।"

ਪ੍ਰਸ਼ਨ: ਤੁਹਾਡੀ ਨਵੀਂ ਆ ਰਹੀ ਫਿਲਮ "ਪਿੰਡ ਅਮਰੀਕਾ" ਬਾਰੇ ਤੁਸੀਂ ਕੀ ਕਹਿਣਾ ਚਾਹੋਗੇ?

ਉੱਤਰ: "6 ਅਕਤੂਬਰ ਨੂੰ ਰਿਲੀਜ਼ ਹੋ ਰਹੀ ਫਿਲਮ "ਪਿੰਡ ਅਮਰੀਕਾ" ਵਿੱਚ ਮੈਨੂੰ ਬਿਸ਼ਨੇ ਦਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ। ਸਭ ਤੋ ਪਹਿਲਾਂ ਤਾਂ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਸਾਡੀ ਇਸ ਫਿਲਮ ਦੇ ਪ੍ਰੋਡਿਊਸਰ ਡਾ: ਹਰਚੰਦ ਸਿੰਘ ਯੂ.ਐਸ.ਏ. ਜੀ ਦਾ, ਜਿੰਨਾਂ ਨੇ ਇੰਨਾ ਵੱਡਾ ਉਪਰਾਲਾ ਕੀਤਾ ਤੇ ਸਾਡੀ ਜਿੰਦ ਜਾਨ ਸਾਡਾ ਪੰਜਾਬ। ਉਸ ਪੰਜਾਬ ਦੇ ਵਿਰਸੇ ਉੱਤੇ ਅਤੇ ਪੰਜਾਬੀਆ ਦੇ ਰਿਸ਼ਤਿਆ ਉੱਤੇ ਇਕ ਪਰਿਵਾਰਕ ਫਿਲਮ ਬਣਾਈ। ਫਿਲਮ ਦੀ ਸਾਰੀ ਟੀਮ ਨੂੰ ਢੇਰ ਸਾਰੀਆਂ ਵਧਾਈਆਂ ਜਿੰਨਾਂ ਨੇ ਫਿਲਮ ਦੇ ਉਸਾਰਨ ਵਿਚ ਯੋਗਦਾਨ ਪਾਇਆ।"

ਪ੍ਰਸ਼ਨ: ਇਸ ਫਿਲਮ ਦੇ ਡਾਇਰੈਕਟਰ ਕੌਣ ਹਨ ਅਤੇ ਇਸ ਵਿੱਚ ਤੁਹਾਡੀ ਚੋਣ ਕਿਵੇਂ ਹੋਈ?

ਉੱਤਰ: "ਫਿਲਮ ਦੇ ਡਾਇਰੈਕਟਰ ਸਿਮਰਨ ਸਿੰਘ ਜੀ ਆਪਣੀ ਫਿਲਮ ਦੇ ਕਿਰਦਾਰਾਂ ਦੀ ਦਿਖ ਤੇ ਅਦਾਕਾਰੀ ਨੂੰ ਲੈ ਕੇ ਬਹੁਤ ਹੀ ਗੰਭੀਰ ਸਨ। ਭਾਵੇ ਮੈਂ ਪਹਿਲਾਂ ਕਈ ਫਿਲਮਾਂ ਵਿੱਚ ਐਕਟਿੰਗ ਕਰ ਚੁੱਕਿਆ ਸੀ, ਪਰ ਬਿਸ਼ਨੇ ਦੇ ਕਿਰਦਾਰ ਲਈ ਮੈਨੂੰ ਬਾਕੀ ਅਦਾਕਾਰਾਂ ਵਾਂਗ ਆਡੀਸ਼ਨ ਦੇਣਾ ਪਿਆ। ਮੈਨੂੰ ਇਸ ਗੱਲ ਦੀ ਖੁਸ਼ੀ ਵੀ ਸੀ ਕਿ ਇੱਕ ਡਇਰੈਕਟਰ ਆਪਣੀ ਫਿਲਮ ਨਾਲ ਪੂਰਾ ਇਨਸਾਫ ਕਰ ਰਿਹਾ ਹੈ। ਮੇਰੇ ਲਈ ਬਹੁਤ ਖੁਸ਼ੀ ਦੀ ਗੱਲ ਹੈ ਕਿ ਮੈਂ ਇਸ ਫਿਲਮ ਦਾ ਇੱਕ ਹਿੱਸਾ ਬਣਿਆ ਹਾਂ ਅਤੇ ਆਪਣੀ ਜ਼ਿੰਮੇਵਾਰੀ ਨੂੰ ਜੀ ਜਾਨ ਨਾਲ ਨਿਭਾਅ ਸਕਿਆ ਹਾਂ। ਸੋ ਮੈਂ ਆਪਣੀ ਮਿਹਨਤ ਅਤੇ ਤੁਹਾਡੇ ਸਭ ਦੇ ਪਿਆਰ ਸਦਕਾ ਡਇਰੈਕਟਰ ਸਿਮਰਨ ਸਿੰਘ ਭਾਜੀ ਦੀ ਸੋਚ ਤੇ ਖਰਾ ਉਤਰਿਆ ਹਾਂ।"

ਪ੍ਰਸ਼ਨ: ਤੁਹਾਡੇ ਲਈ ਮੇਰਾ ਆਖਰੀ ਪ੍ਰਸ਼ਨ ਇਹ ਹੈ ਕਿ ਪੰਜਾਬੀ ਸਿਨੇਮਾ ਦੇ ਸਫਲ ਭਵਿੱਖ ਅਤੇ ਪੰਜਾਬੀ ਸੱਭਿਆਚਾਰਕ ਵਿਰਸੇ ਨੂੰ ਪੀੜੀ ਦਰ ਪੀੜੀ ਜਿਉਂਦਾ ਰੱਖਣ ਲਈ ਕੀ-ਕੀ ਉਪਰਾਲੇ ਕਰਨੇ ਚਾਹੀਦੇ ਹਨ?

ਉੱਤਰ: "ਆਪਾਂ ਸਾਰੇ ਇਸ ਤਰ੍ਹਾਂ ਦੀਆਂ ਪਰਿਵਾਰਿਕ, ਸਭਿਆਚਾਰਕ ਅਤੇ ਇਤਿਹਾਸਕ ਫਿਲਮਾਂ ਬਣਾਉਣ ਨੂੰ ਤਰਜੀਹ ਦਈਏ, ਜਿੰਨਾਂ ਰਾਹੀ ਆਪਣੀ ਅਗਲੀ ਪੀੜੀ ਨੂੰ ਸਾਡੀ ਵਿਰਾਸਤ ਬਾਰੇ ਪਤਾ ਲੱਗੇ। ਮੈਂ ਆਪ ਸਭ ਨੂੰ ਤਗੀਦ ਕਰਦਾ ਹਾਂ ਕੇ ਇਹੋ ਜਿਹੀਆਂ ਫਿਲਮਾਂ ਨੂੰ ਵੱਧ ਤੋ ਵੱਧ ਸੁਪੋਟ ਕਰੋ ਤਾਂ ਜੋ ਹੋਰ ਵੀ ਚੰਗੀਆਂ ਫਿਲਮਾਂ ਬਣ ਸਕਣ।"

ਮੈਂ ਉਮੀਦ ਕਰਦਾ ਹਾਂ ਕਿ ਮੇਰੀ ਫਿਲਮੀ ਅਦਾਕਾਰ, ਲੇਖਕ, ਗੀਤਕਾਰ ਅਤੇ ਫ਼ਿਲਮ ਨਿਰਦੇਸ਼ਕ ਮਲਕੀਅਤ ਮੀਤ ਨਾਲ ਹੋਈ ਗੱਲਬਾਤ ਤੁਹਾਨੂੰ ਜ਼ਰੂਰ ਚੰਗੀ ਲੱਗੇਗੀ। ਜਦ ਇਨਸਾਨ ਵਿੱਚ ਕੁਝ ਚੰਗਾ ਕਰਨ ਦਾ ਇਰਾਦਾ ਹੁੰਦਾ ਹੈ ਤਾਂ ਉਹ ਇੱਕ ਦਿਨ ਜ਼ਰੂਰ ਸਫਲ ਮੁਕਾਮ 'ਤੇ ਪਹੁੰਚ ਜਾਂਦਾ ਹੈ। ਸਾਡੇ ਵੱਲੋਂ ਮਲਕੀਅਤ ਮੀਤ ਦੇ ਸੁਨਹਿਰੇ ਭਵਿੱਖ ਲਈ ਢੇਰ ਸਾਰੀਆਂ ਦੁਆਵਾ ਅਤੇ ਅਤੇ ਹੌਸਲਾ ਅਫਜਾਈ।

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### 'ਪਿੰਡ ਅਮਰੀਕਾ' ਦੀਆਂ ਚਾਰ ਰਾਣੀਆਂ

ਨਿਰਦੇਸ਼ਕ ਸਿਮਰਨ ਸਿੰਘ ਹਰ ਪੀੜ੍ਹੀ ਦਾ ਨਿਰਦੇਸ਼ਕ ਬਣ ਸਾਹਮਣੇ 6 ਅਕਤੂਬਰ ਨੂੰ ਹਰਚੰਦ ਸਿੰਘ ਦੀ ਫ਼ਿਲਮ 'ਪਿੰਡ ਅਮਰੀਕਾ' ਨਾਲ ਆ ਰਿਹੈ। ਅਮਰੀਕਾ 'ਚ ਪਿੰਡ ਵਸਾ ਕਿ ਆਪਣੇ ਅਮੀਰ ਸੱਭਿਆਚਾਰ ਨੂੰ ਸਲਾਮ ਕਰ ਰਹੇ ਸਿਮਰਨ ਸਿੰਘ ਨੇ 'ਗਲੈਮਰ' ਤੇ ਆਕਰਸ਼ਣ ਨੂੰ ਵੀ ਫ਼ਿਲਮ 'ਚ ਪਹਿਲ ਦਿੱਤੀ ਏ ਤਾਂ ਜੋ ਜਵਾਨ ਦਰਸ਼ਕ ਵੀ ਅਨੰਦ ਲੈਣ। ਫੈਸ਼ਨ ਦੀ









ਸਟਾਰ ਪ੍ਰੀਟੀ ਰਾਏ ਤੇ ਸਦਾਬਹਾਰ ਅਮਰ ਨੂਰੀ ਦੇ ਨਾਲ ਹੁਸਨਪਰੀ ਰਹੀ ਕਮਲਜੀਤ ਨੀਰੂ ਤੇ ਪ੍ਰੀਤੋ ਸਾਹਨੀ ਦੇ ਆਕਰਸ਼ਣ ਨੂੰ ਦੇਖ ਮੁੱਲ ਮੁੜ ਜਾਣਗੇ। ਜੇ.ਸੀ. ਫ਼ਿਲਮ ਦਾ ਕੈਮਰਾਮੈਨ ਤੇ ਅਮਦਾਦ ਅਲੀ ਸੰਗੀਤਕਾਰ ਹੈ । ਰਹੋ ਰਾਣੀਆਂ ਦੇਖਣ ਨੂੰ ਤਿਆਰ ।

### ਗੁਰਜਿੰਦਰ ਸਿੰਘ ਪ੍ਰੋਗਰਾਮ ਪ੍ਰਬੰਧਕ 'ਅਖਾੜੇ' ਦਾ

ਬਹਾਦਪੁਰ ਰਜੋਆ ਦੇ ਜਵਾਨ ਗੁਰਜਿੰਦਰ ਸਿੰਘ ਨੂੰ ਸੁਰਿੰਦਰ ਲਾਡੀ, ਲਵਪ੍ਰੀਤ ਕੌਰ, ਦਿਆਲਪੁਰੀ ਤੇ ਬਬਲੀ ਬਰਾੜ ਨਾਲ ਕੋਰਸ ਗਾਇਕੀ ਨੇ ਅੱਜ ਸੰਗੀਤ ਖੇਤਰ 'ਚ 'ਪ੍ਰੋਗਰਾਮ ਮੈਨੇਜਰ' ਬਣਾ ਸਥਾਪਿਤ ਕੀਤਾ ਹੈ। ਵਣਪੀਰ ਦੇ ਅੰਤਰਰਾਸ਼ਟਰੀ ਚੈਲ 'ਨਗਾਰਾ' ਲਈ 'ਅਖਾੜਾ' ਨੂੰ ਉਸ ਦੀ ਪ੍ਰਬੰਧ ਪ੍ਰਣਾਲੀ ਹੇਠ ਫ਼ਿਲਮਾਇਆ ਗਿਆ। ਗੁਰਜਿੰਦਰ ਸਿੰਘ ਹੁਣ ਕੋਰਸ ਗਾਉਂਦਾ, ਪ੍ਰੋਗਰਾਮ ਮੈਨੇਜਰ ਬਣ ਆ ਰਹੇ ਸਮੇਂ 'ਚ ਗਾਇਕ ਤੇ ਨਾਇਕ ਬਣਨ ਦੇ ਰਾਹ ਪਿਆ ਹੈ।

### ਯੋਗਰਾਜ ਸਿੰਘ 'ਰੋਲ ਮਾਡਲ' ਜਵਾਨਾਂ ਦਾ

ਕ੍ਰਿਕਟਰ ਅੰਤਰਰਾਸ਼ਟਰੀ, ਪੁੱਤ ਯੁਵਰਾਜ ਸਿੰਘ ਸਿਕਸਰ ਕਿੰਗ ਤੇ ਨਾਲ ਹੀ ਯੋਗਰਾਜ ਸਿੰਘ ਧਰਮ-ਕਰਮ, ਐਕਟਿੰਗ, ਖੇਡ 'ਚ ਸਰਗਰਮ ਜਿਵੇਂ ਚੜ੍ਹਦੀ ਜਵਾਨੀ 'ਚ ਹੋਏ।



'ਰਾਜਧਾਨੀ' ਨਵੀਂ ਫ਼ਿਲਮ ਕਰ ਰਹੇ ਯੋਗਰਾਜ ਸਿੰਘ ਨੂੰ ਖੇਡ ਮੈਦਾਨ 'ਚ ਟੈਨਿਸ ਸਟਾਰ ਐਮੀ ਤੇ ਅਲਵੀਰਾ ਸਿੰਘ ਨੂੰ 'ਖੇਡੋ ਤੇ ਜਿੱਤੋ' ਦਾ ਅਸ਼ੀਰਵਾਦ ਦਿੰਦੇ ਦੇਖ ਲੱਗਿਆ ਕਿ ਯੋਗਰਾਜ ਸਿੰਘ ਜਵਾਨਾਂ ਦਾ ਰੋਲ ਮਾਡਲ ਹੈ।

### ਕੰਵਲਜੀਤ ਮਾਨਾਂਵਾਲਾ ਤੇ ਮਨਮੋਹਣ ਵਾਰਿਸ ਦੀ ਯਾਦ

ਮਨਮੋਹਣ ਵਾਰਿਸ ਦੇ ਪਿੰਡ ਹੱਲੂਵਾਲ ਵਿਖੇ ਜਲੰਧਰ ਟੀ.ਵੀ. ਲਈ ਤਿਆਰ 'ਅਖਾੜਾ' ਅੱਜ ਵੀ ਡੀ.ਡੀ. ਪੰਜਾਬੀ ਤੇ ਆ ਕਿ ਨਜ਼ਾਰਾ ਲਿਆਂਦਾ ਏ ਕੰਵਲਜੀਤ ਮਾਨਾਂਵਾਲਾ



ਦੇ ਮਿੱਠੇ ਬੋਲਾਂ ਦਾ ਵਾਰਿਸ ਦੀ ਗਾਇਕੀ ਦਾ ਤੇ ਵਾਰਿਸ ਕਹਿੰਦੇ ਨੇ ਕਿ ਘਰ ਦੀ ਲਾਇਬਰੇਰੀ 'ਚ ਇਸ ਅਖਾੜੇ ਦੀ ਸੀ.ਡੀ. ਉਹਨਾਂ ਰੱਖੀ ਹੈ ਕਿਉਂਕਿ ਇਹ ਵਿਰਸੇ ਤੇ ਵਿਰਾਸਤ ਦੀ ਸੰਭਾਲ ਹੈ।

### ਦੀਪਾ ਮਰੋਕ 'ਪਿੰਡ ਅਮਰੀਕਾ' ਲਈ ਬੋਲੀ

ਸ੍ਰੀਮਤੀ ਯੂਨੀਵਰਸ ਕੋਰੀਆ ਦੀ ਰਹੀ ਦੀਪਾ ਮਰੋਕ ਵੱਡੀ ਹਸਤੀ ਹੈ ਨੇ ਨਿਰੇਸ਼ਨ ਸਿਮਰਨ ਸਿੰਘ ਦੀ 'ਪਿੰਡ ਅਮਰੀਕਾ' ਫ਼ਿਲਮ ਨੂੰ ਪ੍ਰਵਾਸੀ ਭਾਰਤੀਆਂ ਦੀ ਯਾਦਗਾਰੀ ਫ਼ਿਲਮ ਕਿਹਾ ਹੈ। ਮਾਡਲ ਸਾਥਣਾਂ ਦੇ ਨਾਲ ਦੀਪਾ ਨੇ ਫ਼ਿਲਮ ਲਈ ਪ੍ਰਚਾਰ ਕੀਤਾ ਤੇ ਆਪਣੇ ਸ਼ੋਸਲ ਮੀਡੀਆ ਤੇ ਵੀ ਦੀਪਾ ਨੇ ਕਿਹਾ ਕਿ 'ਪਿੰਡ ਅਮਰੀਕਾ' ਕਾਫੀ ਐਵਾਰਡ ਲਏਗੀ ।

### ਪੰਮਾ ਮੱਲ੍ਹੀ ਕਹਿੰਦਾ 'ਨਸ਼ੇ ਭਜਾਉ ਪੰਜਾਬ ਬਚਾਉ'

ਪਹਿਲਾਂ ਆਪਣੀ ਗਾਇਕੀ ਨਾਲ 'ਕਰੋਨਾ ਭਜਾਉ' ਦਾ ਸੁਨੇਹਾ ਦਿੱਤਾ ਸੀ ਪੰਮਾ ਮੱਲ੍ਹੀ ਨੇ ਤੇ ਹੁਣ ਪੰਜਾਬ ਨਸ਼ਾ ਮੁਕਤ ਹੋਏ 'ਨਵਾਂ ਗੀਤ' ਉਸ ਤਿਆਰ ਕੀਤਾ ਹੈ । ਮਾਹਿਲਪੁਰ ਦੀਆਂ ਸਮਾਜਿਕ ਸੰਸਥਾਵਾਂ ਪੰਮਾ ਮੱਲ੍ਹੀ ਦੇ 'ਨਸ਼ਾ ਭਜਾਉ' ਗੀਤ ਨੂੰ ਆਪਣੀ ਯੂ.ਟਿਊਬ ਸਾਰਟ ਫ਼ਿਲਮ 'ਚ ਸ਼ਾਮਿਲ ਕਰਨ ਜਾ ਰਹੀਆਂ ਹਨ।

## ਫੈਸ਼ਨ ਮਾਡਲ ਨੂੰ ਵਿਦੇਸ਼ੀਂ ਜਾਣਦੇ ਸਨ, ਦੇਸੀ ਨਹੀਂ, ਇਸ ਲਈ ਫ਼ਿਲਮਾਂ ਸ਼ੁਰੂ ਕੀਤੀਆਂ ਨੇ-ਪਰੈਟੀ ਰਾਏ

ਕੱਦ ਜਿਵੇਂ ਕੁੜੀਆਂ ਗਾਉਂਦੀਆਂ ਸਨ ਸਰੂ ਦਾ ਬੂਟਾ ਤੇ ਰੰਗ ਦੁੱਧ ਮੱਖਣਾਂ ਦੀ ਪਲੀ ਕੁੜੀ ਹੀਰ ਵਰਗੀ ਚਿੱਟੀ ਲੱਗੇ ਮੇਮ ਪਰ ਹੈ ਪੰਜਾਬਣ ਸਰਦਾਰਨੀ ਤੇ ਨਾਮ ਪਰੈਟੀ ਰਾਏ ਤੇ ਕਿੱਤਾ ਫੈਸ਼ਨ ਮਾਡਲ, ਰਹਿੰਦੀ ਵਿੱਚ ਅਮਰੀਕਾ ਤੇ ਕਦੇ ਕਨੇਡਾ। ਫੇਸਬੁੱਕ ਤੇ ਦੇਖੀ ਜੀ ਕਰੇ ਦੇਖੀ ਜਾਵਾਂ ਕਯੋਂ ਕਿ ਜਿਸਮ ਬਲੌਰੀ ਦੀ ਝਲਕ ਤਸਵੀਰ ਦੇਵੇ ਉਂਜ ਦੇਖਦੇ ਤਾਂ ਕਤਲ ਹੋ ਜਾਂਦੇ ਵਾਲੀ ਗੱਲ। ਸਿਮਰਨ ਸਿੰਘ ਯੂ



ਐਸ ਏ ਫਿਲਮ ਨਿਰਦੇਸ਼ਕ ਨੇ ਅਗਲੇ ਮਹੀਨੇ ਓਹ "ਪਿੰਡ ਅਮਰੀਕਾ" ਫਿਲਮ ਲਿਆ ਰਹੇ ਨੇ ਤੇ ਉਸ ਦੀ ਪਾਰਟੀ ਵਿੱਚ ਪਰੈਟੀ ਰਾਏ ਤੇ ਅੱਖਾਂ ਟਿਕ ਗਈਆਂ ਤੇ ਗੱਲਾਂ ਦੀ ਜਿਹੜੀ ਮਸ਼ੀਨ ਲਗਾਤਾਰ ਚਲੀ ਓਸ ਨੇ ਨਿਚੋੜ ਕੱਢ ਦਿੱਤਾ ਕਿ ਰੱਬ ਨੇ ਪਹਿਲਾਂ ਹੀ ਵੇਹਲੇ ਬੈਠ ਬਣਾਈ ਸੀ, ਪੜ੍ਹਾਈ ਦੌਰਾਨ ਹੀ ਕਲਾ ਸਰਗਰਮੀਆਂ ਸ਼ੁਰੂ ਹੋਈਆਂ ਤੇ ਫਿਰ ਜਵਾਨੀ ਦੀ ਠਾਠ ਵੱਜੀ ਤਾਂ ਪਰੈਟੀ ਦੇ ਹੁਸਨ ਮੂਹਰੇ ਫੈਸ਼ਨ ਨਗਰੀ ਝੁਕ ਗਈ। ਓਹ ਫੈਸ਼ਨ ਮਾਡਲ ਬਣ ਗਈ। ਗੋਰੇ ਜਾਣ ਗਏ ਤੇ ਮੁੰਬਈ ਤੋ ਸ਼ਾਹਰੁਖ ਖ਼ਾਨ ਹੋਰੀ ਜਦ ਵਿਦੇਸ਼ ਆਏ ਸਟੇਜ ਤੇ ਪਰੈਟੀ ਨੇ ਵੀ ਅਦਾਇਗੀ ਦਿੱਤੀ। ਇਸ ਦੇ ਬਾਵਜੂਦ ਓਸ ਮਹਿਸੂਸ ਕੀਤਾ ਕਿ ਆਪਣੇ ਇਹੀ ਸਮਝਦੇ ਨੇ ਕੁੜੀ ਸੋਹਣੀ ਏ ਪਰ ਕੀ ਕਰਦੀ ਪਤਾ ਨਹੀਂ ਹੈ? ਫਿਰ ਰਾਜ ਸੰਧੂ ਜਿਹੜੇ ਐਕਟਰ ਨੇ ਵਿੱਕੀ ਕੌਸ਼ਲ ਦੇ ਅਭਿਨੈ ਗੁਰੂ ਨੇ ਪਰੈਟੀ ਦੇ ਕੈਰੀਅਰ ਵਿੱਚ ਟੂਰਨਿੰਗ ਪੁਆਇੰਟ ਲਿਆਂਦਾ ਤੇ ਡਾਕਟਰ ਹਰਚੰਦ ਸਿੰਘ ਦੀ ਫਿਲਮ "ਪਿੰਡ ਅਮਰੀਕਾ"ਦਿਵਾ ਦਿੱਤੀ। ਨਿਰਦੇਸ਼ਕ ਸਿਮਰਨ ਸਿੰਘ ਨੇ ਓਸ ਤੋਂ ਕੰਮ ਓਸ ਦੇ ਅਨੁਕੂਲ ਕਰਵਾ ਲਿਆ।ਅੱਜ ਹਰ ਪਾਰਟੀ ਤੇ ਫਿਲਮ ਦੇ ਪਰਚਾਰ ਤੇ ਓਹ ਨਾਲ ਹੈ ਤੇ ਲੋਕਾਂ ਨੂੰ ਮਲੂਮ ਹੀ ਹੋ ਰਿਹਾ ਏ ਕਿ ਪਰੈਟੀ ਐਕਟ੍ਰੈਸ ਬਣ ਗਈ ਹੈ। ਆਖਦੀ ਏ ਕਿ ਪ੍ਰੀਤੋ ਸਾਹਨੀ ਜੀ, ਕਮਲਜੀਤ ਨੀਰੂ ਤੇ ਅਮਰ ਨੂਰੀ ਨੇ ਓਸ ਨੂੰ ਪੂਰਾ ਸਹਿਯੋਗ ਦਿੱਤਾ ਹੈ।ਭਿੰਦਾ ਔਜਲਾ, ਅਸ਼ੋਕ ਟਾਂਗਰੀ, ਰਾਜ ਸੰਧੂ ਸਾਰੇ ਓਸ ਨੂੰ ਉਤਸ਼ਾਹ ਦਿੰਦੇ ਰਹੇ ਹਨ। ਹੁਣ ਰਲੀਜ਼ ਵੀ ਮਨੀਸ਼ ਸਾਹਨੀ ਜਿਹਾ ਦਿੱਗਜ ਕਰ ਰਿਹਾ। ਹੁਣ ਇਹ ਫਿਲਮ ਓਸ ਨੂੰ ਫਿਲਮੀ ਰਾਹ ਤੇ ਲਿਆਈ ਏ ਅੱਗੇ ਕੰਡੇ ਚੁਗ ਫੁੱਲਾਂ ਵਾਲੀ ਸੇਜ ਓਸ ਆਪ ਲਭਨੀ ਹੈ। ਉਮੀਦ ਐ ਕਿ ਪਰੈਟੀ ਰਾਏ "ਪਿੰਡ ਅਮਰੀਕਾ" ਜਿਹੀ ਪਰਿਵਾਰਕ, ਸੰਗੀਤਕ ਤੇ ਸੱਭਿਆਚਾਰਕ ਫਿਲਮ ਨਾਲ ਲੋਕਾਂ ਦੀ ਹਰਮਨ ਪਿਆਰੀ ਅਭਿਨੇਤਰੀ ਬਣੇਗੀ।

**ਤਰਤੀਬ ਤੇ ਪੇਸ਼ਕਸ਼- ਅੰਮ੍ਰਿਤ ਪਵਾਰ**

## ਕਾਵਿ ਵਿਅੰਗ/ ਆਪ ਤੇ ਨਸ਼ਾ

ਸਾਲ ਤੋਂ ਵੀ ਉੱਤੇ ਹੋ ਗਿਆ 'ਆਪ' ਜੀ ਆਇਆਂ ਨੂੰ,
ਚਿੱਟਾ ਤਾਂ ਹੈ ਹੁਣ ਸਗੋਂ ਹਰ ਪਿੰਡ ਵਿੱਚ ਵਿਕਦਾ

ਆਉਣ ਤੋਂ ਪਹਿਲਾਂ 'ਆਪ' ਜੀ ਨੇ ਦਿੱਤੀ ਸੀ ਗਰੰਟੀ,
ਇਹ ਤਾਂ ਸਾਡਾ ਕੰਮ ਸਾਰਾ ਹਫਤੇ ਹੈ ਇੱਕ ਦਾ

ਕਾਂਗਰਸ ਤੇ ਕਾਲੀਆਂ ਤੇ ਦੋਸ਼ 'ਆਪ' ਲਾਉਂਦੇ ਸੀ,
ਇਹਨਾਂ ਵਿੱਚੋਂ ਕੋਈ ਵੀ ਨੀ ਵਾਅਦੇ ਉੱਤੇ ਟਿਕਦਾ

ਪਹਿਲਿਆਂ ਦੇ ਵਾਅਦੇ ਸਨ, 'ਆਪ' ਦੀਆਂ ਗਰੰਟੀਆਂ,
ਚੋਣਾਂ ਵੇਲੇ ਆਖਦੇ ਸੀ ਜ਼ੋਰ ਲਾ ਕੇ ਹਿੱਕ ਦਾ

ਲਾਰੇ-ਲੂਰੇ ਲਾ ਕੇ ਹੁਣ ਸਰਕਾਰ ਲਿਆਓ ਆਪਣੀ,
ਬੱਸ ਹੁੰਦਾ ਹੈ ਨਿਸ਼ਾਨਾ ਇੱਕੋ ਪਾਰਟੀ ਹਰਿੱਕ ਦਾ

ਭਲੂਰੀਆ ਆਖੇ 'ਆਪ' ਭੁੱਲ ਗਏ ਹੋ ਕੌੜਾ ਸੱਚ,
ਸਿਆਸਤ ਦੀ ਖੇਡ ਵਿੱਚ ਕੋਈ ਸਦਾ ਨਹੀਂ ਟਿਕਦਾ।

**– ਜਸਵੀਰ ਸਿੰਘ ਭਲੂਰੀਆ +1-236-888-5456**

## ਕਾਵਿ ਵਿਅੰਗ/ ਜੀ-ਟਵੰਟੀਆਂ ਦਾ ਲਾਭ?



ਲੱਗਾ ਫਿਕਰ ਹੈ ਹੁਣੇ ਈ ਲੀਡਰਾਂ ਨੂੰ
ਨਵੇਂ ਸਾਲ ਵਿੱਚ ਚੌਵੀ ਦੀ ਚੋਣ ਵਾਲ਼ਾ।

ਉੱਪ-ਚੋਣਾ ਵਿੱਚ ਦੇਖ ਕੇ ਹਾਰ ਹੋ ਗਈ
'ਐਨ.ਡੀ.ਏ' ਤਾਂ ਹੋ ਗਿਆ ਰੋਣ ਵਾਲ਼ਾ।

ਸੱਤਾ ਪੱਖ ਦੇ 'ਗੁੱਝੇ ਜਿਹੇ' ਦੇਖ ਕਾਰੇ
ਪਤਾ ਲੱਗੇ ਨਾ ਕੀ ਕੁੱਝ ਏ ਹੋਣ ਵਾਲ਼ਾ।

ਜੋਅ ਬਾਈਡਨ ਨੇ ਦੇ'ਤਾ ਬਿਆਨ ਐਸਾ
'ਵਿਸ਼ਵ ਗੁਰੂ' ਦੀ ਟੌਹਰ ਨੂੰ ਧੋਣ ਵਾਲ਼ਾ।

ਸੋਚਾਂ ਵਿੱਚ ਹੀ ਪਾਏ ਨੇ ਬਹੁਤ ਲੋਕੀ
ਖਤਰੇ ਵਾਲ਼ੀਆਂ ਵੱਜਦੀਆਂ ਘੰਟੀਆਂ ਨੇ।

ਆਮ ਲੋਕਾਂ ਦਾ ਇਨ੍ਹਾਂ ਕੀ ਸੁਆਰ ਦੇਣਾ
'ਚੰਦਰ-ਯਾਨ' ਤੇ 'ਜੀ-ਟਵੰਟੀਆਂ' ਨੇ !

**–ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

## ਮਿੰਨੀ ਕਹਾਣੀ ਢੀਠ

ਚੁਰਚਰੀ ਪਾਲੋ ਨੂੰ ਸਾਰੇ ਮੁਹੱਲੇ 'ਚ ਮੋਮੋ-ਠੱਗਣੀ ਕਰਕੇ ਜਾਣਦੇ ਸੀ।ਰਸਤੇ'ਚ ਜਾਂਦੇ ਹਰੇਕ ਨੂੰ ਰੋਕ ਕੇ ਮਤਾਂ ਦੇਣੀਆਂ ਉਸ ਦੀ ਫਿਤਰਤ ਸੀ। ਉਹ ਆਲੇ ਦੁਆਲੇ ਦੇ ਘਰਾਂ 'ਚ ਇੱਕ ਦੂਜੇ ਦੀਆਂ ਗੱਲਾਂ ਕਰਕੇ ਪੁਆੜੇ ਪਾਉਣ 'ਚ ਮਾਹਿਰ ਸੀ। ਪੰਚਾਇਤ ਚੋਣਾਂ 'ਚ ਮੁਹੱਲੇ ਦੀ ਸੇਵਾ ਕਰਨ ਲਈ ਮੈਂਬਰੀ ਲਈ ਖੜ੍ਹ ਗਈ। ਮੁਹੱਲੇ ਦੀ ਛੱਡੋ ਉਹ ਆਪਣੇ ਘਰ ਮੂਹਰਲੇ ਖਾਲੀ ਪਲਾਟ 'ਚ ਖੜ੍ਹੇ ਤੂਤ ਦੇ ਪੱਤੇ ਵੀ ਸਾਫ ਕਰਨ 'ਚ ਹੇਠੀ ਸਮਝਦੀ, ਸਾਹਮਣੇ ਇੱਕਠੇ ਕਰ ਕਰ ਹੋਲੀ ਹੋਲੀ ਢੇਰੀ ਬਣਾ ਦਿੰਦੀ ਪਰ ਦੂਜੇ ਪਾਸੇ ਤੂਤ ਦੀ ਛਾਂ ਹੇਠਾਂ ਆਪਣੇ ਵਹੀਕਲ ਖੜ੍ਹਾਉਣ ਨੂੰ ਆਪਣਾ ਹੱਕ ਸਮਝਦੀ। ਉਹ ਉਂਝ ਸੁਖਮਨੀ ਸੇਵਾ ਸੋਸਾਇਟੀ ਦੀ ਅਹੁਦੇਦਾਰ ਵੀ ਬਣੀ ਹੋਈ ਸੀ।ਬੀਬੀਆਂ ਦੇ ਜੱਥੇ ਨਾਲ ਪਾਠ ਕਰਨ 'ਚ ਮੋਹਰੀ ਰਹਿੰਦੀ। ਘਰੇ ਉਸ ਨੇ ਭਾਵੇਂ ਬਿਊਟੀ ਪਾਰਲਰ ਵੀ ਖੋਲ੍ਹ ਰੱਖਿਆ ਸੀ। ਉਸ ਦਾ ਪਤੀ ਵੀ ਸਥਾਨਕ ਗੁਰਦੁਆਰਾ ਕਮੇਟੀ ਦਾ ਮੈਂਬਰ ਸੀ। ਵੋਟਾਂ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਉਸ ਦਾ ਪਤੀ ਬੋਤਲਾਂ ਡੱਬ 'ਚ ਲਾ ਕੇ ਪੀਣ ਵਾਲਿਆਂ ਦੇ ਘਰ ਵੰਡ ਰਿਹਾ ਸੀ। ਪਰ ਵੋਟਾਂ ਪੈਣ ਤੇ ਨਤੀਜਾ ਪਾਲੋ ਦੇ ਹੱਕ 'ਚ ਨਾ ਆਇਆ।ਉਹ ਝੱਗ ਵਾਂਗ ਬੈਠਣ ਦੀ ਥਾਂ ਜਿੱਤੀ ਵਾਂਗ ਆਪਣੀ ਪਾਰਟੀ ਦੇ ਜਿੱਤੇ ਸਰਪੰਚ ਨਾਲ ਜਲੂਸ 'ਚ ਮੂਹਰੇ ਹੋ ਕੇ ਚਾਂਗੜਾ ਮਾਰ ਰਹੀ ਸੀ।ਗੁਰਦੁਆਰਾ ਸਾਹਿਬ ਜਿੱਤੀ ਪੰਚਾਇਤ ਦੇ ਮੈਂਬਰਾਂ ਨੂੰ ਸਿਰੋਪੇ ਪਾਏ ਗਏ ਤਾਂ ਐਨੀ ਢੀਠ ਦੇਖੀ ਬਿਨ੍ਹਾਂ ਕਹੇ ਆਪਣੀ ਜਿੱਤੀ ਪਾਰਟੀ ਦੇ ਮੈਂਬਰਾਂ ਨਾਲ ਆਪ ਵੀ ਉੱਠ ਕੇ ਸਿਰੋਪਾ ਪੁਵਾ ਲਿਆ।

**– ਮੇਜਰ ਸਿੰਘ ਨਾਭਾ**

## "ਇੱਕ ਦੇਸ਼ ਵਿੱਚ ਇੱਕ ਚੋਣ"



"ਇੱਕ ਦੇਸ਼ ਵਿੱਚ ਇੱਕ ਚੋਣ",
ਉਤੇ ਲਾਇਆ 'ਮੋਦੀ' ਨੇ ਜ਼ੋਰ।

ਜਿਵੇਂ ਇਹੋ ਮਸਲਾ ਰਹਿ ਗਿਆ,
ਹੱਲ ਕਰ ਲਏ ਸਾਰੇ ਹੋਰ।

ਇਸ ਦੇਸ਼ ਵਿੱਚ ਇੱਕੋ ਸਿੱਖਿਆ,
ਸਭ ਲਈ ਇਕੋ ਕਰੋ ਇਲਾਜ਼।

ਬਰਾਬਰ ਸਭ ਨੂੰ ਦੇਕੇ ਮੌਕੇ,
ਪਹਿਲਾਂ ਖੋਹਲੋ ਸਭ ਦੇ ਭਾਗ।

ਖ਼ਤਮ ਕਰੋ ਭੁੱਖਮਰੀ,ਨਸ਼ਾ,ਬੇਰੁਜ਼ਗਾਰੀ।
ਸੁੱਖ ਸਹੂਲਤਾਂ ਮਾਣੇ ਇਥੇ ਖ਼ਲਕਤ ਸਾਰੀ।

ਫਿਰ ਕਰ ਲਿਓ ਇਕ ਦੇਸ਼,ਇਕ ਚੋਣ ਦੀ ਗੱਲ।
ਜੋ ਸਰਕਾਰ ਛੇਤੀ ਟੁੱਟ ਗਈ,ਉਹਦਾ ਦੱਸਿਓ ਹੱਲ ?

**– ਮੇਜਰ ਸਿੰਘ ਬੁਢਲਾਡਾ** 94176 42327

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust